
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 9 ISSUE - 31
November 11, 2020
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਸਾਰੇ ਅਮਰੀਕੀਆਂ ਨੂੰ ਨਾਲ ਲੈ ਕੇ ਚੱਲਾਂਗੇ- ਜੋਅ ਬਾਇਡਨ



**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਰਾਸ਼ਟਰਪਤੀ ਚੁਣੇ ਜਾਣ ਪਿੱਛੋਂ ਜੋਅ ਬਾਇਡਨ ਨੇ ਪੂਰੇ ਅਮਰੀਕਾ ਨੂੰ ਨਾਲ ਲੈ ਕੇ ਚੱਲਣ ਦਾ ਸੰਦੇਸ਼ ਦਿੱਤਾ। ਨਵੀਂ ਚੁਣੀ ਉਪ ਰਾਸ਼ਟਰ-ਪਤੀ ਕਮਲਾ ਹੈਰਿਸ ਨਾਲ ਮੰਚ ’ਤੇ ਮੌਜੂਦ ਬਾਇਡਨ ਨੇ ਕਿਹਾ ਕਿ ਇਹ ਜ਼ਖ਼ਮਾਂ ਨੂੰ ਭਰਨ ਦਾ ਸਮਾਂ ਹੈ। ਉਨ੍ਹਾਂ ਆਪਸੀ ਕੜਵਾਹਟ ਖ਼ਤਮ ਕਰਨ, ਦੇਸ਼ ਨੂੰ ਇਕਜੁੱਟ ਕਰਨ, ਸਭ ਦਾ ਰਾਸ਼ਟਰਪਤੀ ਵਰਗੀਆਂ ਗੱਲਾਂ ’ਤੇ ਜ਼ੋਰ ਦਿੱਤਾ ਹੈ। ਦੱਸਣਯੋਗ ਹੈ ਕਿ ਅਜੇ ਤਕ ਬਾਇਡਨ ਦੇ ਰਾਸ਼ਟਰਪਤੀ ਚੁਣੇ ਜਾਣ ਦਾ ਰਸਮੀ ਤੌਰ ’ਤੇ ਐਲਾਨ ਨਹੀਂ ਕੀਤਾ ਗਿਆ ਹੈ। ਅਮਰੀਕਾ ਦੇ 46ਵੇਂ ਰਾਸ਼ਟਰਪਤੀ ਬਣਨ ਜਾ ਰਹੇ ਜੋਅ ਬਾਇਡਨ ਨੇ ਕਿਹਾ ਕਿ ਇਸ ਦੇਸ਼ ਦੀ ਜਨਤਾ ਨੇ ਜਵਾਬ ਦੇ ਦਿੱਤਾ ਹੈ। ਉਨ੍ਹਾਂ ਨੇ ਸਾਨੂੰ ਇਕ ਸਾਫ਼ ਜਿੱਤ ਦਿੱਤੀ ਹੈ, ਇਕ ਸੰਤੁਸ਼ਟੀਪੂਰਨ ਜਿੱਤ ਦਿੱਤੀ ਹੈ। ਅਸੀਂ ਸਾਫ ਦੇਖ ਸਕਦੇ ਹਾਂ ਕਿ ਅਮਰੀਕਾ ਦੇ ਲੋਕਾਂ ਵਿਚ ਅਤੇ ਦੁਨੀਆ ਭਰ ਵਿਚ ਕਿਸ ਤਰ੍ਹਾਂ ਖ਼ੁਸ਼ੀ ਦੀ ਲਹਿਰ ਹੈ। ਉਨ੍ਹਾਂ ਅੱਗੇ ਕਿਹਾ ਕਿ ਮੈਂ ਅਮਰੀਕਾ ਨੂੰ ਰੈੱਡ-ਬਲੂ ਨਹੀਂ ਯੂਨਾਈਟਿਡ ਸਟੇਟ ਦੀ ਤਰ੍ਹਾਂ ਦੇਖਾਂਗਾ। ਮੈਂ ਅਜਿਹਾ ਰਾਸ਼ਟਰਪਤੀ ਬਣਾਂਗਾ ਜੋ ਲੋਕਾਂ ਨੂੰ ਵੰਡਣ ਨਹੀਂ ਜੋੜਨ ਦਾ ਕੰਮ ਕਰੇਗਾ। ਜੋ ਰੈੱਡ ਸਟੇਟ ਜਾਂ ਬਲੂ ਸਟੇਟ ਦੀ ਤਰ੍ਹਾਂ ਨਹੀਂ ਸਗੋਂ ਯੂਨਾਈਟਿਡ ਸਟੇਟਸ ਆਫ ਅਮਰੀਕਾ ਦੀ ਤਰ੍ਹਾਂ ਦੇਖੇਗਾ। ਉਨ੍ਹਾਂ ਆਪਣੇ ਭਾਸ਼ਣ ਵਿਚ ਡੋਨਾਲਡ ਟਰੰਪ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਮੈਂ ਸਮਝ ਸਕਦਾ ਹਾਂ ਕਿ ਡੋਨਾਲਡ ਟਰੰਪ ਸਮਰਥਕ ਕਿਸ ਤਰ੍ਹਾਂ ਨਿਰਾਸ਼ ਹੋਏ ਹਨ, ਮੈਂ ਵੀ ਕਈ ਵਾਰ ਹੋਇਆ ਹਾਂ ਪ੍ਰੰਤੂ ਸਾਨੂੰ ਇਕ-ਦੂਜੇ ਨੂੰ ਇਕ ਮੌਕਾ ਦੇਣਾ ਚਾਹੀਦਾ ਹੈ। ਆਪਸੀ ਗਰਮਾਗਰਮੀ ਨੂੰ ਘੱਟ ਕਰ ਕੇ ਇਕੱਠੇ ਕੰਮ ਕਰਨਾ ਚਾਹੀਦਾ ਹੈ। ਅਸੀਂ ਵਿਰੋਧੀ ਹਾਂ, ਦੁਸ਼ਮਣ ਨਹੀਂ।

## ਅਮਰੀਕੀ ਇਤਿਹਾਸ ਦਾ ਨਵਾਂ ਅਧਿਆਏ ਲਿਖਾਂਗੇ- ਕਮਲਾ ਹੈਰਿਸ



**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੀ ਨਵੀਂ ਚੁਣੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਕਿ ਉਹ ਅਤੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਅਮ-ਰੀਕਾ ਦੇ ਇਤਿਹਾਸ ਦਾ ਇਕ ਨਵਾਂ ਅਧਿਆਏ ਲਿਖਣ ਨੂੰ ਤਿਆਰ ਹਨ। ਇਸ ਦੀ ਸ਼ੁਰੂਆਤ ਉਹ ਕੰਮਕਾਜੀ ਪਰਿਵਾਰਾਂ ਨੂੰ ਲਾਭ ਪਹੁੰਚਾਉਣ ਵਾਲੇ ਅਰਥਚਾਰੇ ਦਾ ਨਿਰਮਾਣ ਕਰਨ ਦੇ ਨਾਲ ਕਰਨਗੇ। ਬਾਇਡਨ ਦੀ ਟੀਮ ਵੱਲੋਂ ਐਤਵਾਰ ਨੂੰ ਵੈੱਬਸਾਈਟ ’ਤੇ ਜਾਰੀ ਸੂਚੀ ਵਿਚ ਕੋਰੋਨਾ ਮਹਾਮਾਰੀ ਨਾਲ ਨਿਪਟਣਾ, ਅਰਥਚਾਰੇ ਨੂੰ ਬਿਹਤਰ ਕਰਨਾ, ਨਸਲੀ ਸਮਾਨਤਾ ਅਤੇ ਜਲਵਾਯੂ ਪਰਿਵਰਤਨ ਵਰਗੇ ਮੁੱਦੇ ਉਨ੍ਹਾਂ ਦੀਆਂ ਪਹਿਲੀਆਂ ਚਾਰ ਤਰਜੀਹਾਂ ਵਿਚੋਂ ਸ਼ਾਮਲ ਹਨ। ਹੈਰਿਸ ਨੇ ਸੋਮਵਾਰ ਨੂੰ ਟਵੀਟ ਕੀਤਾ ਕਿ ਬਾਇਡਨ ਅਤੇ ਮੈਂ ਰਾਸ਼ਟਰ ਦੇ ਇਤਿਹਾਸ ਦਾ ਇਕ ਹੋਰ ਨਵਾਂ ਅਧਿਆਏ ਲਿਖਣ ਨੂੰ ਤਿਆਰ ਹਾਂ। ਬਾਇਡਨ-ਹੈਰਿਸ ਪ੍ਰਸ਼ਾਸਨ ਦੀਆਂ ਤਰਜੀਹਾਂ ਦੀ ਸੂਚੀ ਜਾਰੀ ਕਰਦੇ ਹੋਏ ਉਨ੍ਹਾਂ ਕਿਹਾ ਕਿ ਪਹਿਲੇ ਦਿਨ ਤੋਂ ਅਸੀਂ ਕੰਮਕਾਜੀ ਪਰਿਵਾਰਾਂ ਨੂੰ ਲਾਭ ਪਹੁੰਚਾਉਣ ਵਾਲੇ ਅਰਥਚਾਰੇ ਦਾ ਨਿਰਮਾਣ ਕਰਾਂਗੇ। ਉਧਰ, ਬਾਇਡਨ ਦੀ ਟੀਮ ਨੇ ਕਿਹਾ ਕਿ ਦੇਸ਼ ਦੇ ਨਿ-ਰਮਾਣ ਲਈ ਹਰ ਰੋਜ਼ ਕੰਮ ਕਰਨ ਵਾਲੇ ਮਰਦ ਅਤੇ ਔਰਤਾਂ ਸਭ ਤੋਂ ਜ਼ਿਆਦਾ ਸਨਮਾਨਯੋਗ ਹਨ। ਬਾਇਡਨ-ਹੈਰਿਸ ਸਰਕਾਰ ਮੱਧ ਵਰਗ ਦਾ ਇਕ ਵਾਰ ਫਿਰ ਤੋਂ ਪੁਨਰ ਨਿਰਮਾਣ ਕਰੇਗਾ ਅਤੇ ਇਹ ਨਿਸ਼ਚਿਤ ਕਰੇਗਾ ਕਿ ਇਸ ਮੁਹਿੰਮ ਵਿਚ ਕੋਈ ਚੀਜ਼ ਰਹਿ ਨਾ ਜਾਵੇ। ਸੰਕਟ ਦੇ ਇਸ ਸਮੇਂ ਵਿਚ ਬਾਇਡਨ ਕੋਲ ਚੰਗੇ ਵੇਤਨ ਵਾਲੇ ਕਰੋੜਾਂ ਰੁਜ਼ਗਾਰ ਦਾ ਨਿਰਮਾਣ ਕਰਨ ਦੀ ਯੋਜਨਾ ਹੈ। ਇਸ ਦੀ ਸ਼ੁਰੂਆਤ ਮਹਾਮਾਰੀ ਨਾਲ ਨਿਪਟਣ ਨੂੰ ਲੈ ਕੇ ਸ਼ੁਰੂ ਹੋਵੇਗੀ ਕਿਉਂਕਿ ਅਸੀਂ ਤਦ ਤਕ ਰੁਜ਼ਗਾਰ ਦੀਆਂ ਦਿੱਕਤਾਂ ਨੂੰ ਦੂਰ ਨਹੀਂ ਕਰ ਸਕਦੇ ਤਦ ਤਕ ਜਨਤਕ ਸਿਹਤ ਸਮੱਸਿਆ ਨੂੰ ਹੱਲ ਨਹੀਂ ਕਰ ਲੈਂਦੇ।

## ਡੌਨਲਡ ਟਰੰਪ ਦੀਆਂ ਕੁਝ ਗਲਤੀਆਂ, ਜੋ ਹਾਰ ਲਈ ਜ਼ਿੰਮੇਵਾਰ ਬਣੀਆਂ

**ਵਾਸ਼ਿੰਗਟਨ (ਬਿਊਰੋ)–** ਇਸ ਵਾਰ ਚੋਣਾਂ ਨੇ ਇੱਕ ਵਾਰ ਫਿਰ ਸਾਰਿਆਂ ਲਈ ਇਸ ਗਲਤ ਫਹਿਮੀ ਨੂੰ ਦੂਰ ਕਰ ਦਿੱਤਾ ਹੈ ਕਿ 2016 ਦੀ ਚੋਣ ਇੱਕ ਇਤਿਹਾਸਕ ਦੂਰਗਾਮੀ ਘਟਨਾ ਸੀ, ਇੱਕ ਵੱਡੀ ਅਮਰੀਕੀ ਗਲਤੀ। ਡੌਨਲਡ ਟਰੰਪ ਨੇ 7 ਕਰੋੜ ਤੋਂ ਜ਼ਿਆਦਾ ਵੋਟਾਂ ਹਾਸਲ ਕੀਤੀਆਂ ਜੋ ਅਮਰੀਕੀ ਇਤਿਹਾਸ ਵਿੱਚ ਦੂਜਾ ਸਭ ਤੋਂ ਵੱਡਾ ਅੰਕੜਾ ਹੈ।

ਰਾਸ਼ਟਰੀ ਪੱਧਰ ’ਤੇ ਉਨ੍ਹਾਂ ਕੋਲ ਆਪਣੀਆਂ ਵੋਟਾਂ ਦਾ 47 ਫ਼ੀਸਦੀ ਤੋਂ ਜ਼ਿਆਦਾ ਹਿੱਸਾ ਹੈ ਅਤੇ 24 ਰਾਜਾਂ ਵਿੱਚ ਜਿੱਤ ਦਰਜ ਕੀਤੀ ਹੈ। ਜਿਸ ਵਿੱਚ ਉਨ੍ਹਾਂ ਦੇ ਚਹੇਤੇ ਰਾਜ ਫਲੋਰਿਡਾ ਅਤੇ ਟੈਕਸਸ ਵੀ ਸ਼ਾਮਲ ਹਨ। ਇਸ ਦੇਸ਼ ਦੇ ਵੱਡੇ ਹਿੱਸਿਆਂ ’ਤੇ ਉਨ੍ਹਾਂ ਦੀ ਅਸਾਧਾਰਨ ਪਕੜ ਹੈ। ਉਨ੍ਹਾਂ ਦਾ ਆਪਣੇ ਹਮਾਇਤੀਆਂ ਨਾਲ ਇੱਕ ਅਜਿਹਾ ਮਜ਼ਬੂਤ ਰਿਸ਼ਤਾ ਹੈ।



ਵ੍ਹਾਈਟ ਹਾਊਸ ਵਿੱਚ ਚਾਰ ਸਾਲ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਉਨ੍ਹਾਂ ਦੇ ਹਮਾਇਤੀਆਂ ਨੇ ਮੁਲਾਂਕਣ ਕਰਨ ਤੋਂ ਬਾਅਦ ਹੀ ਉਨ੍ਹਾਂ ਨੂੰ ਮੁੜ ਰਾਸ਼ਟਰਪਤੀ ਬਣਾਉਣ ਸੰਬੰਧੀ ਨਿਯਮਾਂ ਤੇ ਸ਼ਰਤਾਂ ਨੂੰ ਬਹੁਤ ਜੋਸ਼ ਨਾਲ ਆਪਣੀ ਸਹਿਮਤੀ ਦਿੱਤੀ ਹੈ। 2020 ਵਿੱਚ ਟਰੰਪ ਦੀਆਂ ਸਿਆਸੀ ਕਮਜ਼ੋਰੀਆਂ ਦੇ ਕਿਸੇ ਵੀ ਵਿਸ਼ਲੇਸ਼ਣ ਨੂੰ ਉਨ੍ਹਾਂ ਦੀਆਂ ਸਿਆਸੀ ਤਾਕਤਾਂ ਨੂੰ ਵੀ ਮੰਨਣਾ ਹੋਵੇਗਾ। ਹਾਲਾਂਕਿ ਉਹ ਇਸ ਅਹੁਦੇ ’ਤੇ ਸਿਰਫ਼ ਚਾਰ ਸਾਲ ਹੀ ਰਹਿ ਸਕੇ ਅਤੇ ਅਗਲੇ ਚਾਰ ਸਾਲ ਇਸ ਅਹੁਦੇ ’ਤੇ ਬਰਕਰਾਰ ਰਹਿਣ ਦੀ ਦੌੜ ਹਾਰ ਗਏ ਹਨ। ਇਸ ਦੇ ਨਾਲ ਹੀ ਉਹ ਲਗਾਤਾਰ ਚੋਣਾਂ ਵਿੱਚ ਹਰਮਨਪਿਆਰਤਾ ਸੰਬੰਧੀ ਵੋਟਾਂ ਗੁਆਉਣ ਵਾਲੇ ਵੀ ਪਹਿਲੇ ਰਾਸ਼ਟਰਪਤੀ ਬਣ ਗਏ ਹਨ।

ਡੌਨਲਡ ਟਰੰਪ ਨੇ ਸਾਲ 2016 ਵਿੱਚ ਰਾਸ਼ਟਰਪਤੀ ਅਹੁਦਾ ਕਿਸੇ ਹੱਦ ਤੱਕ ਇਸ ਲਈ ਜਿੱਤ ਲਿਆ ਸੀ ਕਿਉਂਕਿ ਉਹ ਇੱਕ ਆਦਰਸ਼ ਬਾਹਰੀ ਰਾਜਨੀਤਕ ਵਿਅਕਤੀ ਸੀ ਜੋ ਇਹ ਕਹਿਣ ਲਈ ਤਿਆਰ ਸੀ ਕਿ ਇੱਥੇ


(ਬਾਕੀ ਸਫਾ 28 ‘ਤੇ)




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



## Guru- Piari Sadh Sangat Ji,

**November 14, 2020**

**Diwali 2020**

Diwali will be celebrated on Saturday, November 14, 2020. Committee decided to keep the Gurughar open in the evening until 8:00 PM for devotees to come and pray. Due to CDC and County restrictions, there will be no large gathering inside the Darbar Hall.

**November 15, 2020**

**Sehaj Path sewa by :**

**Kashmiri Bhatia and Kamaljeet Kaur Bhatia**

Kashmiri Bhatia, Kamaljeet Bhatia and family will be hosting Sukhmani Sahib Path and Sehaj Path Bhog at 1:00 PM. Raagi Jatha of Giani Ompal Singh and Giani Gurnam Singh ji will adorn the occasion.

**December 6, 2020**

**Sri Guru Nanak Dev Ji's 551st**

**Parkash Utsav Celebrations**

Sri Guru Nanak Dev Ji's 551st Parkash Utsav will be celebrated on Sunday, December 6, 2020. Akhand Path will start on Friday, December 4, 2020, at 10:00 AM and will conclude with Bhog ceremony at 1:00 PM on Sunday, December 6, 2020. Giani Ompal Singh and Giani Gurnam Singh Ji, will adorn the occasion with Shabad Kirtan along with other Kirtankars.

Guru Nanak Dev Ji is the first Sikh Guru and the founder of Sikhism. He was born in 1469 at Rai-Bhoi-di Talwandi in, now known as Nankana Sahib. His spiritual teachings are enshrined in the holy pages of SRI GURU GRANTH SAHIB.

**Nishan Sahib Hoisting Ceremony will be held on December 5, 2020 (Saturday) at 11:00 AM**

For peace and harmony in the world today, we really need to adopt His teachings of **Universal brotherhood, Equality and Love of Mankind.** Vainder Sudhir and his family will be hosting this Sewa.
Entire Sangat is requested to participate in this "Gurupurb" .

**"NANAK NAM CHARDI KALA TERE BHANE SARBAT DA BHALA"**

| Chairman | President | Sangat De Sewadar | General Secretary | Treasurer |
|---|---|---|---|---|
| Jagtar Bhatia | Shinder Paul Narabut | | Dharam Pal Chonkria | Vinod Kumar |

# ਮੈਂ ਸਾਰੇ ਅਮਰੀਕੀਆਂ ਦਾ ਰਾਸ਼ਟਰਪਤੀ ਹਾਂ-ਜੋਅ ਬਾਇਡੇਨ

## ਆਤਿਸ਼ਬਾਜੀ ਚਲਾਕੇ ਜਿੱਤ ਦੇ ਜਸ਼ਨ ਮਨਾਏ







**ਵਿਲਮਿੰਗਟਨ (ਹੁਸਨ ਲੜੋਆ ਬੰਗਾ)-** ਵਿਲਮਿੰਗਟਨ ਵਿਚ ਡੈਮੋਕਰੈਟਿਕ ਪਾਰਟੀ ਵੱਲੋਂ ਕਰਵਾਏ ਸਮਾਗਮ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਨੇ ਕਿਹਾ ਕਿ ਚਾਹੇ ਕੋਈ ਡੈਮੋਕਰੈਟਿਕ ਹੈ, ਰਿਪਬਲੀਕਨ ਹੈ ਜਾਂ ਹੋਰ ਕਿਸੇ ਪਾਰਟੀ ਨਾਲ ਸਬੰਧਤ ਹੈ, ਅਸੀਂ ਸਾਰੇ ਅਮਰੀਕੀ ਹਾਂ। ਮੈ ਸਾਰੇ ਅਮਰੀਕੀਆਂ ਦਾ ਰਾਸ਼ਟਰਪਤੀ ਹਾਂ ਤੇ ਮੈ ਰਾਸ਼ਟਰਪਤੀ ਵਜੋਂ ਸਮੁੱਚੇ ਅਮਰੀਕੀਆਂ ਨੂੰ ਇਕਜੁੱਟ ਕਰਨ ਦਾ ਕੰਮ ਕਰਾਂਗਾ। ਉਨਾਂ ਕਿਹਾ ਕਿ ਮੈਨੂੰ ਡੈਮੋਕਰੈਟਿਕ ਹੋਣ ਉਪਰ ਮਾਣ ਹੈ ਪਰ ਪਹਿਲਾਂ ਮੈ ਅਮਰੀਕੀ ਹਾਂ। ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਸੰਬੋਧਨ ਵਿਚ ਬਾਇਡੇਨ ਨੇ ਕਿਹਾ ਕਿ ਸਾਨੂੰ ਹੁਣ ਤੋਂ ਹੀ ਅਮਰੀਕਾ ਨੂੰ ਦਰੁਸਤ ਕਰਨ ਦੇ ਕੰਮ ਵਿਚ ਲੱਗਣਾ ਪਵੇਗਾ। ਇਕ ਰਾਸ਼ਟਰਪਤੀ ਵਜੋਂ ਮੈਨੂੰ ਇਸ ਵਾਸਤੇ ਸਖਤ ਮਿਹਨਤ ਕਰਨੀ ਪਵੇਗੀ। ਉਨਾਂ ਕਿਹਾ ਕਿ ਚੋਣਾਂ ਵਿਚ ਹਰ ਅਮਰੀਕੀ ਨੇ ਆਪਣੇ ਦਿੱਲ ਦੀ ਗੱਲ ਕੀਤੀ ਹੈ, ਹਰ ਅਮਰੀਕੀ ਨੇ ਆਪਣੀ ਗੱਲ ਕਹੀ ਹੈ ਤੇ ਮੈਨੂੰ ਸਪਸ਼ੱਟ ਬਹੁਮਤ ਦਿੱਤਾ ਹੈ। ਇਸ ਵਾਸਤੇ ਮੈ ਉਨਾਂ ਦਾ ਧੰਨਵਾਦੀ ਹਾਂ। ਉਨਾਂ ਨੇ ਹਰ ਇਕ ਲਈ ਨਿਆਂ ਤੇ ਇਨਸਾਫ਼ ਦੀ ਗੱਲ ਕੀਤੀ। ਇਸ ਮੌਕੇ ਆਤਿਸ਼ਬਾਜੀ ਚਲਾਕੇ ਜਿੱਤ ਦੇ ਜਸ਼ਨ ਮਨਾਏ ਗਏ। ਸਮਾਗਮ ਨੂੰ ਉਪ ਰਾਸ਼ਟਰਪਤੀ ਬਣਨ ਜਾ ਰਹੀ ਕਮਲਾ ਹੈਰਿਸ ਨੇ ਵੀ ਸੰਬੋਧਨ ਕੀਤਾ।

### 290 ਇਲੈਕਟੋਰਲ ਵੋਟਾਂ ਮਿਲੀਆਂ

ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਅਮਰੀਕਾ ਦੇ 46 ਵੇਂ ਰਾਸ਼ਟਰਪਤੀ ਹੋਣਗੇ। ਬਾਇਡਨ ਨੇ ਕੁੱਲ 290 ਇਲੈਕਟੋਰਲ ਕਾਲਜ ਵੋਟਾਂ ਜਿੱਤ ਲਈਆਂ ਹਨ। ਪੈਨਸਿਲਵੇਨੀਆ ਵਿੱਚ ਮਿਲੀ ਜਿੱਤ ਨਾਲ ਬਾਇਡਨ ਨੂੰ 20 ਹੋਰ ਵੋਟਾਂ ਮਿਲੀਆਂ ਹਨ, ਜਿਸ ਨਾਲ ਉਹ ਰਾਸ਼ਟਰਪਤੀ ਬਣਨ ਲਈ ਲੋੜੀਂਦਾ 270 ਵੋਟਾਂ ਦਾ ਅੰਕੜਾ ਪਾਰ ਕਰ ਗਏ ਹਨ। ਦੂਸਰੇ ਪਾਸੇ ਰਿਪਬਲਿਕਨ ਉਮੀਦਵਾਰ ਰਾਸ਼ਟਰਪਤੀ ਡੋਨਲਡ ਟਰੰਪ ਨੇ ਹੁਣ ਤੱਕ 214 ਵੋਟਾਂ ਜਿੱਤੀਆਂ ਹਨ। ਭਾਵੇਂ ਅਜੇ ਕੁਝ ਸੂਬਿਆਂ ਦੀਆਂ ਵੋਟਾਂ ਦੀ ਗਿਣਤੀ ਜਾਰੀ ਹੈ ਅਤੇ ਨਤੀਜੇ ਆਉਣੇ ਅਜੇ ਬਾਕੀ ਹਨ । ਬਾਇਡੇਨ ਵਾਈਟ ਹਾਊਸ ਵਿੱਚ 20 ਜਨਵਰੀ ਨੂੰ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣਗੇ। ਉਦੋਂ ਉਹ 78 ਵਰਿਆਂ ਦੇ ਹੋ ਜਾਣਗੇ। ਇਸ ਤੋਂ ਪਹਿਲਾਂ ਸ਼ੁੱਕਰਵਾਰ ਦੇਰ ਰਾਤ ਜੋਅ ਬਾਇਡਨ ਨੇ ਵਿਲਮਿੰਗਟਨ ਵਿੱਚ ਆਪਣੇ ਪ੍ਰਚਾਰ ਹੈੱਡਕੁਆਰਟਰ ਤੋਂ ਸੰਬੋਧਨ ਕਰਦਿਆਂ ਕਿਹਾ ਕਿ ਇਹ 'ਸਪੱਸ਼ਟ ਅਤੇ ਯਕੀਨੀ' ਹੋ ਗਿਆ ਹੈ ਕਿ ਉਹ ਰਿਪਬਲਿਕਨ ਰਾਸ਼ਟਰਪਤੀ ਡੋਨਲਡ ਟਰੰਪ ਖ਼ਿਲਾਫ਼ ਵਾਈਟ ਹਾਊਸ ਦੀ ਚੋਣ ਜਿੱਤਣ ਜਾ ਰਹੇ ਹਨ। ਬਾਇਡਨ ਨੇ ਐਲਾਨ ਕੀਤਾ ਕਿ ਉਹ ਆਪਣੇ ਦਫ਼ਤਰ ਦੇ ਪਹਿਲੇ ਦਿਨ ਕੋਵਿਡ-19 ਮਹਾਂਮਾਰੀ ਦਾ ਫੈਲਾਅ ਰੋਕਣ ਲਈ ਯੋਜਨਾਵਾਂ ਲੈ ਕੇ ਆਉਣਗੇ।





### ਟਰੰਪ ਨੇ ਹਾਰ ਨਹੀਂ ਸਵਿਕਾਰੀ

ਦੂਜੇ ਪਾਸੇ, ਟਰੰਪ ਨੇ ਹਾਲੇ ਹਾਰ ਨਹੀਂ ਸਵੀਕਾਰੀ ਹੈ ਬਲਕਿ ਉਹ ਇੱਥੋਂ ਤੱਕ ਕਹਿ ਰਹੇ ਹਨ ਕਿ ਡੈਮੋਕਰੈਟਿਕ ਉਮੀਦਵਾਰ ਨੂੰ ਜਿੱਤ ਦੇ ਗਲਤ ਦਾਅਵੇ ਨਹੀਂ ਕਰਨੇ ਚਾਹੀਦੇ। ਟਰੰਪ ਨੇ ਟਵੀਟ ਕੀਤਾ,''ਜੋਅ ਬਾਇਡਨ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਗਲਤ ਦਾਅਵੇ ਨਹੀਂ ਕਰਨੇ ਚਾਹੀਦੇ। ਮੈਂ ਵੀ ਅਜਿਹੇ ਦਾਅਵੇ ਕਰ ਸਕਦਾ ਹਾਂ। ਕਾਨੂੰਨੀ ਕਾਰਵਾਈ ਹੁਣੇ ਹੀ ਸ਼ੁਰੂ ਹੋਣ ਜਾ ਰਹੀ ਹੈ!''

### ਕਮਲਾ ਹੈਰਿਸ ਨੇ ਸਿਰਜ ਦਿੱਤਾ ਇਤਿਹਾਸ

ਉਪ-ਰਾਸ਼ਟਰਪਤੀ ਚੁਣੀ ਗਈ ਕਮਲਾ ਹੈਰਿਸ (56) ਨੇ ਇਤਿਹਾਸ ਸਿਰਜ ਦਿੱਤਾ ਹੈ। ਅਮਰੀਕਾ ਦਾ ਦੂਜਾ ਸਭ ਤੋਂ ਉੱਚਾ ਰੁਤਬਾ ਹਾਸਲ ਕਰਨ ਵਾਲੀ ਉਹ ਪਹਿਲੀ ਏਸ਼ੀਅਨ-ਅਮਰੀਕਨ ਮਹਿਲਾ ਬਣ ਗਈ ਹੈ। ਹੈਰਿਸ ਨੂੰ ਬਾਇਡਨ ਦੀ ਵਡੇਰੀ ਉਮਰ ਕਰਕੇ 2024 ਦੀ ਰਾਸ਼ਟਰਪਤੀ ਚੋਣ ਲਈ ਉਮੀਦਵਾਰ ਵਜੋਂ ਦੇਖਿਆ ਜਾ ਰਿਹਾ ਹੈ।

ਉਸਨੇ ਅੱਜ ਜਿੱਤ ਤੋਂ ਬਾਦ ਪਹਿਲੇ ਭਾਸ਼ਨ ਵਿੱਚ ਵਿਸ਼ੇਸ਼ ਤੌਰ ਤੇ ਭਾਰਤ ਤੋਂ 1958 ਚ ਅਮਰੀਕਾ ਆਈ ਆਪਣੀ ਮਾਂ ਦਾ ਜਿਕਰ ਵੀ ਕੀਤਾ ਪਰ ਉਸਨੇ ਪਹਿਲਾਂ ਵਾਂਗ ਆਪਣੇ ਆਪ ਨੂੰ ਕਾਲੇ ਰੰਗ ਦੀ ਔਰਤ ਕਿਹਾ। ਜਿਸਤੇ ਅਮਰੀਕਨ ਕਾਲੇ ਲੋਕ ਮਾਣ ਕਰਦੇ ਹਨ।

SKY TRANSPORT SOLUTIONS
STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਹਾਊਸ ਸਪੀਕਰ ਨੈਨਸੀ ਪੇਲੋਸੀ ਦਾ ਵੱਕਾਰ ਹੋਇਆ ਅਮਰੀਕੀ ਸਦਨ ਵਿੱਚ ਘੱਟ



**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਵਿੱਚ ਚੋਣਾਂ ਹੋਣ ਕਰਕੇ ਹਾਊਸ ਸਪੀਕਰ ਵਜੋਂ ਨੈਨਸੀ ਪੇਲੋਸੀ ਦਾ ਵੱਕਾਰ ਅਤੇ ਸ਼ਕਤੀ ਪ੍ਰਭਾਵਤ ਹੋਈ ਹੈ , ਕਿਉਂਕਿ ਮੰਗਲਵਾਰ ਨੂੰ ਸਦਨ ਵਿੱਚ ਡੈਮੋਕਰੇਟਿਕ ਪਲੜੇ ਵਿੱਚ ਹੋਏ ਘਾਟੇ ਕਰਕੇ ਰਿਪਬਲਿਕਨ ਕਾਨਫਰੰਸ ਵਿੱਚ ਇਹ ਉਸ ਦਾ ਆਖਰੀ ਕਾਰਜਕਾਲ ਹੋ ਸਕਦਾ ਹੈ। ਲੋਕਤੰਤਰਵਾਦੀ ਮੰਗਲਵਾਰ ਦੀਆਂ ਚੋਣਾਂ ਵਿੱਚ ਵਿਰੋਧੀ ਧਿਰ ਤੋਂ ਕਾਫੀ ਹੇਠਾਂ ਚਲੇ ਗਏ ਸਨ ਪੈਲੋਸੀ ਨੇ ਰਿਪਬਲਿਕਨ ਦੀ ਅਗਵਾਈ ਵਾਲੀ ਸੈਨੇਟ ਨਾਲ ਮੁਕਾਬਲਾ ਕੀਤਾ ਸੀ। ਇਸ ਦੌਰਾਨ ਘੱਟੋ ਘੱਟ ਸੱਤ ਹਾਊਸ ਡੈਮੋਕਰੇਟਿਕ ਸੱਤਾਧਾਰੀਆਂ ਨੇ ਆਪਣੀ ਮੁੜ ਚੋਣ ਦੀ ਦੌੜ ਗਵਾ ਦਿੱਤੀ ਜਿਨ੍ਹਾਂ ਵਿਚ ਫਲੋਰੀਡਾ, ਨਿਊ ਮੈਕਸੀਕੋ ਅਤੇ ਦੱਖਣੀ ਕੈਰੋਲਿਨਾ ਵਿਚ ਪਹਿਲੀ ਵਾਰ ਦੇ ਦਰਮਿਆਨੇ ਅਤੇ ਐਗਰੀਕਲਚਰ ਕਮੇਟੀ ਦੇ ਲੰਬੇ ਸਮੇਂ ਤੋਂ ਸੇਵਾਮੁਕਤ ਚੇਅਰਮੈਨ ਵੀ ਸ਼ਾਮਲ ਹਨ। ਪੇਲੋਸੀ ਨੂੰ ਪਾਰਟੀ ਦੇ ਵੱਧ ਰਹੇ ਪ੍ਰਗਤੀਸ਼ੀਲ ਵਿੰਗ ਦੇ ਦਬਾਅ ਦਾ ਵੀ ਸਾਹਮਣਾ ਕਰਨਾ ਪਏਗਾ, ਜਿਸ ਵਿਚ ਕੁਝ ਨਵੇਂ ਮੈਂਬਰਾਂ ਨਾਲ ਰੁਕਾਵਟ ਵੀ ਪੈਦਾ ਹੋਵੇਗੀ।ਵਰਜੀਨੀਆ ਡੈਮੋਕਰੇਟ ਦੇ ਪ੍ਰਤੀਨਿਧੀ ਗੈਰਾਲਡ ਕਨੌਲੀ ਅਨੁਸਾਰ ਘੱਟ ਗਿਣਤੀ ਹਰ ਚੀਜ ਨੂੰ ਗੁੰਝਲਦਾਰ ਬਣਾਉਂਦੀ ਹੈ। ਜਿਕਰਯੋਗ ਹੈ ਕਿ 80 ਸਾਲਾ ਪੈਲੋਸੀ ਨੇ ਦੋ ਸਾਲ ਪਹਿਲਾਂ ਵਾਅਦਾ ਵੀ ਕੀਤਾ ਸੀ ਕਿ ਉਹ 2023 ਤੋਂ ਬਾਅਦ ਸਪੀਕਰ ਬਣਨ ਦੀ ਕੋਸ਼ਿਸ਼ ਨਹੀਂ ਕਰੇਗੀ ਇਸਦਾ ਮਤਲਬ ਹੈ ਕਿ ਅਗਲੇ ਦੋ ਸਾਲ ਨਾ ਸਿਰਫ ਸਪੀਕਰ ਦੇ ਰੂਪ ਵਿੱਚ ਪੈਲੋਸੀ ਦੀ ਆਖਰੀ ਵਾਰੀ ਹੋ ਸਕਦੀ ਹੈ, ਬਲਕਿ ਉਨ੍ਹਾਂ ਦਾ ਕਾਂਗਰਸ ਵਿੱਚ ਅੰਤਮ ਕਾਰਜਕਾਲ ਵੀ ਹੋ ਸਕਦਾ ਹੈ। ਪੈਲੋਸੀ ਨੇ ਮੰਗਲਵਾਰ ਰਾਤ ਨੂੰ ਜ਼ੋਰ ਦੇ ਕੇ ਇਹ ਵੀ ਕਿਹਾ ਕਿ ਡੈਮੋਕ੍ਰੇਟਸ ਸਦਨ ਦੀ ਬਹੁਮਤ ਨੂੰ ਕਾਇਮ ਰੱਖਣਗੇ ਕਿਉਂਕਿ ਬਹੁਤ ਸਾਰੇ ਜ਼ਿਲ੍ਹੇ ਅਜੇ ਵੀ ਵੋਟਾਂ ਦੀ ਗਿਣਤੀ ਕਰ ਰਹੇ ਹਨ ਅਤੇ ਸੰਯੁਕਤ ਰਾਜ ਦੀ ਕਾਂਗਰਸ ਵਿਚ ਡੈਮੋਕਰੇਟਿਕਸ ਦੁਆਰਾ ਬਹੁਮਤ ਵਿਚ ਇਕੱਠੇ ਹੋਣ ਦੀ ਵੀ ਉਮੀਦ ਹੈ।

# ਫਰਿਜ਼ਨੋ ਵਿੱਚ ਕੋਰੋਨਾਂ ਵਾਇਰਸ ਦਾ ਕਹਿਰ ਜ਼ਾਰੀ, ਲਾਗ ਦੀ ਗਿਣਤੀ ਹੋਈ 32,000 ਤੋਂ ਪਾਰ

**ਗੁਰਿੰਦਰਜੀਤ ਨੀਟਾ ਮਾਛੀਕੇ,ਫਰਿਜ਼ਨੋ (ਕੈਲੀਫੋਰਨੀਆਂ)–** ਸੰਸਾਰ ਦੇ ਕਈ ਹੋਰ ਦੇਸਾਂ ਸਮੇਤ ਅਮਰੀਕਾ ਵਿੱਚ ਵੀ ਕੋਰੋਨਾਂ ਵਾਇਰਸ ਦਾ ਪ੍ਰਕੋਪ ਅਜੇ ਜਾਰੀ ਹੈ। ਦੇਸ਼ ਦੇ ਕਈ ਖੇਤਰਾਂ ਦੇ ਨਾਲ–ਨਾਲ ਫਰਿਜ਼ਨੋ ਵਿੱਚ ਵੀ ਵਾਇਰਸ ਦੀ ਲਾਗ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਕਾਊਂਟੀ ਵਿੱਚ ਸ਼ੁੱਕਰਵਾਰ ਨੂੰ 100 ਤੋਂ ਵੱਧ ਨਵੇਂ ਕੋਰੋਨਾਂ ਵਾਇਰਸ ਸੰਕਰਮਣ ਦੇ ਕੇਸ ਦਰਜ ਹੋਣ ਦੀ ਸੂਚਨਾ ਹੈ, ਅਤੇ ਕਾਉਂਟੀ ਦੇ ਮੈਡੀਕਲ ਅਧਿਕਾਰੀਆਂ ਨੇ ਕੋਵਿਡ–19 ਕਰਕੇ 7 ਹੋਰ ਮੌਤਾਂ ਹੋਣ ਦੀ ਜਾਣਕਾਰੀ ਦਿੱਤੀ ਹੈ। ਫਰਿਜ਼ਨੋ ਦੇ ਸਿਹਤ ਅਧਿਕਾਰੀ ਡਾ. ਰਾਇਸ ਵੋਹਰਾ ਨੇ ਦੱਸਿਆ ਕਿ ਮਾਰਚ ਦੇ ਅਰੰਭ ਵਿੱਚ ਵਾਇਰਸ ਦੇ ਮਾਮਲਿਆਂ ਦੀ ਪੁਸ਼ਟੀ ਹੋਣ ਤੋਂ ਬਾਅਦ ਖੇਤਰ ਵਿੱਚ ਲਾਗ ਦੀ ਕੁੱਲ ਗਿਣਤੀ 32,000 ਨੂੰ ਪਾਰ ਕਰ ਗਈ ਹੈ। ਇਸਦੇ ਨਾਲ ਹੀ ਵੋਹਰਾ ਵੱਲੋਂ ਸ਼ੁੱਕਰਵਾਰ ਨੂੰ ਮੌਤਾਂ ਸੰਬੰਧੀ ਦਿੱਤੀ ਅਪਡੇਟ ਅਨੁਸਾਰ ਮੌਤਾਂ ਦੀ ਕੁੱਲ ਗਿਣਤੀ 454 ਹੋ ਗਈ ਹੈ।ਉਹਨਾਂ ਅਨੁਸਾਰ ਅਜਿਹੇ ਕਾਰੋਬਾਰੀ ਮਾਲਕ ਜੋ ਰਾਜ ਦੇ ਦਿਸ਼ਾ–ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੇ ਹਨ, ਜਨਤਕ ਸਿਹਤ ਅਤੇ ਆਰਥਿਕਤਾ ਲਈ ਖਤਰਾ ਬਣਦੇ ਹਨ।ਯੂ ਐਸ ਵਿੱਚ ਇਸ ਹਫਤੇ ਪ੍ਰਤੀ ਦਿਨ 100,000 ਤੋਂ ਵੱਧ ਹੋ ਰਹੇ ਕੇਸ ਨਵੇਂ ਰਿਕਾਰਡ ਬਣਾ ਰਹੇ ਹਨ। ਇਸਦੇ ਨਾਲ ਹੀ ਪੂਰੀ ਵੈਲੀ ਵਿੱਚ ਸ਼ੁੱਕਰਵਾਰ ਜਿਸ ਵਿੱਚ ਫਰਿਜ਼ਨੋ, ਕਿੰਗਜ਼, ਮਡੇਰਾ, ਮਰੀਪੋਸਾ, ਮਰਸੀਡ ਅਤੇ ਤੁਲਾਰੇ ਕਾਉਂਟੀ ਆਦਿ ਸ਼ਾਮਿਲ ਹਨ ਵਿੱਚ 337 ਨਵੇਂ ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਨੇ ਇਸ ਖੇਤਰ ਨੂੰ 1079 ਮੌਤਾਂ ਨਾਲ ਤਕਰੀਬਨ 74,500 ਵਾਇਰਸ ਪੀੜਿਤ ਲੋਕਾਂ ਦੀ ਗਿਣਤੀ ਤੱਕ ਪਹੁੰਚਾ ਦਿੱਤਾ ਹੈ।

# ਅਮਰੀਕਾ ਵਿੱਚ ਰੋਜ਼ਾਨਾਂ ਦੇ ਕੋਵਿਡ -19 ਕੇਸਾਂ ਵਿੱਚ ਹੋਇਆ ਰਿਕਾਰਡ ਵਾਧਾ



**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਵਿੱਚ ਵਾਇਰਸ ਦੇ ਨਵੇਂ ਕੇਸਾਂ ਵਿੱਚ ਲਗਾਤਾਰ ਵਾਧਾ ਹੋਣਾ ਜਾਰੀ ਹੈ। ਦੇਸ਼ ਨੇ ਬੁੱਧਵਾਰ ਨੂੰ ਕੋ–ਰੋਨਾਂ ਦੀ ਲਾਗ ਦੇ 102,831 ਨਵੇਂ ਕੇਸ ਦਰਜ਼ ਕੀਤੇ ਹਨ।ਇੰਨੀ ਵੱਡੀ ਗਿਣਤੀ ਵਿੱਚ ਵਾਇਰਸ ਦੇ ਕੇਸ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਪਹਿਲੀ ਵਾਰ ਸਾਹਮਣੇ ਆਏ ਹਨ। ਉੱਚ ਪੱਧਰ ਦਾ ਇਹ ਵਾਧਾ ਬਹੁਤ ਦੁਖਦਾਈ ਹੈ ਪਰ ਮਾਹਰਾਂ ਨੇ ਪਹਿਲਾਂ ਹੀ ਭਵਿੱਖਬਾਣੀ ਕੀਤੀ ਸੀ ਕਿ ਸਰਦੀਆਂ ਵਿੱਚ ਲਾਗ ਦੀ ਹਾਲਤ ਹੋਰ ਬਦਤਰ ਹੋ ਸਕਦੀ ਹੈ। ਵਾਇਰਸ ਦੇ ਮਾਮਲੇ ਵਿੱਚ ਪਿਛਲੇ ਹਫਤੇ ਹੀ, ਯੂ ਐਸ ਨੇ ਜਿਆਦਾ ਕੇਸਾਂ ਵਾਲੇ ਅੰਕੜਿਆਂ ਦੇ ਪੰਜ ਦਿਨ ਵੇਖੇ ਹਨ ਜਿੱਥੇ ਕਿ 30 ਅਕਤੂਬਰ ਨੂੰ ਕੇਸਾਂ ਦੇ ਵਾਧੇ ਦਾ ਰਿਕਾਰਡ 99,321 ਲਾਗਾਂ ਨਾਲ ਦਰਜ਼ ਕੀਤਾ ਗਿਆ ਸੀ । ਜਦਕਿ ਨਵੇਂ ਇਨਫੈਕਸ਼ਨਾਂ ਦੀ ਦੇਸ਼ ਭਰ ਵਿੱਚ 7 ਦਿਨਾਂ ਦੀ ਔਸਤ ਹੁਣ ਲਗਭਗ 89,859 ਹੈ ਜਿਸ ਵਿੱਚ 108 % ਦਾ ਵਾਧਾ ਸਿਰਫ ਇੱਕ ਮਹੀਨੇ ਵਿੱਚ ਹੋਇਆ ਹੈ। ਜੋਨਸ ਹੌਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਅਨੁਸਾਰ, ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 9.4 ਮਿਲੀਅਨ ਤੋਂ ਵੱਧ ਅਮਰੀਕੀ ਕੋਵਿਡ -19 ਨਾਲ ਸੰਕਰਮਿਤ ਹੋਏ ਹਨ ਅਤੇ 233,000 ਤੋਂ ਵੱਧ ਦੀ ਮੌਤ ਵੀ ਹੋ ਗਈ ਹੈ। ਜੋਨਸ ਹੌਪਕਿਨਜ਼ ਅਨੁਸਾਰ ਸਿਰਫ ਤਿੰਨ ਅਮਰੀਕੀ ਰਾਜ ਅਲਾਬਮਾ, ਮਿਸੀਸਿਪੀ ਅਤੇ ਟੇਨੇਸੀ ਵਾਇਰਸ ਦੀ ਸਹੀ ਦਿਸ਼ਾ ਵੱਲ ਵਧ ਰਹੇ ਹਨ। ਸਿਹਤ ਅਧਿਕਾਰੀ ਵਸਨੀਕਾਂ ਨੂੰ ਸਿਹਤ ਸੰਬੰਧੀ ਸਾਵਧਾਨੀਆਂ ਨੂੰ ਵਰਤਣ ਦੀ ਅਪੀਲ ਕਰਦੇ ਹਨ ਜੋ ਕਿ ਵਾਇਰਸ ਦੇ ਫੈਲਣ ਨੂੰ ਰੋਕਣ ਵਿੱਚ ਮਦਦਗਾਰ ਹਨ ਜਿਹਨਾਂ ਵਿੱਚ ਚਿਹਰੇ ਨੂੰ ਮਾਸਕ ਨਾਲ ਢਕਣਾ ਅਤੇ ਸਮਾਜਿਕ ਦੂਰੀ ਮਹੱਤਵਪੂਰਨ ਹਨ।ਇਸਦੇ ਨਾਲ ਹੀ ਕੋਵਿਡ ਟਰੈਕਿੰਗ ਪ੍ਰੋਜੈਕਟ ਦੇ ਅੰਕੜਿਆਂ ਅਨੁਸਾਰ, ਪੂਰੇ ਅਮਰੀਕਾ ਵਿਚ 52,000 ਤੋਂ ਵੱਧ ਲੋਕ ਕੋਵਿਡ -19 ਨਾਲ ਹਸਪਤਾਲ ਵਿਚ ਦਾਖਲ ਹਨ ਜਦਕਿ ਬੁੱਧਵਾਰ ਨੂੰ ਘੱਟੋ-ਘੱਟ 16 ਰਾਜਾਂ ਵਿੱਚ ਹਸਪਤਾਲ ਵਿੱਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ ਹੈ। ਅਮਰੀਕੀ ਸਟੇਟ ਜਿਵੇਂ ਕਿ ਓਰੇਗਨ ਵਿੱਚ, ਸਿਹਤ ਅਧਿਕਾਰੀਆਂ ਨੇ ਬੁੱਧਵਾਰ ਨੂੰ 597 ਨਵੇਂ ਕੇਸਾਂ ਦੀ ਰਿਪੋਰਟ ਕੀਤੀ ਹੈ ਜਿਸ ਨਾਲ ਇੱਕ ਹਫ਼ਤੇ ਵਿੱਚ ਛੇਵੀਂ ਵਾਰ ਇਹ ਗਿਣਤੀ 500 ਤੋਂ ਉਪਰ ਹੋ ਗਈ ਹੈ ਅਤੇ ਰਾਜ ਦਾ ਇੱਕ ਰੋਜ਼ਾ ਰਿਕਾਰਡ, 600 ਕੇਸਾਂ ਨਾਲ 30 ਅਕਤੂਬਰ ਨੂੰ ਦਰਜ਼ ਕੀਤਾ ਗਿਆ ਸੀ। ਇੰਨਾਂ ਹੀ ਨਹੀਂ ਵਿਸਕਾਨਸਿਨ ਨੇ ਵੀ ਬੁੱਧਵਾਰ ਨੂੰ ਆਪਣੇ ਰੋਜ਼ਾਨਾ ਦੀ ਕੇਸ ਗਿਣਤੀ ਦੇ ਰਿਕਾਰਡ ਤੋੜੇ ਹਨ ਜਦੋਂ ਕਿ ਇਲੀਨੋਏ ਅਤੇ ਓਹੀਓ ਵਿੱਚ ਵੀ ਵਾਇਰਸ ਦੇ ਨਵੇਂ ਮਾਮਲੇ ਦਰਜ਼ ਕੀਤੇ ਗਏ ਹਨ।

# ਫਿਲਾਡੇਲਫਿਯਾ ਪੁਲਿਸ ਨੇ ਜਾਰੀ ਕੀਤੀ ਵਾਲਟਰ ਵਾਲੇਸ ਜੂਨੀਅਰ ਦੀ ਗੋਲੀਬਾਰੀ ਵਾਲੀ ਵੀਡੀਓ




**ਗੁਰਿੰਦਰਜੀਤ ਨੀਟਾ ਮਾਛੀਕੇ,ਫਰਿਜ਼ਨੋ (ਕੈਲੀਫੋਰਨੀਆਂ)–** ਫਿਲਾਡੇਲਫਿਯਾ ਵਿੱਚ ਸਿਟੀ ਅਧਿਕਾਰੀਆਂ ਨੇ ਬੁੱਧਵਾਰ ਸ਼ਾਮ ਨੂੰ ਵਾਲਟਰ ਵਾਲੇਸ ਜੂਨੀਅਰ ਦੀ ਪੁਲਿਸ ਗੋਲੀਬਾਰੀ ਹੋਈ ਮੌਤ ਸੰਬੰਧੀ ਅਧਿਕਾਰੀ ਦੇ ਕੈਮਰੇ ਦੀ ਫੁਟੇਜ ਅਤੇ 911 ਕਾਲਾਂ ਜਾਰੀ ਕੀਤੀਆਂ ਹਨ। ਇਸ 27 ਸਾਲਾਂ ਵਿਅਕਤੀ ਨਾਲ ਪਿਛਲੇ ਦਿਨੀਂ ਹੋਈ ਗੋਲੀਬਾਰੀ ਨੇ ਸ਼ਹਿਰ ਵਿੱਚ ਪ੍ਰਦਰਸ਼ਨ ਅਤੇ ਅਸ਼ਾਂਤੀ ਫੈਲਾ ਦਿੱਤੀ ਸੀ। ਜਾਰੀ ਕੀਤੀ 911 ਆਡੀਓ ਵਿਚ ਵਾਲੇਸ ਦੀ ਭੈਣ, ਭਰਾ ਅਤੇ ਇਕ ਗੁਆਂਢੀ ਦੀਆਂ ਕਾਲਾਂ ਸ਼ਾਮਲ ਹਨ। ਇਸ ਕੈਮਰਾ ਫੁਟੇਜ ਵਿੱਚ ਵਾਲੇਸ ਆਪਣੇ ਅਪਾਰਟਮੈਂਟ ਵਿੱਚੋਂ ਇੱਕ ਚਾਕੂ ਸਮੇਤ ਬਾਹਰ ਨਿਕਲਦਾ ਹੈ। ਉਹ ਇਕ ਅਧਿਕਾਰੀ ਵੱਲ ਅੱਗੇ ਵਧਦਾ ਹੈ ਅਤੇ ਦੋਵੇਂ ਅਧਿ–ਕਾਰੀ ਉਸ ਵੱਲ ਬੰਦੂਕ ਤਾਣਦੇ ਹੋਏ ਚਾਕੂ ਹੇਠਾਂ ਰੱਖਣ ਲਈ ਕਹਿੰਦੇ ਹਨ ਹਨ । ਵਾਲੇਸ ਫਿਰ ਦੂਜੇ ਅਫਸਰ ਵੱਲ ਸੜਕ ਦੇ ਪਾਰ ਜਾਣ ਲਈ ਮੁੜਦਾ ਹੈ।ਇੱਕ ਔਰਤ ਨੇ ਇਸ ਵਿੱਚ ਦਖਲਅੰਦਾਜ਼ੀ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ ਅਤੇ ਕਿਸੇ ਦੁਆਰਾ ਉਸਨੂੰ ਦਿਮਾਗੀ ਤੌਰ ਤੇ ਪਾਗਲ ਕਹਿੰਦਿਆਂ ਵੀ ਸੁਣਿਆ ਜਾ ਸਕਦਾ ਹੈ। ਵਾਲੇਸ ਦੀ ਦਿਮਾਗੀ ਹਾਲਤ ਬਾਰੇ ਉਸਦੇ ਪਰਿਵਾਰ ਵੱਲੋਂ ਵੀ ਅਧਿਕਾਰੀਆਂ ਨੂੰ ਦੱਸਿਆ ਗਿਆ ਸੀ ਪਰ ਉਸ ਨੂੰ ਦੋ ਅਧਿਕਾਰੀਆਂ ਦੁਆਰਾ 14 ਵਾਰ ਗੋਲੀ ਮਾਰ ਦਿੱਤੀ ਗਈ ਸੀ ਜਿਸ ਕਰਕੇ ਉਸਦੀ ਮੌਤ ਹੋ ਗਈ ਸੀ। ਪੁਲਿਸ ਸਟੇਸ਼ਨ ਅਨੁਸਾਰ ਵੀਡੀਓ ਦੇ ਜਾਰੀ ਹੋਣ ਤੋਂ ਪਹਿਲਾਂ ਦਰਜਨਾਂ ਸ਼ਾਂਤਮਈ ਪ੍ਰਦਰਸ਼ਨਕਾਰੀ ਬੁੱਧਵਾਰ ਨੂੰ ਇਕੱਠੇ ਹੋਏ ਸਨ। ਫਿਲਾਡੇਲਫਿਯਾ ਦੇ ਮੇਅਰ ਜਿਮ ਕੈਨੀ ਨੇ ਕਿਹਾ ਕਿ ਇਹ ਵੀਡੀਓ ਬਹੁਤ ਹੀ ਦੁਖਦਾਈ ਹੈ ਪਰ ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਤਬਦੀਲੀ ਲਈ ਪਾਰਦਰਸ਼ਤਾ ਅਤੇ ਜਵਾਬਦੇਹੀ ਜ਼ਰੂਰੀ ਹੈ। ਫਿਲਡੇਲਫਿਯਾ ਦੇ ਪੁਲਿਸ ਕਮਿਸ਼ਨਰ ਡੈਨੀਅਲ ਆਉਟਲਾਅ ਅਨੁਸਾਰ ਵਿਭਾਗ ਪਾਰਦਰਸ਼ਤਾ ਵਿੱਚ ਸੁਧਾਰ ਲਿਆਉਣ ਦੇ ਯਤਨ ਵਿੱਚ ਆਪਣੇ ਇਤਿਹਾਸ ਵਿੱਚ ਪਹਿਲੀ ਵਾਰ ਇੱਕ ਪੁਲਿਸ ਗੋਲੀਬਾਰੀ ਵਿੱਚ ਬਾਡੀਕੈਮ ਫੁਟੇਜ ਜਨਤਕ ਤੌਰ ’ਤੇ ਜਾਰੀ ਕਰ ਰਿਹਾ ਹੈ। ਇਸ ਘਟਨਾ ਦੇ ਸੰਬੰਧ ਵਿੱਚ ਆਉਟਲਾਅ ਨੇ ਦੋਵਾਂ ਅਧਿ–ਕਾਰੀਆਂ ਦੀ ਪਛਾਣ ਇੱਕ 25 ਸਾਲਾ ਸੀਨ ਮੈਟਰਾਜ਼ੋ ਜੋ ਕਿ ਸਾਲ 2018 ਤੋਂ ਵਿਭਾਗ ਦੇ ਨਾਲ ਹੈ, ਅਤੇ 26 ਸਾਲਾ ਥੌਮਸ ਮੁੰਜ਼ ਜੋ ਕਿ ਸਾਲ 2017 ਤੋਂ ਵਿਭਾਗ ਦੇ ਨਾਲ ਹੈ ਵਜੋਂ ਕੀਤੀ ਹੈ।

‘ਦੇਸ਼ ਦੁਆਬਾ’ ‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# ਸਿਖਲਾਈ ਦੌਰਾਨ ਹਿਟਲਰ ਦੇ ਸਲਾਈਡ ਸ਼ੋਅ ਦੀ ਰਿਪੋਰਟ ਤੋਂ ਬਾਅਦ ਕੇਂਟਕੀ ਪੁਲਿਸ ਕਮਿਸ਼ਨਰ ਨੇ ਦਿੱਤਾ ਅਸਤੀਫਾ



**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ ਫਰਿਜ਼ਨੋ(ਕੈਲੀਫੋਰਨੀਆਂ)–** ਅਮਰੀਕੀ ਰਾਜ ਕੇਂਟਕੀ ਵਿੱਚ ਪੁਲਿਸ ਸਿਖਲਾਈ ਦੌਰਾਨ ਸਲਾਈਡ ਸ਼ੋਅ ਦੇ ਮਾਮਲੇ ਵਿੱਚ ਕਮਿਸ਼ਨਰ ਦੇ ਅਸਤੀਫਾ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕੇਂਟਕੀ ਰਾਜ ਦੇ ਪੁਲਿਸ ਕਮਿਸ਼ਨਰ ਨੇ ਸੋਮਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਕਿਉਂਕਿ ਇੱਕ ਰਿਪੋਰਟ ਅਨੁਸਾਰ ਵਿਭਾਗ ਨੇ ਇੱਕ ਸਿਖਲਾਈ ਸਲਾਈਡ ਸ਼ੋਅ ਦੀ ਵਰਤੋਂ ਕੀਤੀ ਸੀ ਜਿਸ ਵਿੱਚ ਐਡੋਲਫ ਹਿਟਲਰ ਦੇ ਹਵਾਲੇ ਸ਼ਾਮਿਲ ਸਨ। ਕਮਿਸ਼ਨਰ ਰੋਡਨੀ ਬਰੂਵਰ ਦਾ ਅਸਤੀਫਾ ਬੁੱਧਵਾਰ ਤੋਂ ਲਾਗੂ ਹੋਵੇਗਾ। ਕੇਂਟਕੀ ਜਸਟਿਸ ਅਤੇ ਪਬਲਿਕ ਸੇਫਟੀ ਕੈਬਨਿਟ ਦੇ ਬੁਲਾਰੇ ਮੋਰਗਨ ਹਾਲ ਦੇ ਅਨੁਸਾਰ ਰਾਜਪਾਲ ਐਂਡੀ ਬੇਸ਼ੀਅਰ ਨੇ ਲੈਫਟੀਨੈਂਟ ਕਰਨਲ ਫਿਲਿਪ ਬਰਨੇਟ ਨੂੰ ਕਾਰਜਕਾਰੀ ਕਮਿਸ਼ਨਰ ਵਜੋਂ ਕੰਮ ਕਰਨ ਲਈ ਚੁਣਿਆ ਹੈ। ਕੇਂਟਕੀ ਪੁਲਿਸ ਅਕੈਡਮੀ ਨੇ ਹਾਲ ਹੀ ਵਿੱਚ ਇੱਕ ਸਿਖਲਾਈ ਸਲਾਈਡ ਸ਼ੋਅ ਦੀ ਵਰਤੋਂ ਕੀਤੀ ਜੋ ਕਿ ਪਹਿਲਾਂ 2013 ਵਿੱਚ ਕੀਤੀ ਗਈ ਸੀ ਜਿਸ ਨੇ ਤਸ਼ੱਦਦ ਦੌਰਾਨ ਹਿੰਸਾ ਦੀ ਵਕਾਲਤ ਕੀਤੀ ਅਤੇ ਕੈਡਟਾਂ ਨੂੰ "ਉਨ੍ਹਾਂ ਦੇ ਕੰਮਾਂ ਵਿੱਚ ਬੇਰਹਿਮ" ਰਹਿਣ ਦੀ ਹਦਾਇਤ ਕੀਤੀ। ਇਸ ਸਲਾਈਡ ਸ਼ੋਅ ਦੀ ਖਬਰ ਸਭ ਤੋਂ ਪਹਿਲਾਂ ਪੱਤਰਕਾਰਾਂ ਦੁਆਰਾ ਮੈਨੂਅਲ ਰੈਂਡ ਆਈ ਵਿੱਚ ਪ੍ਰਕਾਸ਼ਿਤ ਕੀਤੀ ਗਈ ਜਿਹੜਾ ਕਿ ਲੂਇਸਵਿਲ ਦੇ ਡੁਪਾਂਟ ਮੈਨੂਅਲ ਹਾਈ ਸਕੂਲ ਵਿੱਚ ਵਿਦਿਆਰਥੀਆਂ ਦੁਆਰਾ ਪ੍ਰਕਾਸ਼ਿਤ ਕੀਤਾ ਜਾਂਦਾ ਹੈ। "ਦਿ ਵਾਰੀਅਰ ਮਾਈਂਡਸੈੱਟ" ਸਿਰਲੇਖ ਦੀ ਸਿਖਲਾਈ ਸਲਾਈਡ ਸ਼ੋਅ ਵਿਚ ਬੈਂਜਾਮਿਨ ਫਰੈਂਕਲਿਨ, ਜੇ.ਆਰ.ਆਰ ਟਾਲਕੀਅਨ ਅਤੇ ਕਨਫੈਡਰੇਟ ਜਨਰਲ ਰਾਬਰਟ ਈ. ਲੀਅ ਵਰਗੇ ਇਤਿਹਾਸਿਕ ਸ਼ਖਸੀਅਤਾਂ ਦੇ ਹਵਾਲੇ ਵਰਤੇ ਗਏ ਸਨ। ਪਰ “ਹਿੰਸਾ ਦੀ ਕਾਰਵਾਈ” ਨਾਮੀ ਇੱਕ ਸਲਾਈਡ ਵਿੱਚ ਅਡੌਲਫ਼ ਹਿਟਲਰ ਦੇ ਮੈਨੀਫੈਸਟੋ “ਮੈਂਨ ਕੈਂਪ” ਦਾ ਇੱਕ ਹਵਾਲਾ ਸ਼ਾਮਲ ਕੀਤਾ ਗਿਆ ਹੈ ਜਿਸ ਵਿੱਚ ਕਿਹਾ ਗਿਆ ਹੈ, “ਸਫਲਤਾ ਲਈ ਸਭ ਤੋਂ ਜ਼ਰੂਰੀ ਜ਼ਰੂਰੀ ਹਿੰਸਾ ਦਾ ਨਿਰੰਤਰ ਨਿਰੰਤਰ ਅਤੇ ਨਿਯਮਤ ਰੁਜ਼ਗਾਰ ਹੈ।”ਇਸ ਸੰਬੰਧੀ ਮੈਨੂਅਲ ਰੈਡ ਆਈ ਦੀ ਰਿਪੋਰਟ ਦੇ ਅਨੁਸਾਰ, ਸਮੁੱਚੀ ਪੇਸ਼ਕਾਰੀ ਵਿੱਚ ਹਿਟਲਰ ਦੀ ਗੱਲ ਸਭ ਤੋਂ ਵੱਧ ਦੱਸੀ ਗਈ ਹੈ ਜੋ ਕੈਡਟਾਂ ਨੂੰ ਹਿੰਸਾ ਵੱਲ ਪ੍ਰੇਰਿਤ ਕਰਦੀ ਹੈ। ਰਾਜਪਾਲ ਨੇ ਸੋਮਵਾਰ ਨੂੰ ਸਲਾਈਡ ਸ਼ੋਅ ਦੀ ਨਿੰਦਾ ਕੀਤੀ ਹੈ ਜਦਕਿ ਅਸਤੀਫੇ ਤੋਂ ਪਹਿਲਾਂ ਬਰੂਵਰ ਨੇ ਜਨਵਰੀ ਵਿੱਚ ਬੇਸ਼ੀਅਰ ਦੁਆਰਾ ਨਿਯੁਕਤ ਕੀਤੇ ਜਾਣ ਤੋਂ ਬਾਅਦ 10 ਮਹੀਨਿਆਂ ਲਈ ਕਮਿਸ਼ਨਰ ਵਜੋਂ ਕੰਮ ਕੀਤਾ ਅਤੇ ਉਹ ਪਿਛਲੇ 33 ਸਾਲਾਂ ਤੋਂ ਰਾਜ ਦੇ ਪੁਲਿਸ ਵਿਭਾਗ ਵਿਚ ਕਈ ਅਹੁਦਿਆਂ ’ਤੇ ਰਿਹਾ ਹੈ।

# ਉਰੇਗਨ ਨੇ ਕੀਤਾ ਕੋਕੀਨ ਅਤੇ ਹੈਰੋਇਨ ਵਰਗੇ ਨਸ਼ਿਆਂ ਨੂੰ ਗੈਰ-ਕਾਨੂੰਨੀ ਦਾਇਰੇ ਤੋਂ ਬਾਹਰ



**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕੀ ਸੂਬੇ ਓਰੇਗਨ ਨੇ ਮੰਗਲਵਾਰ ਨੂੰ ਨਸ਼ੇ ਸੰਬੰਧੀ ਕਾਨੂੰਨਾਂ ਵਿੱਚ ਢਿੱਲ ਵਰਤਦਿਆਂ ਇਕ ਮਹੱਤਵਪੂਰਨ ਕਦਮ ਚੁੱਕਿਆ ਹੈ । ਇਸਦੇ ਵੋਟਰਾਂ ਨੇ ਓਰੇਗਨ ਨੂੰ ਅਜਿਹਾ ਪਹਿਲਾ ਸੂਬਾ ਬਣਾਇਆ ਹੈ ਜਿਸਨੇ ਥੋੜੀ ਮਾਤਰਾ ਵਿੱਚ ਕੋਕੀਨ, ਹੈਰੋਇਨ ਅਤੇ ਮੈਥਾਮਫੇਟਾਮਾਈਨ ਵਰਗੀਆਂ ਨਸ਼ੀਲੀਆਂ ਵਸਤੂਆਂ ਦੇ ਰੱਖਣ ਨੂੰ ਕਾਨੂੰਨੀ ਰੂਪ ਦਿੱਤਾ ਹੈ। ਇਸ ਦੌਰਾਨ, ਪੰਜ ਹੋਰ ਰਾਜਾਂ ਨੇ ਬਾਲਗਾਂ ਲਈ ਭੰਗ ਨੂੰ ਵੀ ਕਾਨੂੰਨੀ ਤੌਰ ਪ੍ਰਮਾਣਿਤ ਕਰ ਦਿੱਤਾ ਹੈ। ਓਰੇਗਨ ਦੁਆਰਾ ਡਰੱਗ ਸੰਬੰਧੀ ਇਸ ਪਹਿਲਕਦਮੀ ਨਾਲ ਘੱਟ ਮਾਤਰਾ ਵਿੱਚ ਇਸ ਤਰ੍ਹਾਂ ਦੇ ਨਸ਼ਿਆਂ ਨਾਲ ਗ੍ਰਿਫਤਾਰ ਕੀਤੇ ਗਏ ਲੋਕਾਂ ਨੂੰ ਮੁਕੱਦਮੇ ਵਿੱਚ ਜਾਣ ਤੋਂ ਛੂਟ ਮਿਲਣ ਦੇ ਨਾਲ ਅਤੇ 100 ਡਾਲਰ ਦੇ ਜੁਰਮਾਨੇ ਨਾਲ ਜੇਲ੍ਹ ਦੇ ਸਮੇਂ ਵਿੱਚ ਵੀ ਰਿਆਇਤ ਮਿਲੇਗੀ। ਇਸ ਤੋਂ ਇਲਾਵਾ ਉਹਨਾਂ ਨੂੰ ਨਸ਼ਾ ਮੁਕਤੀ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਵੀ ਆਗਿਆ ਹੋਵੇਗੀ। ਇਲਾਜ ਕੇਂਦਰਾਂ ਨੂੰ ਕਾਨੂੰਨੀ ਤੌਰ ’ਤੇ ਭੰਗ ਤੋਂ ਇਕੱਠੀ ਹੋਈ ਰਾਸ਼ੀ ਦੁਆਰਾ ਫੰਡ ਦਿੱਤਾ ਜਾਵੇਗਾ, ਜਿਸ ਨੂੰ ਕਈ ਸਾਲ ਪਹਿਲਾਂ ਹੀ ਓਰੇਗਨ ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਇਸ ਮੌਕੇ ਡਰੱਗ ਪਾਲਿਸੀ ਅਲਾਇੰਸ ਦੇ ਕਾਰਜਕਾਰੀ ਨਿਰਦੇਸ਼ਕ ਕਾਸਾਂਦਰਾ ਫਰੇਡਰਿਕ ਅਨੁਸਾਰ ਇਸ ਮਹੱਤਵਪੂਰਣ ਘੋਸ਼ਣਾ ਨਾਲ ਲੋਕਾਂ ਨੂੰ ਨਸ਼ਿਆਂ ਦੀ ਵਰਤੋਂ ਲਈ ਅਪਰਾਧਿਕ ਟੈਗ ਤੋਂ ਮੁਕਤੀ ਮਿਲੇਗੀ। ਇਸ ਪ੍ਰਸਤਾਵ ਦਾ ਸਮਰਥਨ ਓਰੇਗਨ ਡੈਮੋਕ੍ਰੇਟਿਕ ਪਾਰਟੀ ਦੇ ਨਾਲ ਨਾਲ ਕੁਝ ਨਰਸਾਂ ਅਤੇ ਡਾਕਟਰਾਂ ਦੀਆਂ ਐਸੋਸੀਏਸ਼ਨਾਂ ਦੁਆਰਾ ਕੀਤਾ ਵੀ ਗਿਆ ਸੀ।

# ਨਿਊਯਾਰਕ ਵਿੱਚ ਜੋਅ ਬਾਈਡੇਨ ਦੇ ਸਮਰਥਨ ਵਿਚ ਹੋਏ ਪ੍ਰਦਰਸ਼ਨ ਦੌਰਾਨ ਭਾਰਤੀ ਮੂਲ ਦੀ ਕੁੜੀ ਨੇ ਪੁਲਿਸ ਅਧਿਕਾਰੀ ਉਪਰ ਥੁਕਿਆ

**ਸੈਕਰਾਮੈਂਟੋ, ਕੈਲੀਫੋਰਨੀਆ: (ਹੁਸਨ ਲੜੋਆ ਬੰਗਾ)–** ਜਿਸ ਦਿਨ ਤੋਂ ਅਮਰੀਕਾ ਵਿੱਚ ਚੋਣਾ ਦਾ ਸਿਲਸਿਲਾ ਸ਼ੁਰੂ ਹੈ ਉਸ ਦਿਨ ਤੋਂ ਹੀ ਦੋਨਾਂ ਪਾਰਟੀਆਂ ਦੇ ਹਮਾਇਤੀਆਂ ਵਲੋਂ ਜੋਰਦਾਰ ਮਜਾਹਰੇ ਹੋ ਰਹੇ ਹਨ। ਕਈ ਥਾਹੀਂ ਭੰਨਤੋੜ ਵੀ ਹੋਈ ਹੈ। ਅੱਜ ਨਿਊਯਾਰਕ ਵਿਚ ਡੈਮੋਕਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋਅ ਬਾਈਡੇਨ ਦੇ ਸਮਰਥਨ ਵਿਚ ਹੋਏ ਹਿੰਸਕ ਪ੍ਰਦਰਸ਼ਨ ਦੌਰਾਨ ਇਕ ਭਾਰਤੀ ਅਮਰੀਕਨ ਔਰਤ ਵਲੋਂ ਪੁਲਿਸ ਅਧਿਕਾਰੀ ਉੱਤੇ ਥੁੱਕਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਦੇਵੀਨਾ ਸਿੰਘ, ਜੋ ਪੈਨਸਿਲਵੇਨੀਆ ਰਾਜ ਦੀ ਰਹਿਣ ਵਾਲੀ ਹੈ, ਨੂੰ 4 ਨਵੰਬਰ ਦੀ ਰਾਤ ਨੂੰ ਲਗਭਗ 50 ਵਿਅਕਤੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ, ਜਦੋਂ ਵਿਰੋਧ ਪ੍ਰਦਰਸ਼ਨ ਹਿੰਸਕ ਹੋ ਗਿਆ ਸੀ, ਜਿਸ ਵਿੱਚ ਪੁਲਿਸ ਤੇ ਹਮਲੇ ਹੋਏ ਅਤੇ ਸੜਕਾਂ ਤੇ ਅੱਗ ਲਗਾ ਦਿੱਤੀ ਗਈ। ਦੇਵੀਨਾ ਸਿੰਘ ਉੱਤੇ ਪ੍ਰੇਸ਼ਾਨ ਕਰਨ ਅਤੇ ਸਥਾਨਕ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਗਿਆ ਹੈ। 24 ਸਾਲਾ ਔਰਤ ਨੂੰ ਬਿਨਾਂ ਮਾਸਕ ਦੇ ਫੜਿਆ ਗਿਆ ਜਦੋਂ ਉਹ



ਕੋਵੀਡ -19 ਮਹਾਂਮਾਰੀ ਪ੍ਰਤੀ ਗੰਭੀਰ ਸੰਵੇਦਨਸ਼ੀਲਤਾ ਦੇ ਸਮੇਂ ਪੁਲਿਸ ਵਿਰੁੱਧ ਅਸ਼ਲੀਲ ਚੀਕਾਂ ਮਾਰਦੀ ਨੇ ਇੱਕ ਪੁਲਿਸ ਕਰਮਚਾਰੀ ਦੇ ਚਿਹਰੇ ਤੇ ਥੁੱਕ ਦਿੱਤਾ ਸੀ। ਪੁਲਿਸ ਵਿਭਾਗ ਨੇ ਆਪਣੇ ਬਿਆਨ ਦੇ ਨਾਲ ਘਟਨਾ ਦਾ ਇੱਕ ਵੀਡੀਓ ਵਿ ਜਾਰੀ ਕੀਤਾ, ਪੁਲੀਸ ਨੇ ਕਿਹਾ ਕਿ "ਇਸ ਤਰ੍ਹਾਂ ਦੀਆਂ ਹਰਕਤਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨਾਂ ਕਿਹਾ ਅੰਦੋਲਨ ਕਰਨ ਵਾਲੇ ਜੋ ਇਨ੍ਹਾਂ ਹਰਕਤਾਂ ਨੂੰ ਅੰਜਾਮ ਦਿੰਦੇ ਹਨ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। "ਬਾਈਡੇਨ ਦੇ ਸਮਰਥਨ ਵਿਚ ਕੀਤੇ ਗਏ ਵਿਰੋਧ ਪ੍ਰਦਰਸ਼ਨ ਦੀ ਮੰਗ ਸੀ ਕਿ ਵੋਟਾਂ ਦੇ ਬੰਦ ਹੋਣ ਤੋਂ ਬਾਅਦ ਡਾਕ ਰਾਹੀਂ ਪ੍ਰਾਪਤ ਹੋਈਆਂ ਸਾਰੀਆਂ ਵੋਟਾਂ ਦੀ ਗਿਣਤੀ ਕੀਤੀ ਜਾਵੇ, ਜਿਸ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੀਮ ਅਦਾਲਤ ਵਿਚ ਜਾ ਕੇ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਪਹਿਲਾਂ ਇਹ ਪ੍ਰਦਰਸ਼ਨ ਸ਼ਾਂਤੀ ਪੂਰਵਕ ਸ਼ੁਰੂ ਹੋਇਆ ਪਰ ਬਾਅਦ ਵਿੱਚ ਕੁਝ ਪ੍ਰਦਰਸ਼ਨਕਾਰੀਆਂ ਨੇ ਦੰਗੇ ਕੀਤੇ, ਪੁਲਿਸ ਨਾਲ ਝੜਪ ਕੀਤੀ ਅਤੇ ਸੜਕਾਂ ਤੇ ਅੱਗ ਲਗਾ ਦਿੱਤੀ। ਆਪਣੀ ਰੋਜ਼ਾਨਾ ਬ੍ਰੀਫਿੰਗ ਦੌਰਾਨ ਇੱਕ ਪੱਤਰਕਾਰ ਦੁਆਰਾ ਥੁੱਕਣ ਵਾਲੀ ਘਟਨਾ ਅਤੇ ਦੰਗਿਆਂ ਬਾਰੇ ਪੁੱਛੇ ਜਾਣ 'ਤੇ ਮੇਅਰ ਬਿਲ ਡੀ ਬਲਾਸੀਓ ਨੇ ਇਸ ਘਟਨਾ ਦੀ ਨਿਖੇਧੀ ਕੀਤੀ। ਉਸਨੇ ਅੱਗੇ ਕਿਹਾ, "ਅਸੀ ਪੁਲਿਸ 'ਤੇ ਹਮਲੇ ਅਤੇ ਅੱਗ ਲਗਾਉਣ ਦੀ ਆਗਿਆ ਨਹੀਂ ਦੇ ਸਕਦੇ।"

# ਅਮਰੀਕਾ ਭਰ ਦੇ ਸਿੱਖਾਂ ਵਲੋਂ ਜੋਅ ਬਾਈਡੇਨ ਅਤੇ ਕਮਲਾ ਹੈਰਿਸ ਦੇ ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਬਣਨ ਤੇ ਖੁਸ਼ੀ ਦਾ ਇਜਹਾਰ

**(ਅਮਰੀਕਾ ਤੋਂ ਹੁਸਨ ਲੜੋਆ ਬੰਗਾ)–** ਅਮਰੀਕਾ ਭਰ ਦੇ ਸਿੱਖਾਂ ਨੇ ਜੋਅ ਬਾਈਡੇਨ ਅਤੇ ਕਮਲਾ ਹੈਰਿਸ ਦੇ ਰਾਸ਼ਟਰ-ਪਤੀ ਅਤੇ ਉਪ-ਰਾਸ਼ਟਰਪਤੀ ਦੀ ਚੋਣ ਜਿੱਤਣ ਤੇ ਖੁਸ਼ੀ ਦਾ ਇਜਹਾਰ ਕਿਤਾ ਹੈ। ਜੋਅ ਬਾਈਡੇਨ ਅਤੇ ਕਮਲਾ ਹੈਰਿਸ ਸ਼ਨੀਵਾਰ ਨੂੰ ਲੰਬੇ ਹੋਏ ਚੋਣ ਨਤੀਜੇਇਆਂ ਤੋਂ ਬਾਅਦ ਕ੍ਰਮਵਾਰ ਰਾਸ਼ਟਰਪਤੀ ਚੁਣੇ ਗਏ ਅਤੇ ਉਪ-ਰਾਸ਼ਟਰਪਤੀ ਚੁਣੇ ਗਏ। ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ (ਐਸਸੀਓਈਆਰ) ਦੇ ਚੇਅਰਮੈਨ ਅਤੇ ਈਕੋ ਸਿੱਖ ਦੇ ਸੰਸਥਾਪਕ ਡਾ: ਰਾਜਵੰਤ ਸਿੰਘ ਨੇ ਕਿਹਾ, "ਅਸੀਂ ਇਨ੍ਹਾਂ ਸਖਤ ਲੜਾਈਆਂ ਵਾਲੀਆਂ ਚੋਣਾਂ ਦੇ ਨਤੀਜਿਆਂ ਤੋਂ ਖੁਸ਼ ਹਾਂ। ਅਖੀਰ ਵਿੱਚ ਅਮਰੀਕਾ ਇਕੱਠੇ ਹੋ ਕੇ ਇਸ ਦੌਰਾਨ ਮੇਲ-ਮਿਲਾਪ ਵੱਲ ਵਧ ਸਕਦਾ ਹੈ। "ਉਸਨੇ ਕਿਹਾ ਕਿ ਅਮਰੀਕਾ ਨੂੰ ਇੱਕ ਅਜਿਹੇ ਨੇਤਾ ਦੀ ਜਰੂਰਤ ਹੈ ਜੋ ਕੋਰੋਨਾਵਾਇਰਸ ਦੀ ਸਭ ਤੋਂ ਵੱਡੀ ਸਿਹਤ ਚੁਣੌਤੀ ਦੇ ਹੱਲ ਲਈ ਗੰਭੀਰ ਹੋਵੇ ਅਤੇ ਦੇਸ਼ ਅਤੇ ਵਿਸ਼ਵ ਵਿੱਚ ਸਕਾਰਾਤਮਕ ਸੁਰ ਕਾਇਮ ਕਰੇ। "ਜੋਅ ਬਾਈਡੇਨ ਅਜਿਹਾ ਵਿਅਕਤੀ ਹੈ ਅਤੇ ਕਮਲਾ ਹੈਰਿਸ ਨੂੰ ਉਪ ਰਾਸ਼ਟਰਪਤੀ ਦੇ ਰੂਪ ਵਿੱਚ ਇਸ ਰਾਸ਼ਟਰ ਨੂੰ ਸਹੀ ਦਿਸ਼ਾ ਵੱਲ ਸੇਧਿਤ ਕਰਨ ਲਈ ਇਹ ਇੱਕ ਵੱਡਾ ਉਪਰਾਲਾ ਹੈ। ਸਾਨੂੰ ਮਾਣ ਹੈ ਕਿ ਹੈਰਿਸ ਪਹਿਲੀ ਮਹਿਲਾ ਉਪ ਰਾਸ਼ਟਰਪਤੀ, ਪਹਿਲੀ ਕਾਲੀ ਔਰਤ, ਪਹਿਲੀ ਏਸ਼ੀਆਈ ਅਮਰੀਕੀ, ਅਤੇ ਅਮਰੀਕਾ ਵਿਚ ਸਭ ਤੋਂ ਉੱਚੇ ਅਹੁਦੇ ਲਈ ਚੁਣੇ ਜਾਣ ਵਾਲੇ ਪਹਿਲੇ ਭਾਰਤੀ ਅਮਰੀਕੀ ਹੈ। ਉਨਾਂ ਜੋਅ ਬਾਈਡੇਨ ਦੇ ਇਸ




ਵਾਅਦੇ ਉੱਤੇ ਚਾਨਣਾ ਪਾਇਆ ਜਿਸ ਵਿਚ ਉਨ੍ਹਾਂ ਕਿਹਾ ਕਿ ਉਹ ਸਾਰੇ ਅਮਰੀਕੀਆਂ ਲਈ ਰਾਸ਼ਟਰਪਤੀ ਹੋਣਗੇ, ਚਾਹੇ ਉਨ੍ਹਾਂ ਨੇ ਉਨ੍ਹਾਂ ਨੂੰ ਵੋਟ ਦਿੱਤੀ ਜਾਂ ਨਹੀਂ। ਵਰਨਣਯੋਗ ਹੈ ਕਿ ਇਸ ਵਾਰ ਵੀ ਛੋਟੇ ਵੱਡੇ ਅਹੁਦਿਆਂ ਤੇ ਡੈਮੋਕ੍ਰਟਿਕ ਪਾਰਟੀ ਨਾਲ ਸਬੰਧਿਤ ਸਿੱਖਾਂ ਨੇ ਮੱਲਾਂ ਮਾਰੀਆਂ ਹਨ। ਪੰਜਾਬੀ ਭਾਈਚਾਰਾ ਖਾਸ ਤੌਰ ਤੇ ਟਰੰਪ ਪ੍ਰਸ਼ਾਸਨ ਤੋਂ ਇਸ ਕਰਕੇ ਵੀ ਖਫਾ ਸੀ ਜਿਸ ਵਿੱਚ ਉਸਦੀ ਬਦਮਾਸ਼ੀ ਬੋਲੀ, ਹਾਇਰ ਫਾਇਰ ਦੀ ਤਾਨਾਂਸ਼ਾਹੀ, ਇੰਮੀਗ੍ਰੇਸ਼ਨ ਲਾਅ ਸਖਤ ਕਰਨੇ, ਬਜ਼ੁੱਰਗਾਂ ਦੀਆਂ ਸਹੂਲਤਾਂ ਬੰਦ ਕਰਨੀਆਂ, ਐਚ1 ਖਤਮ ਕਰਨਾ, ਸਟਿਮੂਲਸ ਪਲੈਨ ਅਮੀਰਾਂ ਨੂੰ ਦੇਣਾ, ਕਾਲੇ, ਸਪੈਨਿਸ਼ ਤੇ ਏਸ਼ੀਅਨ ਲੋਕਾਂ ਬਾਰੇ ਮਾੜਾ ਬੋਲਣਾ ਤੇ ਸਿੱਖਾਂ ਦੇ ਤਿਉਹਾਰਾਂ ਤੇ ਉਬਾਮਾਂ ਵਾਂਗ ਵਧਾਈ ਨਾਂ ਦੇਣਾ ਵੀ ਪੰਜਾਬੀ ਭਾਈਚਾਰੇ ਵਲੋਂ ਟਰੰਪ ਦੇ ਵਿਰੋਧ ਦਾ ਕਾਰਣ ਬਣੇ। ਨੈਸ਼ਨਲ ਸਿੱਖ ਮੁਹਿੰਮ ਦੇ ਸਹਿ-ਸੰਸਥਾਪਕ, ਗੁਰਵੀਨ ਸਿੰਘ ਆਹੂਜਾ ਨੇ ਕਿਹਾ: "ਅਸੀਂ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਅਤੇ ਪਹਿਲੀ ਔਰਤ ਅਤੇ ਭਾਰਤੀ ਅਮਰੀਕੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੂੰ ਵਧਾਈ ਦੇਣਾ ਚਾਹੁੰਦੇ ਹਾਂ। ਉਨਾਂ ਕਿਹਾ ਅਸੀਂ ਰਾਸ਼ਟਰਪਤੀ-ਜੋਅ ਬਾਈਡੇਨ ਤੋਂ ਉਮੀਦ ਕਰਦੇ ਹਾਂ ਅਤੇ ਉਨ੍ਹਾਂ ਦਾ ਪ੍ਰਸ਼ਾਸਨ ਸਾਡੀ ਕੌਮ ਦੀਆਂ ਲੋੜਾਂ ਨੂੰ ਸਮਝਣ ਦੀ ਕੋਸ਼ਿਸ ਕਰੇਗਾ। "ਉਨਾਂ ਅੱਗੇ ਕਿਹਾ, "ਅਸੀਂ ਸਿੱਖ ਭਾਈਚਾਰੇ ਨੂੰ ਦਰਪੇਸ਼ ਮਹੱਤਵਪੂਰਨ ਮੁੱਦਿਆਂ' ਤੇ ਜੋਅ ਬਾਈਡੇਨ ਦੀ ਟੀਮ ਅਤੇ ਪ੍ਰਸ਼ਾਸਨ ਨਾਲ ਕੰਮ ਕਰਨ ਦੀ ਉਮੀਦ ਕਰਦੇ ਹਾਂ। "ਡਾ: ਸਿੰਘ ਨੇ ਕਿਹਾ ਕਿ ਜੋਅ ਬਾਈਡੇਨ ਨੇ ਹਮੇਸ਼ਾਂ ਸਿੱਖ ਕੌਮ ਲਈ ਚਿੰਤਾ ਦੇ ਮੁੱਦਿਆਂ ਦਾ ਸਮਰਥਨ ਕੀਤਾ ਹੈ ਅਤੇ ਉਹ ਵਿਸ਼ਵਾਸ ਕਰਦੇ ਹਨ ਕਿ ਵ੍ਹਾਈਟ ਹਾਊਸ ਵਿੱਚ ਸਿੱਖਾਂ ਅਤੇ ਹੋਰ ਭਾਈਚਾਰਿਆਂ ਦਾ ਸਵਾਗਤ ਕੀਤਾ ਜਾਵੇਗਾ।

# ਸਾਬਕਾ ਰਾਸ਼ਟਰਪਤੀ ਬੁੱਸ਼ ਨੇ ਫੋਨ ਉਪਰ ਬਾਇਡੇਨ ਤੇ ਹੈਰਿਸ ਨੂੰ ਦਿੱਤੀ ਵਧਾਈ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲੂਯ ਬੁੱਸ਼ ਨੇ ਜੋਅ ਬਾਈਡੇਨ ਤੇ ਕਮਲਾ ਹੈਰਿਸ ਨੂੰ ਜਿੱਤ ਲਈ ਵਧਾਈ ਦਿੱਤੀ ਹੈ। ਰਿਪਬਲੀਕਨ ਆਗੂ ਬੁੱਸ਼ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮੈ ਹੁਣੇ ਹੀਰ-ਾਸ਼ਟਰਪਤੀ ਚੁਣੇ ਗਏ ਜੋਅ ਬਾਇਡੇਨ ਨਾਲ ਫੋਨ 'ਤੇ ਗੱਲ ਕੀਤੀ ਹੈ। ਮੈ ਉਨਾਂ ਨੂੰ ਤਹਿ ਦਿਲੋਂ ਵਧਾਈਆਂ ਦਿੱਤੀਆਂ ਹਨ ਤੇ ਜਿੱਤ ਉਪਰੰਤ ਦੇਸ਼ ਦੇਸ਼ ਭਗਤੀ ਵਾਲਾ ਸੁਨੇਹਾ ਦੇਣ ਲਈ ਧੰਨਵਾਦ ਕੀਤਾ ਹੈ। ਬੁੱਸ਼ ਨੇ ਕਮਲਾ ਹੈਰਿਸ ਨੂੰ ਵੀ ਫੋਨ ਕਰਕੇ ਵਧਾਈ ਦਿੱਤੀ ਤੇ ਕਿਹਾ ਕਿ ਉਨਾਂ ਨੇ ਉੱਪ ਰਾਸ਼ਟਰਪਤੀ ਵਜੋਂ ਇਤਿਹਾਸਕ ਜਿੱਤ ਦਰਜ ਕੀਤੀ ਹੈ। ਬੁੱਸ਼ ਨੇ ਹੋਰ ਕਿਹਾ ਹਾਲਾਂ ਕਿ ਸਾਡੇ ਰਾਜਨੀਤਿਕ ਵਖਰੇਵੇਂ ਹਨ ਪਰ ਮੈ ਜਾਣਦਾ ਹਾਂ ਜੋਅ ਬਾਈਡਨ ਇਕ ਚੰਗਾ ਵਿਅਕਤੀ ਹੈ ਜਿਸ ਨੇ ਸਾਡੇ ਦੇਸ਼ ਨੂੰ ਇਕਜੁੱਟ ਕਰਨ ਦੇ ਮਕਸਦ ਨਾਲ ਅਗਵਾਈ ਆਪਣੇ ਹੱਥਾਂ ਵਿਚ ਲਈ ਹੈ।







ਦੇਸ਼ ਦੁਆਬਾ

# 46thUS Presidential Elections: Victory of Inclusive Democracy

**Prem K. Chumber**
**Editor-In-Chief: Ambedkar Times & Desh Doaba**

America is famous for inclusive social nature of its democracy. It is also proudly known as a melting-pot nation of varied ethnicities. It is for it's such a unique character that people from different regions in the world make frantic efforts to become its part and fulfill their dreams in this largest democratic nation in the world. The recently concluded 46th US Presidential Election has once again proved that American electorates would not tolerate any thought and praxis



which will reduce its all-inclusive democratic character and egalitarian socio-cultural political domain. They elected Joe Biden in the fierce political battle between Democrats and Republicans. The presidential election was fought amidst varied polarized issues: taxation, the rights of women and minorities, social programs, immigration procedures, red state versus blue state, rural poor versus urban elite etc. The President-elect, Joe Biden, the oldest President-elect is being expected to restore the forces of decency, fairness, egalitarianism, science and hope - "the most 'normal' words any democracy could hear from its leadership, but the US had veered to a very different path in the last four years" as articulated in the Editorial of the Times of India (November 9, 2020). The victory of the Democrats, reiterated Joe Biden, is the victory of all Americans. That is the true spirit of the US all-inclusive democracy.

Another scintillating highlight of the 46thAmerican Presidential election is the victory of the first woman (Kamala Harris), the first person of colour and of Asian descent as 47thVice President-elect. It proves that the US, in real sense of the term, is a land of fulfilling dreams of all irrespective of race, class, creed, gender and ethnicity. Her election was "celebrated wildly," as reported by Chidanand of Times of India, "across a country that now has more women voters than men, with the winner herself recognizing the turning point in redressing gender imbalance in history." On Kamala Harris victory, Atlanta's Mayor Keisha L Bottoms said, "This had been a long time coming -- a woman of Colour." Born of an Indian mother, ShyamalaGopalan, and Jamaican-American father, Donald Jasper Harris, Kamala Harris said on his victory that "While I may be the first woman in this office, I won't be the last ... because every little girl watching tonight sees that this is a country of possibilities." And, yes, these possibilities are what that made US all of us proud.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-157

## ਚੂੜੇ ਦਾ ਪਿਛੋਕੜ ਤੇ ਗੁਰਮਤਿ ਨਜ਼ਰੀਆ



ਅਵਤਾਰ ਸਿੰਘ ਮਿਸ਼ਨਰੀ
510-432-5827

ਚੂੜਾ ਆਮ ਤੌਰ 'ਤੇ ਲਾਲ ਅਤੇ ਚਿੱਟੀਆਂ ਚੂੜੀਆਂ ਜਾਂ ਵੰਗਾਂ ਦਾ ਜੁੱਟ ਹੁੰਦੈ ਜੋ ਵੀਣੀ ਤੋਂ ਕੂਹਣੀ ਤੱਕ ਪਹਿਰਿਆ ਜਾਂਦਾ ਹੈ। ਕਦੇ ਕਦੇ ਲਾਲ ਚੂੜੀ ਦੀ ਥਾਂ ਹੋਰ ਰੰਗ ਦੀ ਵਰਤੋਂ ਹੁੰਦੀ ਤੇ ਆਮ ਤੌਰ 'ਤੇ ਸਿਰਫ ਦੋ ਰੰਗ ਲਾਲ ਤੇ ਚਿੱਟਾ ਹੀ ਹੁੰਦੇ ਹਨ। ਇਸ ਨੂੰ ਰਵਾਇਤੀ ਤੌਰ 'ਤੇ ਹਾਥੀ ਦੰਦ ਤੋਂ ਬਣਾਇਆ ਜਾਂਦਾ ਪਰ ਅੱਜ ਕੱਲ ਪਲਾਸਟਿਕ ਦੇ ਬਣਾਏ ਚੂੜਿਆਂ ਦੀ ਵਰਤੋਂ ਜਿਆਦਾ ਕੀਤੀ ਜਾਂਦੀ ਹੈ। ਚੂੜਾ ਵਿਆਹ ਵੇਲੇ ਲਾੜੀ ਨੂੰ ਉਸ ਦੇ ਮਾਮੇ ਵੱਲੋਂ ਪਹਿਨਾਇਆ ਜਾਂਦਾਂ ਹੈ। ਇਹ ਸੁਹਾਗ ਦਾ ਇਕ ਵਿਸ਼ੇਸ਼ ਚਿੰਨ ਹੈ। ਚੂੜਾ ਆਮ ਤੌਰ ਤੇ ਲਾਲ ਅਤੇ ਚਿੱਟੇ ਰੰਗ ਦਾ ਹੁੰਦਾ ਤੇ ਕਈ ਵਾਰ ਇਸ ਤੇ ਮਾਮੂਲੀ ਚਿਤ੍ਰਕਾਰੀ ਵੀ ਕੀਤੀ ਹੁੰਦੀ ਹੈ। ਲਾੜੀ ਵਿਆਹ ਤੋਂ ਇੱਕ ਸਾਲ ਤੱਕ ਚੂੜਾ ਪਹਿਨਦੀ ਅਤੇ ਪਹਿਲੀ ਵਰ੍ਹੇਗੰਢ 'ਤੇ ਉਤਾਰ ਦਿੰਦੀ ਹੈ। ਜਦ ਕਿਸੇ ਔਰਤ ਦਾ ਪਤੀ ਮਰ ਜਾਏ ਤਾਂ ਉਸ ਦਾ ਚੂੜਾ ਤੇ ਵੰਗਾਂ ਭੰਨ ਦਿੱਤੀਆਂ ਜਾਂਦੀਆਂ ਹਨ।

ਗੁਰਮਤਿ ਨਜ਼ਰੀਆ-ਇਸ ਬਾਰੇ ਗੁਰਮਤਿ ਨਜ਼ਰੀਆ ਪੇਸ਼ ਕਰਦੇ ਗੁਰੂ ਨਾਨਕ ਪਾਤਸ਼ਾਹ ਨੇ ਵਡਹੰਸ ਰਾਗ ਵਿਖੇ ਚੂੜਾ ਭੰਨਣ ਦੀ ਪ੍ਰੰਪਰਾ ਵੱਲ ਸੰਕੇਤ ਕਰਦੇ ਦਰਸਾਇਆ ਹੈ ਕਿ-ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥ ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥ ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ॥ ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥ ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥(੫੫੮)

ਇਸ ਦੇ ਅਰਥ ਹਨ ਕਿ ਹੇ ਭੋਲੀ ਇਸਤ੍ਰੀਏ! ਤੂੰ ਪਤੀ ਨੂੰ ਮਿਲਣ ਲਈ ਆਪਣੀਆਂ ਬਾਹਾਂ ਵਿਚ ਚੂੜਾ ਪਾਇਆ, ਤੇ ਹੋਰ ਭੀ ਕਈ ਸਿੰਗਾਰ ਕੀਤੇ ਪਰ ਇਤਨੇ ਸਿੰਗਾਰ ਕਰਦੀਏ ਨਾਰੇ! ਜੇ ਤੇਰਾ ਪਤੀ ਫਿਰ ਭੀ ਹੋਰਨਾਂ ਨਾਲ ਹੀ ਪਿਆਰ ਕਰਦਾ ਰਿਹਾ ਤਾਂ ਇਨ੍ਹਾਂ ਸਿੰਗਾਰਾਂ ਦਾ ਕੀਹ ਲਾਭ? ਫਿਰ ਪਲੰਘ ਨਾਲ ਮਾਰ ਕੇ ਆਪਣਾ ਚੂੜਾ ਭੰਨ ਦੇ, ਪਲੰਘ ਦੀਆਂ ਹੀਆਂ ਭੀ ਭੰਨ ਦੇ ਤੇ ਆਪਣੀਆਂ ਸਜਾਈਆਂ ਬਾਹਾਂ ਭੀ ਭੰਨ ਦੇ ਕਿਉਂਕਿ ਨਾਂ ਇਨ੍ਹਾਂ ਬਾਹਾਂ ਨੂੰ ਸਜਾਣ ਵਾਲਾ ਮਨਿਆਰ ਹੀ ਤੇਰਾ ਕੁਝ ਸਵਾਰ ਸਕਿਆ ਤੇ ਨਾਂ ਹੀ ਉਸ ਦੀਆਂ ਦਿੱਤੀਆਂ ਚੂ-ੜੀਆਂ ਤੇ ਵੰਗਾਂ ਕਿਸੇ ਕੰਮ ਆਈਆਂ। ਸੜ ਜਾਣ ਉਹ ਸਜਾਈਆਂ ਬਾਹਾਂ ਜੋ ਖਸਮ ਦੇ ਗਲ ਨਾਂ ਲੱਗ ਸਕੀਆਂ ਭਾਵ ਜੇ ਜੀਵ-ਇਸਤ੍ਰੀ ਸਾਰੀ ਉਮਰ ਧਾਰਮਿਕ ਭੇਖ ਕਰਨ ਵਿਚ ਹੀ ਗੁਜ਼ਾਰ ਦੇਵੇ, ਇਸ ਨੂੰ ਧਰਮ-ਉਪਦੇਸ਼ ਦੇਣ ਵਾਲਾ ਭੀ ਜੇ ਬਾਹਰਲੇ ਭੇਖ ਵਲ ਹੀ ਪ੍ਰੇਰਦਾ ਰਹੇ ਤਾਂ ਇਹ ਸਾਰੇ ਉੱਦਮ ਵਿਅਰਥ ਚਲੇ ਗਏ, ਕਿਉਂਕਿ ਧਾਰਮਿਕ ਭੇਖਾਂ ਨਾਲ ਪਰਮਾਤਮਾ ਨੂੰ ਪ੍ਰਸੰਨ ਨਹੀਂ ਕਰ ਸਕੀਦਾ। ਉਸ ਦੇ ਨਾਲ ਤਾਂ ਸਿਰਫ਼ ਆਤਮਕ ਮਿਲਾਪ ਹੀ ਹੋ ਸਕਦਾ ਹੈ-ਭੇਖੀਂ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ॥(ਮ:੫-੧੦੯੯)

ਪ੍ਰਭੂ-ਚਰਨਾਂ ਵਿਚ ਜੁੜਨ ਵਾਲੀਆਂ ਸਾਰੀਆਂ ਸਹੇਲੀਆਂ ਤਾਂ ਪ੍ਰਭੂ-ਪਤੀ ਨੂੰ ਪ੍ਰਸੰਨ ਕਰਨ ਦੇ ਜਤਨ ਕਰ ਰਹੀਆਂ ਨੇ ਪਰ ਮੈਂ ਨਿਰੇ ਵਿਖਾਵੇ ਦੇ ਹੀ ਧਰਮ-ਭੇਖ ਕਰਦੀ ਰਹੀ, ਹੁਣ ਮੈਂ ਸੜੇ ਕਰਮਾਂ ਵਾਲੀ ਕਿਸ ਦੇ ਦਰ ਤੇ ਜਾਵਾਂ? ਹੇ ਸਖੀ! ਮੈਂ ਇਨ੍ਹਾਂ ਧਰਮ-ਭੇਖਾਂ ਤੇ ਹੀ ਟੇਕ ਰੱਖ ਕੇ ਆਪਣੇ ਵਲੋਂ ਤਾਂ ਬੜੀ ਚੰਗੀ ਕਰਤੂਤ ਵਾਲੀ ਬਣੀ ਬੈਠੀ ਹਾਂ ਪਰ ਹੇ ਪ੍ਰਭੂ ਪਤੀ! ਕਿਸੇ ਇੱਕ ਭੀ ਗੁਣ ਕਰ ਕੇ ਮੈਂ ਤੈਨੂੰ ਪਸੰਦ ਨਹੀਂ ਆ ਰਹੀ। ਮੈਂ ਸਵਾਰ ਸਵਾਰ ਕੇ ਪੱਟੀਆਂ ਗੁੰਦਾਂਦੀ ਹਾਂ, ਮੇਰੀਆਂ ਪੱਟੀਆਂ ਦੇ ਚੀਰ ਵਿਚ ਸੰਧੂਰ ਭੀ ਭਰਿਆ ਜਾਂਦੈ ਪਰ ਤੇਰੀ ਹਜ਼ੂਰੀ ਵਿਚ ਮੈਂ ਫਿਰ ਭੀ ਪ੍ਰਵਾਨ ਨਹੀਂ ਹੋ ਰਹੀ ਇਸ ਵਾਸਤੇ ਝੂਰ-ਝੂਰ ਕੇ ਮਰ ਰਹੀ ਹਾਂ।

ਨੋਟ-ਗੁਰਮਤਿ ਸਮਝਣ ਤੇ ਧਾਰਨ ਵਾਲੇ ਗੁਰਸਿੱਖ ਜਾਂ ਸੇਵਕ ਗੁਰੂ ਦਾ ਓਟ ਆਸਰਾ ਲੈ ਅਜਿਹੀਆਂ ਬਾਹਰੀ ਅਡੰਬਰੀ ਤੇ ਥੋੜ ਚਿਰ ਵਿਖਾਵੇ ਵਾਲੀਆਂ ਫਜ਼ੂਲ ਤੇ ਖਰ-ਚੀਲੀਆਂ ਰਸਮਾਂ ਆਦਿਕ ਭੇਖੀ ਕਰਮਕਾਂਡ ਨਹੀਂ ਕਰਦੇ ਸਗੋਂ ਸਾਧ ਮੁਰਾਦੇ ਗ੍ਰਿਹਸਤ ਜੀਵਨ 'ਚ ਪ੍ਰਵੇਸ਼ ਹੁੰਦੇ ਹਨ। ਪੰਚਮ ਪਾਤਸ਼ਾਹ ਦਰਸਾਂਦੇ ਹਨ ਕਿ-ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ॥ ਸਫਲ ਸੁਹਾਗਣਿ ਨਾਨਕਾ ਆਪਣੇ ਪ੍ਰਭ ਭਾਵਉ॥(ਮ:੫-੯੧੨) ਬਾਬਾ ਫਰੀਦ ਜੀ ਦਾ ਵੀ ਫੁਰਮਾਂਨ ਹੈ ਕਿ ਨਿਮਰਤਾ ਮਿੱਠੇ ਬੋਲ ਆਦਿਕ ਚੰਗੇ ਗੁਣਾਂ ਦੇ ਸ਼ਿੰਗਾਰ ਤੋਂ ਬਿਨਾ ਪਤੀ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ ਇਸ ਲਈ-ਨਿਵਣੁ ਸੁ ਅਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ॥ ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ॥੧੨੭॥

ਮੁੱਖ ਭਾਵ ਜਿਵੇਂ ਇਸਤਰੀ ਸ਼ੁਭ ਗੁਣੀ ਪਿਆਰ ਤੋਂ ਬਿਨਾ ਪਤੀ ਨੂੰ ਖੁਸ਼ ਨਹੀਂ ਕਰ ਸਕਦੀ ਇਵੇਂ ਹੀ ਬਾਹਰਰੀ ਕਰਮਕਾਂਡਾ

ਨਾਲ ਪ੍ਰਭੂ ਪਤੀ ਵੀ ਖੁਸ਼ ਨਹੀਂ ਕੀਤਾ ਜਾ ਸਕਦਾ। ਸਾਦ ਮੁਰਾਦੇ ਹਾਰ ਸਿੰਗਾਰਾਂ ਦੇ ਨਾਲ ਜੀਵਨ ਵੀ ਉੱਚੇ ਸੁੱਚੇ ਗੁਣਾਂ ਵਾਲਾ ਹੋਣਾ ਚਾਹੀਦਾ ਹੈ। ਗੁਰਮਤਿ ਵਿੱਚ ਕੜਾ ਪਹਿਨਣ ਦੀ ਪਰੰਪਰਾ ਹੈ ਜੋ ਸੁਖ-ਦੁਖ ਹਰ ਵੇਲੇ ਪਹਿਨਿਆਂ ਜਾ ਸਕਦੈ ਜਿਸ ਨੂੰ ਕਿਸੇ ਤੋਂ ਚੜ੍ਹਾਉਣ ਤੇ ਪਤੀ ਦੇ ਕਾਲ ਵੱਸ ਹੋਣ 'ਤੇ ਤੋੜਨ ਜਾਂ ਲਾਹੁਣ ਦੀ ਵੀ ਲੋੜ ਨਹੀਂ ਹੈ। ਇਹ ਸੀ ਕੁਝ ਸੰਖੇਪ 'ਚ ਚੂੜੇ ਦਾ ਪਿਛੋਕੜ ਤੇ ਗੁਰਮਤਿ ਦਾ ਸਦਾ ਬਹਾਰ ਨਜ਼ਰੀਆ!

# ਟਰੰਪ ਵੱਲੋਂ ਚੋਣ ਨਤੀਜੇ ਨੂੰ ਸਵਿਕਾਰ ਨਾ ਕਰਨਾ ਸ਼ਰਮ ਵਾਲੀ ਗੱਲ-ਜੋਅ ਬਾਇਡੇਨ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਚੋਣ ਜਿੱਤੇ ਜੋਅ ਬਾਇਡੇਨ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਹਾਰ ਨਾ ਸਵਿਕਾਰ ਕਰਨ ਉਪਰ ਪਹਿਲੀ ਵਾਰ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਨਾਕਾਮ ਕੋਸ਼ਿਸ਼ ਕਰ ਰਿਹਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਠੀਕ ਨਹੀਂ ਹਨ। ਬਾਇਡਨ ਨੇ ਕਿਹਾ ''ਮੇਰਾ ਵਿਚਾਰ ਹੈ ਕਿ ਇਹ ਸ਼ਰਮ ਵਾਲਾ ਵਰਤਾਰਾ ਹੈ। ਮੈ ਇਸ ਨੂੰ ਦਾਅਪੇਚ ਕਿਵੇਂ ਕਹਿ ਸਕਦਾ ਹਾਂ? ਰਾਸ਼ਟਰਪਤੀ ਦਾ ਅਹੁੱਦਾ ਕੋਈ ਵਿਰਾਸਤ ਵਿਚ ਮਿਲੀ ਹੋਈ ਚੀਜ਼ ਨਹੀਂ ਹੈ।'' ਜੋਅ ਬਾਇਡੇਨ ਨੇ 20 ਜਨਵਰੀ ਨੂੰ ਅਹੁੱਦਾ ਸੰਭਾਲਣ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਉਨਾਂ ਨੇ ਰਾਸ਼ਟਰਪਤੀ ਵਜੋਂ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ। ਕੋਵਿਡ-19 ਮਹਾਂਮਾਰੀ ਨਾਲ ਨਜਿੱਠਣ ਲਈ ਸਹਾਇਤਾ ਕਰਨ ਵਾਸਤੇ ਇਕ ਸਲਾਹਕਾਰ ਕਮੇਟੀ ਦਾ ਗਠਨ ਕੀਤਾ ਹੈ। ਬੀਤੇ ਦਿਨ ਉਨਾਂ ਨੇ ਇੰਗਲੈਂਡ, ਜਰਮਨੀ, ਫਰਾਂਸ ਤੇ ਹੋਰ ਯੂਰਪੀ ਦੇਸ਼ਾਂ ਦੇ ਆਗੂਆਂ ਨਾਲ ਗੱਲਬਾਤ ਕੀਤੀ ਜਿਨਾਂ ਨੇ ਉਨਾਂ ਨੂੰ ਜਿੱਤ ਲਈ ਵਧਾਈਆਂ ਦਿੱਤੀਆਂ। ਇਨਾਂ ਦੇਸ਼ਾਂ ਦੇ ਆਗੂ ਪਹਿਲਾਂ ਵੀ ਬਾਇਡੇਨ ਨੂੰ ਜਿੱਤ ਦੀ ਵਧਾਈ ਦੇ ਚੁੱਕੇ ਹਨ। ਬਾਇਡੇਨ ਨੇ ਕਿਹਾ ਕਿ 'ਮੈ ਜਾਣਦਾ ਹਾਂ ਕਿ ਵਿਦੇਸ਼ੀ ਆਗੂਆਂ ਨਾਲ ਵਿਚਾਰ ਵਟਾਂਦਰੇ ਉਪਰੰਤ ਇਕ ਗੱਲ ਸਾਹਮਣੇ ਆਈ ਹੈ ਕਿ ਉਹ ਆਸਵੰਦ ਹਨ ਕਿ ਅਮ-ਰੀਕਾ ਦੀਆਂ ਲੋਕਤੰਤਰਿਕ ਸੰਸਥਾਵਾਂ ਇਕ ਵਾਰ ਫਿਰ ਮਜ਼ਬੂਤ ਤੇ ਟਿਕਾਊ ਸਾਬਤ ਹੋਣਗੀਆਂ। 20 ਜਨਵਰੀ ਦਾ ਦਿਨ ਇਹ ਸੱਚ ਸਾਬਤ ਕਰਨ ਜਾ ਰਿਹਾ ਹੈ।''

# ਬਾਇਡਨ ਦੀ ਜਿੱਤ ਪਿੱਛੇ ਕਿਹੜੇ ਭਾਰਤੀਆਂ ਦਾ ਹੈ ਵੱਡਾ ਹੱਥ

ਅਮਰੀਕਾ ਦੇ ਹਰ ਖੇਤਰ 'ਚ ਭਾਰਤੀਆਂ ਦੀ ਬੱਲੇ-ਬੱਲੇ ਹੈ। ਫਿਰ ਚਾਹੇ ਰਾਜਨੀਤੀ ਤੇ ਪ੍ਰਸ਼ਾਸਨ ਦਾ ਖੇਤਰ ਹੀ ਕਿਉਂ ਨਾ ਹੋਵੇ। ਅਮਰੀਕੀ ਰਾਜਨੀਤੀ 'ਚ ਭਾਰਤੀਆਂ ਦੀ ਪ੍ਰਭਾਵਸ਼ਾਲੀ ਭੂਮਿਕਾ ਰਹੀ ਹੈ। ਅਮਰੀਕਾ 'ਚ ਚਾਹੇ ਕਿਸੇ ਵੀ ਰਾਜਨੀਤਕ ਦਲ ਦਾ ਰਾਸ਼ਟਰਪਤੀ ਹੋਵੇ, ਭਾਰਤੀਆਂ ਨੇ ਆਪਣੀ ਸਮਰੱਥਾ ਤੇ ਕੌਸ਼ਲ ਦਾ ਲੋਹਾ ਮਨਵਾਇਆ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਦੀ ਜਿੱਤ 'ਚ ਭਾਰਤੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ। ਇਸ ਲਈ ਇਹ ਕਿਆਸ ਲਾਏ ਜਾ ਰਹੇ ਹਨ ਕਿ ਬਾਇਡਨ ਦੀ ਟੀਮ 'ਚ ਭਾਰਤੀਆਂ ਦੀ ਅਹਿਮ ਭੂਮਿਕਾ ਹੋਵੇਗੀ। ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੀਮ 'ਚ ਕਈ ਭਾਰਤੀ ਮੁੱਖ ਭੂਮਿਕਾ 'ਚ ਰਹੇ ਹਨ। ਜਾਣਦੇ ਹਾਂ ਇਸ ਵਾਰ ਕਿਨ੍ਹਾਂ ਭਾਰਤੀਆਂ ਨੇ ਬਾਇਡਨ ਦੀ ਚੋਣ ਮੁਹਿੰਮ 'ਚ ਅਹਿਮ ਭੂਮਿਕਾ ਨਿਭਾਈ ਹੈ। ਬਾਇਡਨ ਪ੍ਰਸ਼ਾਸਨ 'ਚ ਉਨ੍ਹਾਂ ਨੂੰ ਮਿਲ ਸਕਦੀ ਹੈ ਅਹਿਮ ਜ਼ਿੰਮੇਵਾਰੀ।



**ਡਾ. ਵਿਵੇਕ ਮੂਰਤੀ ਬਣ ਸਕਦੇ ਹਨ ਹੈਲਥ ਸੈਕਟਰੀ**

ਅਮਰੀਕੀ ਰਾਸ਼ਟਰਪਤੀ ਚੋਣਾਂ ਦੌਰਾਨ ਪਬਲਿਕ ਹੈਲਥ ਤੇ ਕੋਰੋਨਾ ਵਾਇਰਸ ਮਹਾਮਾਰੀ ਦੌਰਾਨ ਵਿਵੇਕ ਮੂਰਤੀ ਬਾਇਡਨ ਦੇ ਟਾਪ ਸਲਾਹਕਾਰ ਸਨ। ਚੋਣ ਮੁਹਿੰਮ ਦੌਰਾਨ ਉਹ ਲਗਾਤਾਰ ਬਾਇਡਨ ਨੂੰ ਸਲਾਹ ਦਿੰਦੇ ਸਨ। ਇਸ ਤੋਂ ਇਲਾਵਾ ਉੱਚ ਅਧਿਕਾਰੀਆਂ ਨਾਲ ਮਿਲ ਕੇ ਉਹ ਸੁਰੱਖਿਅਤ ਕੈਂਪੇਨ ਈਵੈਂਟ ਕਰਵਾਉਣ 'ਚ ਮਦਦ ਕਰਦੇ ਸਨ। ਬਾਇਡਨ ਕਈ ਵਾਰ ਵਿਵੇਕ ਦੀ ਜਨਤਕ ਤੌਰ 'ਤੇ ਤਾਰੀਫ਼ ਕਰ ਚੁੱਕੇ ਹਨ। ਇਸ ਲਈ ਕਿਆਸ ਲਾਏ ਜਾ ਰਹੇ ਹਨ ਕਿ ਬਾਇਡਨ ਪ੍ਰਸ਼ਾਸਨ 'ਚ ਉਹ ਹੈਲਥ ਸੈਕਟਰੀ ਬਣ ਸਕਦੇ ਹਨ।

**ਅਮਿਤ ਜਾਨੀ : ਬਾਇਡਨ ਦੇ ਰਾਜਨੀਤਕ ਪ੍ਰਚਾਰਕ**

ਬਾਇਡਨ ਦੀ ਪ੍ਰਚਾਰ ਟੀਮ 'ਚ ਅਮਿਤ ਜਾਨੀ ਨੇ ਮੁੱਖ ਭੂਮਿਕਾ ਨਿਭਾਈ ਹੈ। ਉਹ ਬਾਇਡਨ ਦੇ ਰਾਜਨੀਤਕ ਪ੍ਰਚਾਰਕ ਸਨ। ਅਮਰੀਕੀ ਚੋਣਾਂ 'ਚ ਉਨ੍ਹਾਂ ਨੇ ਏਸ਼ੀਅਨ ਸਮੂਹ ਦੇ ਲੋਕਾਂ ਨੂੰ ਬਾਇਡਨ ਵਾਲ ਜੋੜਨ 'ਚ ਅਹਿਮ ਭੂਮਿਕਾ ਨਿਭਾਈ ਹੈ। ਅਮਿਤ ਸਾਊਥ ਏਸ਼ੀਅਨ ਸਮੂਹ ਦੇ ਲੋਕਾਂ ਨੂੰ ਆਪਣੇ ਪੱਖ 'ਚ ਕਰਨ 'ਚ ਮਾਹਿਰ ਹੈ। ਉਨ੍ਹਾਂ ਨੇ ਰਾਸ਼ਟਰਪਤੀ ਚੋਣ ਅਭਿਆਨ 'ਚ ਟੀਮ ਦੇ ਸਲਾਹਕਾਰ ਦੇ ਰੂਪ 'ਚ ਕੰਮ ਕੀਤਾ। ਬਾਇਡਨ ਪ੍ਰਸ਼ਾਸਨ 'ਚ ਉਨ੍ਹਾਂ ਨੂੰ ਕੋਈ ਵੀ ਜ਼ਿੰਮੇਵਾਰੀ ਮਿਲ ਸਕਦੀ ਹੈ।

# ਰਾਸ਼ਟਰਪਤੀ ਟਰੰਪ ਨੇ ਭਾਰਤੀ ਮੂਲ ਦੇ ਅਮਰੀਕੀ ਨੂੰ ਫੈਡਰਲ ਏਨਰਜੀ ਰੈਗੂਲੇਟਰੀ ਕਮਿਸ਼ਨ ਦੇ ਅਹੁੱਦੇ ਤੋਂ ਹਟਾਇਆ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੁੱਪ ਚਪੀਤੇ ਫੈਡਰਲ ਏਨਰਜੀ ਰੈਗੂਲੇਟਰੀ ਕਮਿਸ਼ਨ ਦੇ ਅਹੁਦੇ ਤੋਂ ਭਾਰਤੀ ਮੂਲ ਦੇ ਅਮਰੀਕੀ ਨੀਲ ਚਟਰਜੀ ਦੀ ਛੁੱਟੀ ਕਰ ਦਿੱਤੀ ਹੈ। ਚਟਰਜੀ ਨੇ ਇਕ ਟਵੀਟ ਵਿਚ ਕਿਹਾ ਹੈ ਕਿ ' ਉਹ ਹੁਣ ਕਮੇਟੀ ਦੇ ਚੇਅਰਮੈਨ ਨਹੀਂ ਰਹੇ। ਟਰੰਪ ਨੇ ਉਸ ਦੀ ਜਗਾ ਰਿਪਬਲੀਕਨ ਜੇਮਜ ਡੈਨਲੀ ਦੀ ਨਿਯੁਕਤੀ ਕਰ ਦਿੱਤੀ ਹੈ। ਇਸ ਦੇ ਨਾਲ ਹੀ ਚਟਰਜੀ ਨੇ ਨਿਯੁਕਤੀ ਲਈ ਆਪਣੇ ਸਾਥੀ ਡੈਨਲੀ ਨੂੰ ਵਧਾਈ ਦਿੱਤੀ ਹੈ ਤੇ ਉਸ ਦੀ ਸਫਲਤਾ ਲਈ ਕਾਮਨਾ



ਕੀਤੀ ਹੈ। ਰਾਸ਼ਟਰਪਤੀ ਟਰੰਪ ਸਮਝਦੇ ਹਨ ਕਿ ਭਾਰਤੀ ਭਾਈਚਾਰੇ ਨੇ ਰਿਪਬਲੀਕਨ ਪਾਰਟੀ ਨੂੰ ਵੋਟਾਂ ਨਹੀਂ ਪਾਈਆਂ। ਕੈਲੀਫੋਰਨੀਆ ਜਿਥੇ ਕਿ ਪੰਜਾਬੀਆਂ ਸਮੇਤ ਭਾਰਤੀ ਵੱਡੀ ਤਾਦਾਦ ਵਿਚ ਰਹਿੰਦੇ ਹਨ, ਵਿਚ ਟਰੰਪ ਦੀ ਬਹੁਤ ਬੁਰੀ ਤਰਾਂ ਹਾਰ ਹੋਈ ਹੈ। ਕੈਲੀਫੋਰਨੀਆ ਵਿਚ ਜੋਅ ਬਾਇਡੇਨ ਨੂੰ 64% ਤੋਂ ਵਧ ਵੋਟਾਂ ਮਿਲੀਆਂ ਹਨ ਜਦ ਕਿ ਟਰੰਪ 33% ਤੋਂ ਕੁਝ ਵਧ ਵੋਟਾਂ ਹੀ ਲਿਜਾ ਸਕੇ ਹਨ। ਕੈਲੀਫੋਰਨੀਆ ਦੀਆਂ 55 ਇਲੈਕਟਰੋਲ ਵੋਟਾਂ ਹਨ। ਇਨਾਂ ਵੋਟਾਂ ਨੇ ਜੋਅ ਬਾਇਡੇਨ ਦੀ ਜਿੱਤ ਨੂੰ ਪੱਕਾ ਕੀਤਾ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਾਰਾਹ ਮੈਕਬ੍ਰਾਈਡ ਬਣੀ ਦੇਸ਼ ਦੀ ਪਹਿਲੀ ਟਰਾਂਸਜੈਂਡਰ ਸਟੇਟ ਸੈਨੇਟਰ

**ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆਂ)-** ਟ੍ਰਾਂਸਜੈਂਡਰ ਲੋਕਾਂ ਨੂੰ ਅਜੋਕੇ ਸਮੇਂ ਵਿੱਚ ਸਵੀਕਾਰਿਆ ਜਾ ਰਿਹਾ ਹੈ। ਉਹਨਾਂ ਨਾਲ ਹੁੰਦੇ ਭੇਦਭਾਵ ਦੂਰ ਹੋ ਗਏ ਹਨ। ਜਿਸਦੀ ਮਿਸ਼ਾਲ ਅਮਰੀਕਾ ਵਿੱਚ ਕਾਇਮ ਹੋਈ ਹੈ ਜਿੱਥੇ ਦੇਸ਼ ਨੂੰ ਪਹਿਲੀ ਟ੍ਰਾਂਸਜੈਂਡਰ ਸਟੇਟ ਸੈਨੇਟਰ ਮਿਲੀ ਹੈ। ਸਾਰਾਹ ਮੈਕਬ੍ਰਾਈਡ ਨੇ ਡੈਲਾਵੇਅਰ ਸਟੇਟ ਸੈਨੇਟ ਦੀ ਦੌੜ ਵਿਚ ਜਿੱਤ ਦਾ ਐਲਾਨ ਕਰਦਿਆਂ, ਦੇਸ਼ ਦੀ ਪਹਿਲੀ ਟ੍ਰਾਂਸਜੈਂਡਰ ਸਟੇਟ ਸੈਨੇਟਰ ਵਜੋਂ ਇਤਿਹਾਸ ਸਿਰਜਿਆ ਹੈ। ਇਸ ਡੈਮੋਕਰੇਟਿਕ ਉਮੀਦਵਾਰ ਨੇ ਰਿਪਬਲੀਕਨ ਸਟੀਵ ਵਾਸ਼ਿੰਗਟਨ ਨੂੰ ਹਰਾਇਆ ਹੈ। ਮੈਕਬ੍ਰਾਈਡ ਨੇ ਮੰਗਲਵਾਰ ਰਾਤ ਨੂੰ ਟਵੀਟ ਕਰਦਿਆਂ ਸਟੇਟ ਦਾ ਧੰਨਵਾਦ ਕੀਤਾ। ਮੈਕਬ੍ਰਾਈਡ ਨੇ ਪਿਛਲੇ ਸਾਲ ਡੈਲਾਵੇਅਰ ਵਿਚ ਰਾਜ ਸੈਨੇਟ ਲਈ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ।। ਇਸ 28 ਸਾਲਾ ਟ੍ਰਾਂਸਜੈਂਡਰ ਨੇ ਮਨੁੱਖੀ ਅਧਿਕਾਰਾਂ ਦੀ ਮੁਹਿੰਮ ਦੇ ਕੌਮੀ ਪ੍ਰੈਸ ਸਕੱਤਰ, ਦੇਸ਼ ਦੇ ਸਭ ਤੋਂ ਵੱਡੇ ਐਡਵੋਕੇਸੀ ਗਰੁੱਪ ਅਤੇ ਰਾਜਨੀਤਿਕ ਲਾਬਿੰਗ ਸੰਗਠਨ ਵਜੋਂ ਸੇਵਾ ਨਿਭਾਈ ਹੈ। ਉਸਦੀ ਮੁਹਿੰਮ ਨੇ ਡੇਲਾਵੇਅਰ ਵਿੱਚ ਕਈ ਉੱਚ- ਸ਼ਖਸੀਅਤਾਂ ਦਾ ਸਮਰਥਨ ਪ੍ਰਾਪਤ ਕੀਤਾ, ਜਿਨ੍ਹਾਂ ਵਿੱਚ ਜੋਏ ਬਾਈਡੇਨ ਦਾ ਪਰਿਵਾਰ, ਸੈਨੇਟਰ ਕ੍ਰਿਸ ਕੂਨਸ ਅਤੇ ਪ੍ਰਤੀਨਿਧੀ ਲੀਜ਼ਾ ਬਲੰਟ ਰੋਚੈਸਟਰ ਆਦਿ ਸ਼ਾਮਿਲ ਹਨ, ਜਿਨ੍ਹਾਂ ਨੇ ਮੈਕਬ੍ਰਾਈਡ ਨੂੰ ਇੱਕ "ਅਣਥੱਕ ਐਡਵੋਕੇਟ ਅਤੇ ਟਰੈ-ਬਲਬਲੇਜ਼ਰ" ਵੀ ਕਿਹਾ ਹੈ। ਸਤੰਬਰ ਵਿਚ ਆਪਣੀ ਮੁੱਢਲੀ ਦੌੜ ਜਿੱਤਣ ਤੋਂ ਬਾਅਦ ਉਹ ਉਤਸ਼-ਾਹਿਤ ਸੀ। ਇੱਕ ਰਿਪੋਰਟ ਅਨੁਸਾਰ ਮੈਕਬ੍ਰਾਈਡ ਦੇ ਪਲੇਟਫਾਰਮ ਵਿੱਚ ਕਾਫੀ ਮੁੱਦੇ ਸ਼ਾਮਿਲ ਹਨ ਜਿਵੇਂ ਕਿ ਚੰਗੀ ਤਨਖਾਹ , ਪਰਿਵਾਰ ਅਤੇ ਡਾਕਟਰੀ ਛੁੱਟੀ, ਪਬਲਿਕ ਸਕੂਲਾਂ ਨੂੰ ਮਜ਼ਬੂਤ ਕਰਨਾਂ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਵਿਚ ਸੁਧਾਰ ਕਰਨੇ ਆਦਿ। ਇਸ ਤੋਂ ਇਲਾਵਾ ਮੈਕਬ੍ਰਾਈਡ ਨੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਪ੍ਰਸ਼ਾਸਨ ਦੌਰਾਨ ਵ੍ਹਾਈਟ ਹਾਊਸ ਵਿਚ ਦਾਖਲਾ ਲਿਆ ਅਤੇ ਬਾਅਦ ਵਿਚ ਸਾਬਕਾ ਗਵਰਨਰ ਜੈਕ ਮਾਰਕੇਲ ਅਤੇ ਮਰਹੂਮਸਾਬਕਾ ਅਟਾਰਨੀ ਜਨਰਲ ਬੀਓ ਬਾਈਡੇਨ ਜੋ ਕਿ ਡੈਮੋਕਰੇਟਿਕ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋਏ ਬਾਈਡੇਨ ਦੇ ਬੇਟੇ ਸਨ, ਦੀਆਂ ਮੁਹਿੰਮਾਂ 'ਤੇ ਕੰਮ ਕੀਤਾ। ਉਸਨੇ ਅਮੇਰਿਕਨ ਯੂਨੀਵਰਸਿਟੀ ਵਿੱਚ ਵਿਦਿਆਰਥੀ ਸੰਗਠਨ ਦੇ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾਈਆਂ ਹਨ।



# ਇਸ ਸਾਲ ਅਮਰੀਕਾ ਵਿੱਚ ਵਧੀ ਬੰਦੂਕਾਂ ਦੀ ਰਿਕਾਰਡ ਵਿਕਰੀ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ ਫਰਿਜ਼ਨੋ( ਕੈਲੀਫੋਰਨੀਆਂ)-** ਅਮਰੀਕੀ ਨੈਸ਼ਨਲ ਸ਼ੂਟਿੰਗ ਸਪੋਰਟਸ ਫਾਊਡੇਸ਼ਨ ਦੇ ਅਨੁਸਾਰ ਸਾਲ 2020 ਦੇ ਖਤਮ ਹੋਣ ਵਿੱਚ ਅਜੇ ਤਕਰੀਬਨ ਦੋ ਮਹੀਨੇ ਬਾਕੀ ਹਨ ਪਰ ਹਥਿਆਰਾਂ ਦੀ ਵਿਕਰੀ ਨੇ ਯੂ ਐਸ ਏ ਵਿੱਚ ਇੱਕ ਨਵਾਂ ਸਿਖਰ ਛੂਹ ਲਿਆ ਹੈ, ਜੋ ਕਿ 2016 ਵਿੱਚ ਸਥਾਪਤ ਕੀਤੇ ਗਏ ਰਿਕਾਰਡ ਤੋਂ ਵੀ ਉੱਪਰ ਹੈ। ਹਥਿਆਰਾਂ ਦੀ ਵਿਕਰੀ ਵਿੱਚ ਇਹ ਵਾਧਾ ਕੋਰੋਨਾਂ ਵਾਇਰਸ ਦੇ ਮਾਰਚ ਮਹੀਨੇ ਵਿਚ ਆਉਣ ਤੋਂ



ਬਾਅਦ ਦੇਸ਼ ਭਰ ਵਿਚ ਹੋਈ ਤਾਲਾਬੰਦੀ ਦੌਰਾਨ ਹੋਇਆ।ਜਾਰਜੀਆ ਦੇ ਸਮਾਏਰਨਾ ਵਿਚ ਐਡਵੈਂਚਰ ਆਊਟਡੋਰਸ ਦੇ ਮਾਲਕ ਅਤੇ ਮੈਨੇਜਰ ਐਰਿਕ ਵਾਲਸ ਅਨੁਸਾਰ ਉਸ ਸਮੇਂ ਹਰ ਕੋਈ ਸਭ ਤੋਂ ਪਹਿਲਾਂ ਖਾਣ ਪੀਣ ਦਾ ਸਮਾਨ ਅਤੇ ਬਾਅਦ ਵਿੱਚ ਬੰਦੂਕ ਲੈਣ ਲਈ ਗਿਆ । ਤਾਲਾਬੰਦੀ ਦੌਰਾਨ ਲੋਕਾਂ ਨੇ ਆਪਣੇ ਪਰਿਵਾਰਾਂ ਲਈ ਕਿਸੇ ਤਰ੍ਹਾਂ ਦੇ ਵਧੀਕੀ ਨੂੰ ਹੋਣ ਤੋਂ ਰੋਕਣ ਦੇ ਮੰਤਵ ਨਾਲ ਹਥਿਆਰਾਂ ਦੀ ਖਰੀਦ ਵੱਲ ਰੁਖ ਕੀਤਾ ਸੀ।ਛੁੱਟੀਆਂ ਦੇ ਮੌਸਮ ਵਿਚ ਬੰਦੂਕਾਂ ਦੀ ਵਿਕਰੀ ਹੋਰ ਵੀ ਵੱਧਣ ਦੀ ਉਮੀਦ ਹੈ। ਐਫ ਬੀ ਆਈ ਦੇ ਨੈਸ਼ਨਲ ਇੰਸਟੈਂਟ ਕ੍ਰਿਮੀਨਲ ਬੈਕਗ੍ਰਾਉਂਡ ਚੈੱਕ ਸਿਸਟਮ (ਐਨ ਆਈ ਸੀ ਐਸ) ਦੇ ਅੰਕੜਿਆਂ ਦੇ ਆਧਾਰ ਤੇ ਨੈਸ਼ਨਲ ਸ਼ੂਟਿੰਗ ਸਪੋਰਟਸ ਫਾਊਂਡੇਸ਼ਨ ਨੇ ਪਾਇਆ ਕਿ ਇਸ ਸਾਲ 17.2 ਮਿਲੀਅਨ ਲੋਕਾਂ ਦੇ ਪਿਛੋਕੜ ਦੀ ਜਾਂਚ ਪੂਰੀ ਕੀਤੀ ਗਈ ਹੈ ਜੋ ਕਿ 2016 ਵਿਚ 15.7 ਮਿਲੀਅਨ ਦੇ ਮੁਕਾਬਲੇ ਜ਼ਿਆਦਾ ਹਨ। ਮਾਰਚ ਤੋਂ ਲੈ ਕੇ ਹਰ ਮਹੀਨੇ ਹਥਿਆਰਾਂ ਦੀ ਖਰੀਦ ਵੱਧਦੀ ਗਈ ਹੈ ਜਦਕਿ ਇਕੱਲੇ ਅਕਤੂਬਰ ਮਹੀਨੇ ਵਿਚ ਹੀ 1.7 ਮਿਲੀਅਨ ਤੋਂ ਵੱਧ ਲੋਕਾਂ ਦੇ ਪਿਛੋਕੜ ਦੀ ਜਾਂਚ ਕੀਤੀ ਗਈ ਸੀ। ਕੁੱਝ ਲੋਕਾਂ ਅਨੁਸਾਰ ਜੇਕਰ ਬਾਈਡੇਨ ਸੱਤਾ ਵਿੱਚ ਆਇਆ ਤਾਂ ਹਥਿਆਰਾਂ ਨੂੰ ਕੰਟਰੋਲ ਕਰਨ ਲਈ ਜ਼ੋਰ ਪਾਵੇਗਾ,ਇਸ ਕਰਕੇ ਵੀ ਸਟੋਰਾਂ ਤੇ ਬੰਦੂਕਾਂ ਦੀ ਵਿਕਰੀ ਵਿੱਚ ਵਾਧਾ ਹੋਇਆ ਹੈ। ਜੋਏ ਬਾਈਡੇਨ ਨੇ ਬੰਦੂਕਾਂ ਦੇ ਨਿਯਮਾਂ ਨੂੰ ਸਖਤ ਕਰਨ ਦਾ ਪ੍ਰਸਤਾਵ ਦਿੱਤਾ ਹੈ, ਜਿਸ ਵਿੱਚ ਅਸਾਲਟ ਸ਼ੈਲੀ ਅਤੇ ਉੱਚ ਸਮਰੱਥਾ ਦੇ ਹਥਿਆਰਾਂ ਤੇ ਪਾਬੰਦੀ ਸ਼ਾਮਲ ਹੈ।

# ਮਿਸੀਸਿੱਪੀ ਵਾਸੀਆਂ ਨੇ ਨਵਾਂ ਝੰਡਾ ਅਪਣਾਉਣ ਦੇ ਹੱਕ ਵਿੱਚ ਦਿੱਤੀ ਵੋਟ

**ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ ਫਰਿਜ਼ਨੋ (ਕੈਲੀਫੋਰਨੀਆਂ)-** ਕਿਸੇ ਵੀ ਦੇਸ਼ ਜਾਂ ਰਾਜ ਲਈ ਉਸਦਾ ਝੰਡਾ ਬਹੁਤ ਮਹੱਤਵਪੂਰਨ ਹੁੰਦਾ ਹੈ। ਝੰਡੇ ਨਾਲ ਹੀ ਕਿਸੇ ਖੇਤਰ ਦੀ ਦੁਨੀਆਂ ਵਿੱਚ ਵੱਖਰੀ ਪਛਾਣ ਹੁੰਦੀ ਹੈ।ਇਸ ਸਮੇਂ ਦੁਨੀਆਂ ਦੇ ਹਰ ਦੇਸ਼,ਰਾਜ ਜਾਂ ਖਿੱਤੇ ਨੇ ਆਪਣੇ ਲਈ ਜਰੂਰ ਅਪਣਾਇਆ ਹੋਇਆ ਹੈ। ਅਮਰੀਕਾ ਦੇ ਰਾਜ ਮਿਸੀਸਿੱਪੀ ਵਿੱਚ ਇਸ ਸਮੇਂ ਉੱਥੋਂ ਦੇ ਸਥਾਨਕ ਝੰਡੇ ਨੂੰ ਬਦਲਣ ਤੇ ਵਿਚਾਰ ਹੋ ਰਹੀ ਹੈ। ਇਸ ਰਾਜ ਵਿੱਚ ਵੋਟਰਾਂ ਨੇ ਨਵੇਂ ਝੰਡੇ ਦੇ ਹੱਕ ਵਿਚ ਮਤਦਾਨ ਕੀਤਾ ਹੈ ਜਿਸ ਵਿੱਚ 21 ਤਾਰਿਆਂ ਦੁਆਰਾ ਘਿਰੇ ਇੱਕ ਮੈਗਨੋ-ਲੀਆ ਦੀ ਖਾਸ ਵਿਸ਼ੇਸ਼ਤਾ ਹੈ ਜੋ ਕਿ ਮਿਸੀਸਿੱਪੀ ਤੋਂ ਪਹਿਲਾਂ ਯੂਨੀਅਨ ਵਿੱਚ ਸ਼ਾਮਲ ਹੋਣ ਵਾਲੇ ਰਾਜਾਂ ਨੂੰ ਦਰਸਾਉਂਦੀ ਸੀ, ਨਾਲ ਹੀ ਇਸ ਵਿੱਚ "ਇਨ ਗੋਡ ਵੇ ਟਰੁਸਟ" ਦੇ ਸ਼ਬਦ ਵੀ ਲਿਖੇ ਹੋਏ ਹਨ। ਇਸ ਸੰਬੰਧੀ ਕਲੈਰੀਅਨ ਲੇਜਰ ਅਨੁਸਾਰ 79% ਵੋਟਰਾਂ ਨੇ ਇਸਦੇ ਨਵੇਂ ਡਿਜ਼ਾਈਨ ਨੂੰ ਚੁਣਿਆ ਹੈ। ਮਿਸੀਸਿੱਪੀ ਨੇ 126 ਸਾਲਾਂ ਤੋਂ ਸੰਘ ਦੇ ਬੈਟਲ ਕ੍ਰਾਸ ਵਾਲੇ ਝੰਡੇ ਦੀ ਵਰਤੋਂ ਕੀਤੀ ਸੀ ਅਤੇ ਅਜਿਹਾ ਕਰਨ ਵਾਲਾ ਇਹ ਆਖਰੀ ਰਾਜ ਸੀ। 2001 ਵਿੱਚ ਇਸ ਚਿੰਨ੍ਹ ਨੂੰ ਹਟਾਉਣ ਲਈ ਜਾਰਜੀਆ ਨੇ ਆਪਣਾ ਝੰਡਾ ਬਦਲਿਆ ਸੀ ਅਤੇ ਹੁਣ ਇਸ ਰਾਜ ਦੇ ਵਾਸੀ ਇਸ ਕ੍ਰਾਸ ਵਾਲੇ ਝੰਡੇ ਨੂੰ ਬਦਲਣਾ ਚਾਹੁੰਦੇ ਹਨ।





Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-13/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਓਰੋਸੀ ਵਿੱਚ ਦੋ ਵਿਅਕਤੀਆਂ ਨੇ ਕਤਲ ਦੀ ਕੋਸ਼ਿਸ਼ ਲਈ ਕੀਤੀ ਗੋਲੀਬਾਰੀ




**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਵਿੱਚ ਹਿੰਸਕ ਘਟਨਾਵਾਂ ਵਿੱਚ ਰੋਜ਼ਾਨਾ ਵਾਧਾ ਹੋ ਰਿਹਾ ਹੈ। ਪੂਰੇ ਅਮਰੀਕਾ ਵਿੱਚ ਹਰ ਰੋਜ਼ ਅਜਿਹੀਆਂ ਵਾਰਦਾਤਾਂ ਦੇ ਸੰਬੰਧ ਵਿੱਚ ਕਾਫੀ ਕੇਸ ਦਰਜ ਹੁੰਦੇ ਹਨ। ਅਜਿਹੀ ਹੀ ਇੱਕ ਹਿੰਸਕ ਵਾਰਦਾਤ ਓਰੋਸੀ ਵਿੱਚ ਵਾਪਰੀ ਹੈ। ਦੋ ਵਿਅਕਤੀਆਂ ਨੂੰ ਵੀਰਵਾਰ ਸਵੇਰੇ ਓਰੋਸੀ ਵਿੱਚ ਇੱਕ ਗੋਲੀਬਾਰੀ ਲਈ ਗ੍ਰਿਫਤਾਰ ਕੀਤਾ ਗਿਆ ਹੈ ਜਿਹਨਾਂ ਨੇ ਇੱਕ ਵਿਅਕਤੀ ਨੂੰ ਮਾਰਨ ਲਈ ਗੋਲੀਬਾਰੀ ਕੀਤੀ। ਤੁਲਾਰੇ ਕਾਉਂਟੀ ਸ਼ੈਰਿਫ ਦੇ ਦਫ਼ਤਰ ਦੇ ਅਨੁਸਾਰ 24 ਸਾਲਾ ਜੁਆਨ ਕੌਂਟਰੇਰਾਸ ਅਤੇ 20 ਸਾਲਾ ਡੈਨੀਅਲ ਵਰਗਾਸ ਉੱਤੇ ਬ੍ਰਾਇਨ ਗੋਮੇਜ਼ ਨੂੰ ਗੋਲੀ ਮਾਰਨ ਅਤੇ ਗੰਭੀਰ ਰੂਪ ਵਿੱਚ ਜ਼ਖਮੀ ਕਰਨ ਲਈ ਕੇਸ ਦਰਜ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਅਧਿਕਾਰੀ ਸਵੇਰੇ ਕਰੀਬ 1 ਵਜੇ, ਗੋਲੀ ਲੱਗਣ ਦੀ ਸੂਚਨਾ ਮਿਲਣ ਤੇ ਰੋਡ 130 ਅਤੇ 420 ਐਵੀਨਿਊ ਪਹੁੰਚੇ ਜਿੱਥੇ ਉਨ੍ਹਾਂ ਨੂੰ ਇੱਕ ਵਿਅਕਤੀ ਹਾਦਸਾਗ੍ਰਸਤ ਕਾਰ ਵਿੱਚ ਜਖਮੀ ਮਿਲਿਆ। ਗੋਮੇਜ਼ ਨੂੰ ਗੋਲੀਆਂ ਲੱਗੀਆਂ ਸਨ ਤੇ ਜ਼ਖਮੀ ਹਾਲਤ ਵਿੱਚ ਸੀ। ਫਿਰ ਗੋਮੇਜ਼ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿਥੇ ਉਹ ਗੰਭੀਰ ਹਾਲਤ ਵਿੱਚ ਹੈ। ਇਸ ਘਟਨਾ ਦੇ ਦੋਸ਼ੀਆਂ ਕੌਂਟਰੇਰਾਸ ਅਤੇ ਵਰਗਾਸ ਨੂੰ ਵੀਰਵਾਰ ਦੇ ਬਾਅਦ ਗ੍ਰਿਫਤਾਰ ਕੀਤਾ ਗਿਆ। ਦੋਵਾਂ ਨੂੰ ਕਤਲ ਦੀ ਕੋਸ਼ਿਸ਼ ਦੇ ਦੋਸ਼ਾਂ ਲਈ ਪ੍ਰੀ-ਟਰਾਇਲ ਸੁਵਿਧਾ ਵਿੱਚ ਕੇਸ ਦਰਜ ਕੀਤਾ ਗਿਆ ਹੈ ,ਪਰ ਇਸਨੂੰ ਕਤਲ ਵਿੱਚ ਅਪਗ੍ਰੇਡ ਕੀਤੇ ਜਾਣ ਦੀ ਸੰਭਾਵਨਾ ਹੈ।

# ਫਰਿਜ਼ਨੋ ਕਾਉਂਟੀ ਬੋਰਡ ਆਫ ਸੁਪਰਵਾਈਜ਼ਰਸ ਤੇ ਕੋਰੋਨਾਂ ਦਾ ਪ੍ਰਕੋਪ- ਹੋਣਗੇ ਇਕਾਂਤਵਾਸ

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਕਾਉਂਟੀ ਦੇ ਬੋਰਡ ਆਫ਼ ਸੁਪਰਵਾਈਜ਼ਰਸ ਉੱਪਰ ਕੋਰੋਨਾਂ ਨੇ ਆਪਣਾ ਪ੍ਰਭਾਵ ਵਿਖਾਇਆ ਹੈ।ਸ਼ਹਿਰ ਦੀ ਇਸ ਪ੍ਰਸ਼ਾਸਨਿਕ ਇਮਾਰਤ ਵਿਚ ਕਿਸੇ ਇੱਕ ਵਰਕਰ ਦੇ ਕੋਰੋਨਾਂ ਵਾਇਰਸ ਪੀੜਿਤ ਹੋਣ ਤੋਂ ਬਾਅਦ ਇਸਦੇ ਸਟਾਫ ਨੂੰ ਇਕਾਂਤਵਾਸ ਵਿੱਚ ਜਾਣ ਲਈ



ਕਿਹਾ ਗਿਆ ਹੈ। ਇਸ ਕਾਊਂਟੀ ਦੇ ਬੁਲਾਰੇ ਜੌਰਡਨ ਸਕਾਟ ਨੇ ਦੱਸਿਆ ਕਿ ਕਾਉਂਟੀ ਹਾਲ ਆਫ ਰਿਕਾਰਡਜ਼ ਵਿਚ ਤੀਜੀ ਮੰਜ਼ਿਲ ’ਤੇ ਕੰਮ ਕਰਨ ਵਾਲਿਆਂ ਵਿਚ ਕੋਵਿਡ-19 ਦੇ ਇਕ ਸਕਾਰਾਤਮਕ ਮਾਮਲੇ ਦੀ ਰਿਪੋਰਟ ਮਿਲਣ ਤੋਂ ਬਾਅਦ ਇਸਦੇ ਲਗਭਗ 30 ਕਰਮਚਾਰੀਆਂ ਨੂੰ ਅਗਲੇ 14 ਦਿਨਾਂ ਲਈ ਘਰ ਤੋਂ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਸਕਾਟ ਅਨੁਸਾਰ ਸਾਵਧਾਨੀ ਦੇ ਤੌਰ ਤੇ ਸ਼ਹਿਰ ਦੇ ਦਫਤਰ ਨੂੰ ਬੰਦ ਕਰ ਦਿੱਤਾ ਹੈ। ਇਸ ਅਧਕਾਰੀ ਨੇ ਕਿਹਾ ਕਿ ਅਜੇ ਕਿਸੇ ਕਰਮਚਾਰੀ ਵਿੱਚ ਵਾਇਰਸ ਦੇ ਲੱਛਣ ਨਹੀ ਪਾਏ ਗਏ ਹਨ ਪਰ ਸੁਰੱਖਿਆ ਲਈ ਇਕਾਂਤਵਾਸ ਜਰੂਰੀ ਹੈ। ਇਸ ਦੌਰਾਨ ਅਧਿਕਾਰੀਆਂ ਨੂੰ ਸੁਪਰਵਾਈਜ਼ਰਸ ਦੀ 17 ਨਵੰਬਰ ਨੂੰ ਹੋਣ ਵਾਲੀ ਬੈਠਕ ਪ੍ਰਤੀ ਚਿੰਤਾ ਹੈ ਪਰ ਸੰਭਵ ਹੈ ਕਿ ਇਸ ਨੂੰ ਟੈਲੀਕਾਨਫਰੰਸ ਦੁਆਰਾ ਕੀਤਾ ਜਾ ਸਕਦਾ ਹੈ। ਜਦਕਿ ਪੀੜਿਤ ਸੁਪਰਵਾਈਜ਼ਰ ਸਾਲਲ ਕੁਇੰਟੇਰੋ ਹੈ, ਜੋ ਟੈਲੀਕਾਨਫਰੰਸ ਦੁਆਰਾ ਮੀਟਿੰਗਾਂ ਵਿਚ ਸ਼ਾਮਲ ਹੁੰਦਾ ਹੈ। ਸੂਤਰਾਂ ਅਨੁਸਾਰ ਮੁੱਖ ਪ੍ਰਬੰਧਕੀ ਇਮਾਰਤ ਦੀ ਪਹਿਲੀ ਅਤੇ ਦੂਜੀ ਮੰਜ਼ਿਲ ਲੋਕਾਂ ਲਈ ਆਮ ਵਾਂਗ ਖੁੱਲ੍ਹੀਆਂ ਹਨ।

# ਫਿਲਾਡੇਲਫਿਯਾ ਵੋਟ ਗਿਣਤੀ ਕੇਂਦਰ ਵਿੱਚ ਦੋ ਸ਼ੱਕੀ ਵਿਅਕਤੀ ਲਏ ਹਿਰਾਸਤ ’ਚ






**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਲੋਕਾਂ ਦੇ ਵਿਰੋਧ ਪ੍ਰਦਰਸ਼ਨਾਂ ਦੇ ਬਾਵਜੂਦ ਅਮਰੀਕਾ ਵਿੱਚ ਵੋਟਾਂ ਦੀ ਗਿਣਤੀ ਜਾਰੀ ਹੈ।ਕਈ ਖੇਤਰਾਂ ਵਿੱਚ ਵੋਟ ਗਿਣਤੀ ਦੇ ਕੇਂਦਰਾਂ ਬਾਹਰ ਉਮੀਦਵਾਰਾਂ ਦੇ ਸਮਰੱਥਕਾਂ ਦੁਆਰਾ ਰੋਸ਼ ਵੀ ਪ੍ਰਗਟ ਕੀਤਾ ਜਾ ਰਿਹਾ ਹੈ। ਇਸੇ ਦੌਰਾਨ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਦੋ ਵਿਅਕਤੀਆਂ ਨੂੰ ਪੈਨਸਿਲਵੇਨੀਆ ਕਨਵੈਨਸ਼ਨ ਸੈਂਟਰ ਦੇ ਬਾਹਰ ਹਮਲੇ ਦੀ ਫਿਰਾਕ ਲਈ ਹਿਰਾਸਤ ਵਿੱਚ ਲਿਆ ਗਿਆ ਹੈ। ਫਿਲਾਡੇਲਫਿਯਾ ਪੁਲਿਸ ਨੂੰ ਇੱਕ ਹਮਲੇ ਦੇ ਧਮਕੀ ਬਾਰੇ ਸੂਚਿਤ ਕੀਤੇ ਜਾਣ ਤੋਂ ਬਾਅਦ ਉਹਨਾਂ ਕੋਲੋਂ ਪੁੱਛਗਿੱਛ ਕੀਤੀ ਗਈ ਹੈ ਜਦਕਿ ਇਸ ਸਮੇਂ ਕੇਂਦਰ ਵਿੱਚ ਵੋਟਾਂ ਦੀ ਗਿਣਤੀ ਹੋ ਰਹੀ ਸੀ। ਪੁਲਿਸ ਅਨੁਸਾਰ ਉਨ੍ਹਾਂ ਨੂੰ ਵੀਰਵਾਰ ਰਾਤ 10 ਵਜੇ ਦੇ ਕਰੀਬ ਸੁਚੇਤ ਕੀਤਾ ਗਿਆ ਸੀ। ਪੁਲਿਸ ਦੇ ਅਨੁਸਾਰ ਇੱਕ ਸਿਲਵਰ ਰੰਗ ਦੀ ਹਮਰ ਕਾਰ ਚਲਾਉਣ ਵਾਲੇ ਰਾਜ ਤੋਂ ਬਾਹਰ ਦੇ ਵਿਅਕਤੀਆਂ ਦੇ ਇੱਕ ਸਮੂਹ ਤੋਂ ਕਿਸੇ ਤਰ੍ਹਾਂ ਦੇ ਹਮਲੇ ਦਾ ਖਤਰਾ ਸੀ। ਇਹਨਾਂ ਦੋਵੇ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਜਾਂਚ ਜਾਰੀ ਹੈ। ਇਸ ਗੱਲ ’ਤੇ ਕੋਈ ਪੁਸ਼ਟੀ ਨਹੀਂ ਹੋਈ ਹੈ ਕਿ ਵਾਹਨ ਵਿੱਚ ਕੋਈ ਹਥਿਆਰ ਵੀ ਸਨ। ਟਰੰਪ ਦੀ ਪੈਨਸਿਲਵੇਨੀਆ ਵਿੱਚ ਜੋਏ ਬਾਈਡੇਨ ਉੱਤੇ ਵੋਟਾਂ ਵਿੱਚ ਬੜਤ ਵੀਰਵਾਰ ਨੂੰ ਘੱਟ ਗਈ ਹੈ ਜਦਕਿ ਰਾਸ਼ਟਰਪਤੀ ਨੇ ਪੈਨਸਿਲਵੇਨੀਆ ਅਤੇ ਹੋਰ ਪ੍ਰਮੁੱਖ ਰਾਜਾਂ ਵਿੱਚ ਵੋਟਾਂ ਦੀ ਧੋਖਾਧੜੀ ਦੇ ਬੇਬੁਨਿਆਦ ਦਾਅਵੇ ਕੀਤੇ ਸਨ। ਸ਼ਹਿਰ ਦੇ ਇਸ ਗਿਣਤੀ ਕੇਂਦਰ ਦੇ ਬਾਹਰ ਵੀਰਵਾਰ ਨੂੰ ਬਹੁਤ ਜਿਆਦਾ ਤਣਾਅ ਸੀ ਜਿਸ ਦੌਰਾਨ ਟਰੰਪ ਅਤੇ ਬਾਈਡੇਨ ਦੇ ਸਮਰੱਥਕਾਂ ਨੇ ਵਿਰੋਧ ਪ੍ਰਦਰਸ਼ਨ ਕੀਤਾ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com






# ਇਕ ਦੇਸ਼ ਦੀ ਮਹਾਨਤਾ ਇਸਦੇ ਲੀਡਰ 'ਤੇ ਨਿਰਭਰ ਕਰਦੀ ਹੈ

ਆਪਣੇ ਦੇਸ਼ ਨੂੰ ਵਿਸ਼ਾਲ ਰੂਪ ਵਿਚ ਸੁਧਾਰਨ ਅਤੇ ਇਸ ਨੂੰ ਦੁਬਾਰਾ ਮਹਾਨ ਬਣਾਉਣ ਲਈ, ਇਕ ਵਧੀਆ ਨੇਤਾ ਚੁਣ ਕੇ ਸ਼ੁਰੂਆਤ ਕਰੋ। ਮੀਡੀਆ ਜਾਂ ਕਿਸੇ ਦੇ ਥਾਪੜੇ ਦੁਆਰਾ ਚਮਕਾਏ ਗਏ ਲੋਕਾਂ ਨੂੰ ਨਾ ਚੁਣੋ , ਬਲਕਿ ਉਨ੍ਹਾਂ ਦੀ ਚੋਣ ਕਰੋ ਜੋ ਉਹ ਨਹੀਂ ਚੁਣਦੇ। ਉਨ੍ਹਾਂ ਲੋਕਾਂ ਵਿਚੋਂ ਇਕ ਨੇਤਾ ਚੁਣੋ ਜੋ ਦਿਲ ਤੋਂ ਕੰਮ ਲਈ ਪ੍ਰੇਰਿਤ ਹੋਵੇ, ਇਕ ਮਨੁੱਖ ਜਿਹੜਾ ਸੜਕ 'ਤੇ ਜਾਂਦੇ ਆਮ ਆਦਮੀ ਨੂੰ ਪਛਾਣਦਾ ਹੈ ਅਤੇ ਸਮਝਦਾ ਹੈ ਕਿ ਦੇਸ਼ ਨੂੰ ਹਰ ਪੱਧਰ 'ਤੇ ਕਿਸ ਚੀਜ਼ ਦੀ ਜ਼ਰੂਰਤ ਹੈ। ਕਿਸੇ ਅਜਿਹੇ ਨੇਤਾ ਨੂੰ ਨਾ ਚੁਣੋ ਜੋ ਸਿਰਫ ਪੈਸੇ ਨਾਲ ਚੱਲਣ ਵਾਲਾ ਹੋਵੇ ਅਤੇ ਉਹ ਕਿਸੇ ਜਰੂਰਤ ਨੂੰ ਨਾ ਸਮਝੇ ਜਾਂ ਆਮ ਆਦਮੀ ਨੂੰ ਨਾਂ ਪਛਾਣੇ ਪਰ ਸਿਰਫ ਕਾਰਪੋਰੇਸ਼ਨਾਂ ਦੀ ਹਰ ਪੱਧਰ ਤੇ ਜ਼ਰੂਰਤ ਨੂੰ ਪੂਰਾ ਕਰੇ। ਇੱਕ ਸ਼ਾਂਤੀ ਦਾ ਪੁੰਜ ਚੁਣੋ ਜੋ ਜੋੜਦਾ ਹੋਵੇ, ਨਾ ਕਿ ਵੰਡੀਆ ਪਾਉਂਦਾ ਹੋਵੇ।। ਇੱਕ ਸਭਿਆਚਾਰਕ ਨੇਤਾ ਜੋ ਕਿ ਕਲਾ ਅਤੇ ਬੋਲਣ ਦੀ ਸੱਚੀ ਆਜ਼ਾਦੀ ਦਾ ਸਮਰਥਨ ਕਰੇ, ਸੈਂਸਰਸ਼ਿਪ ਨਹੀਂ। ਇਕ ਅਜਿਹਾ ਆਗੂ ਚੁਣੋ ਜੋ ਨਾ ਸਿਰਫ ਬੈਂਕਾਂ ਅਤੇ ਏਅਰਲਾਈਨਾਂ ਨੂੰ



ਸੁਰੱਖਿਆ ਦੇਵੇ, ਬਲਕਿ ਪਰਿਵਾਰਾਂ ਨੂੰ ਉਨ੍ਹਾਂ ਦੇ ਘਰ ਗੁਆਉਣ ਜਾਂ ਨੌਕਰੀਆਂ ਲਈ ਹੋਰ ਦੇਸ਼ਾਂ ਵਿੱਚ ਜਾਣ ਤੋਂ ਬਚਾਵੇ। ਇੱਕ ਅਜਿਹਾ ਆਗੂ ਚੁਣੋ ਜੋ ਸਕੂਲਾਂ ਨੂੰ ਫੰਡ ਦੇਵੇਗਾ, ਵਿਦਿਆ ਉੱਤੇ ਖਰਚਿਆਂ ਨੂੰ ਸੀਮਿਤ ਨਹੀਂ ਕਰੇਗਾ। ਇੱਕ ਨੇਤਾ ਚੁਣੋ ਜੋ ਜੰਗ ਦੇ ਬਾਰੇ ਵਿੱਚ ਕੂਟਨੀਤੀ ਦੀ ਚੋਣ ਕਰਦਾ ਹੈ ਅਤੇ ਵਿਦੇਸ਼ੀ ਸੰਬੰਧਾਂ ਵਿਚ ਜਾਨ ਪਾਉਣ ਵਾਲਾ ਇਮਾਨਦਾਰ ਜ਼ਰੀਆ ਹੋਵੇ। ਇੱਕ ਇਮਾਨਦਾਰ ਆਗੂ ਜੋ ਉਹ ਆਪਣੀ ਸਹੀ ਗੱਲ ਰੱਖਦਾ ਹੈ ਅਤੇ ਆਪਣੇ ਲੋਕਾਂ ਨਾਲ ਝੂਠ ਨਹੀਂ ਬੋਲਦਾ। ਇਕ ਅਜਿਹਾ ਨੇਤਾ ਚੁਣੋ ਜੋ ਮਜ਼ਬੂਤ , ਭਰੋਸੇਮੰਦ ਪਰ ਬਨਿਮਰ ਹੋਵੇ ਅਤੇ ਸੂਝਵਾਨ, ਪਰ ਚਾਪਲੂਸ ਤੇ ਠੱਗ ਨਾ ਹੋਵੇ । ਇੱਕ ਅਜਿਹਾ ਨੇਤਾ ਜਿਹੜਾ ਨਸਲਵਾਦ ਨੂੰ ਨਹੀਂ, ਵਿਭਿੰਨਤਾ ਨੂੰ ਉਤਸ਼ਾਹਿਤ ਕਰਦਾ ਹੈ। ਨੇਤਾ ਜਿਹੜਾ ਕਿਸਾਨੀ, ਅਧਿਆਪਕ, ਡਾਕਟਰ ਅਤੇ ਵਾਤਾਵਰਣ ਦੀਆਂ ਜਰੂਰਤਾਂ ਨੂੰ ਸਮਝਦਾ ਹੋਵੇ ਨਾ ਕਿ ਸਿਰਫ ਸ਼ਾਹੂਕਾਰ, ਤੇਲ ਦਾ ਕੰਮ ਕਰਨ ਵਾਲੇ, ਹਥਿਆਰ ਬਣਾਉਣ ਵਾਲੇ, ਜਾਂ ਬੀਮਾ ਅਤੇ ਫਾਰਮਾਸਿਉਟੀਕਲ ਲਾਬਿਸਟ ਦਾ ਪੱਖ ਪੂਰੇ। ਇਕ ਅਜਿਹਾ ਆਗੂ ਚੁਣੋ ਜੋ ਤੁਹਾਡੇ ਦੇਸ਼ ਵਿਚ ਨੌਕਰੀਆਂ ਪੈਦਾ ਕਰੇ ਅਤੇ ਕੰਪਨੀਆਂ ਨੂੰ ਸਿਰਫ ਉਨ੍ਹਾਂ ਦੇ ਦਾਇਰੇ ਵਿੱਚ ਰਹਿਣ ਦੀ ਪੇਸ਼ਕਸ਼ ਕਰੇ ਨਾਂ ਕਿ ਰਾਸ਼ਟਰੀ ਰੁਜ਼ਗਾਰ ਸੰਕਟ ਹੋਣ ਤੇ ਕਾਰਪੋਰੇਸ਼ਨਾਂ ਨੂੰ ਸਸਤੀ ਕਿਰਤ ਲਈ ਨੌਕਰੀਆਂ ਆਉਟਸੋਰਸ ਕਰਨ ਦੀ ਆਗਿਆ ਦਿੰਦਾ ਹੋਵੇ। ਇੱਕ ਅਜਿਹਾ ਨੇਤਾ ਚੁਣੋ ਜੋ ਪੁਲਾਂ ਦੀ ਉਸਾਰੀ ਵਿੱਚ ਨਿਵੇਸ਼ ਕਰੇਗਾ, ਨਾ ਕਿ ਦੀਵਾਰਾਂ ਲਈ, ਕਿਤਾਬਾਂ ਲਈ ਹਥਿਆਰ ਲਈ ਨਹੀਂ, ਭ੍ਰਿਸ਼ਟਾਚਾਰ ਦੀ ਥਾਂ ਨੈਤਿਕਤਾ, ਅਗਿਆਨਤਾ ਦੀ ਜਗ੍ਹਾ ਬੌਧਿਕਤਾ ਅਤੇ ਸਿਆਣਪ, ਨਾ ਡਰ ਅਤੇ ਦਹਿਸ਼ਤ, ਹਫੜਾ-ਦਫੜੀ ਨਾਲੋਂ ਸ਼ਾਂਤੀ ਨੂੰ ਪਹਿਲ ਦੇਵੇ। ਇਸਦੇ ਨਾਲ ਹੀ ਪਿਆਰ ਕਰੇ ਨਫ਼ਰਤ ਨਹੀਂ, ਪਰਿਵਰਤਨ ਪਰ ਅਲੱਗ ਨਹੀਂ,ਸਹਿਣਸ਼ੀਲਤਾ ਕਰੇ ਵਿਤਕਰਾ ਨਹੀਂ, ਨਿਰਪੱਖਤਾ ਕਰੇ ਪਖੰਡ ਨਹੀਂ, ਚਰਿੱਤਰ ਵਾਲਾ ਹੋਵੇ ਅਪਵਿੱਤਰ ਨਹੀਂ,ਪਾਰਦਰਸ਼ਤਾ ਦਿਖਾਵੇ ਗੁਪਤਤਾ ਨਹੀਂ ਅਤੇ ਨਿਆਂ ਕਰੇ ਕੁਧਰਮ ਨਹੀਂ । ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਇੱਕ ਮਹਾਨ ਨੇਤਾ ਨੂੰ ਪਹਿਲਾਂ ਬਹੁਤੇ ਰਾਸ਼ਟਰੀ ਕਾਰਪੋਰੇਸ਼ਨਾਂ ਦੀ ਨਹੀਂ, ਲੋਕਾਂ ਦੇ ਭਲੇ ਦੀ ਸੇਵਾ ਕਰਨੀ ਚਾਹੀਦੀ ਹੈ। ਮਨੁੱਖੀ ਜੀਵਨ ਨੂੰ ਕਦੇ ਵੀ ਮੁਦਰਾ ਲਾਭ ਲਈ ਕੁਰਬਾਨ ਨਹੀਂ ਕੀਤਾ ਜਾਣਾ ਚਾਹੀਦਾ ਇਸ ਵਿੱਚ ਕੋਈ ਅਪਵਾਦ ਨਹੀਂ ਹੈ। ਇਸ ਤੋਂ ਇਲਾਵਾ, ਇਕ ਨੇਤਾ ਹਮੇਸ਼ਾਂ ਆਲੋਚਨਾ ਕਰਨ ਲਈ ਖੁੱਲਾ ਹੋਣਾ ਚਾਹੀਦਾ ਹੈ, ਮਤਭੇਦਾਂ ਨੂੰ ਚੁੱਪ ਕਰਾਉਣ ਲਈ ਨਹੀਂ। ਕੋਈ ਵੀ ਆਗੂ ਜਿਹੜਾ ਲੋਕਾਂ ਦੀ ਆਲੋਚਨਾ ਨੂੰ ਬਰਦਾਸ਼ਤ ਨਹੀਂ ਕਰਦਾ ਹੈ, ਆਪਣੇ ਗੰਦੇ ਹੱਥਾਂ ਨਾਲ ਭਾਰੀ ਰੌਸ਼ਨੀ ਦੇ ਸਾਮ੍ਹਣੇ ਆਉਣ ਤੋਂ ਡਰਦਾ ਹੈ ਅਤੇ ਅਜਿਹਾ ਆਗੂ ਹੀ ਖ਼ਤਰਨਾਕ ਹੈ, ਕਿਉਂਕਿ ਉਹ ਸਿਰਫ ਹਨੇਰੇ ਵਿੱਚ ਸੁਰੱਖਿਅਤ ਮਹਿਸੂਸ ਕਰਦਾ ਹੈ। ਸਿਰਫ ਇੱਕ ਨੇਤਾ ਜੋ ਭ੍ਰਿਸ਼ਟਾਚਾਰ ਤੋਂ ਮੁਕਤ ਹੈ ਪੜਤਾਲ ਦਾ ਸਵਾਗਤ ਕਰਦਾ ਹੈ, ਕਿਉਂਕਿ ਪੜਤਾਲ ਇੱਕ ਚੰਗੇ ਨੇਤਾ ਨੂੰ ਵਧੀਆ ਲੀਡਰ ਬਣਨ ਦੀ ਆਗਿਆ ਦਿੰਦੀ ਹੈ। ਅੰਤ ਵਿੱਚ, ਇੱਕ ਅਜਿਹਾ ਨੇਤਾ ਚੁਣੋ ਜੋ ਨਾਗਰਿਕਾਂ ਨੂੰ ਮਾਣ ਦਿਵਾਏਗਾ। ਉਹ ਜੋ ਲੋਕਾਂ ਦੇ ਦਿਲਾਂ ਨੂੰ ਰੋਸ਼ਨ ਕਰੇਗਾ, ਤਾਂ ਜੋ ਕਿਸੇ ਕੌਮ ਦੇ ਬੇਟੇ ਅਤੇ ਧੀਆਂ ਆਪਣੇ ਨੇਤਾ ਦੀ ਮਹਾਨਤਾ ਦਾ ਅਨੁਮਾਨ ਲਗਾਉਣ ਦੀ ਕੋਸ਼ਿਸ਼ ਕਰਨ। ਇੱਕ ਰਾਸ਼ਟਰ ਸੱਚਮੁੱਚ ਉਦੋਂ ਮਹਾਨ ਹੋਵੇਗਾ, ਜਦੋਂ ਇੱਕ ਲੀਡਰ ਭਵਿੱਖ ਦੇ ਨੇਤਾ, ਫੈਸਲਾ ਲੈਣ ਵਾਲੇ ਅਤੇ ਸ਼ਾਂਤੀ ਨਿਰਮਾਤਾ ਬਣਨ ਦੇ ਯੋਗ ਨਾਗਰਿਕਾਂ ਨੂੰ ਪ੍ਰੇਰਿਤ ਅਤੇ ਪੈਦਾ ਕਰਦਾ ਹੈ ਅਤੇ ਇਸ ਸਮੇਂ ਵਿਚ, ਇਕ ਮਹਾਨ ਨੇਤਾ ਬਹੁਤ ਬਹਾਦਰ ਵੀ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਲੀਡਰਸ਼ਿਪ ਨੂੰ ਰਿਸ਼ਵਤ ਦੀ ਬਜਾਏ ਸਿਰਫ ਉਨ੍ਹਾਂ ਦੀ ਜ਼ਮੀਰ ਦੁਆਰਾ ਚਲਾਇਆ ਜਾਣਾ ਚਾਹੀਦਾ ਹੈ।

**ਲੇਖਕ- ਸੂਜ਼ੀ, ਅਮਰੀਕਾ** (Suzy, Author, USA)

**ਪੰਜਾਬੀ 'ਚ ਉਲੱਥਾ - ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'**

# ਅਮਰੀਕਾ ਵਿੱਚ ਬੈਲਟ ਦੀ ਗਿਣਤੀ ਦੌਰਾਨ ਹੋਏ ਵਿਰੋਧ ਪ੍ਰਦਰਸ਼ਨ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**- ਅਮਰੀਕੀ ਰਾਸ਼ਟਰਪਤੀ ਅਹੁਦੇ ਦੀ ਦੌੜ ਵਿੱਚ ਇਸ ਵਾਰ ਉਮੀਦਵਾਰਾਂ ਵਿੱਚ ਫਸਵੀ ਟੱਕਰ ਹੈ। ਡੋਨਾਲਡ ਟਰੰਪ ਅਤੇ ਜੋਏ ਬਾਈਡੇਨ ਇੱਕ ਦੂਜੇ ਨੂੰ ਫਸਵਾ ਮੁਕਾਬਲਾ ਦੇ ਰਹੇ ਹਨ। ਵੋਟਾਂ ਦੇ ਗਰਮ ਮਾਹੌਲ ਦੌਰਾਨ ਚੋਣ ਦਿਵਸ ਤੋਂ ਲੈ ਕੇ ਇਸਦੇ ਬੈਲਟਾਂ ਦੀ ਹੋ ਰਹੀ ਗਿਣਤੀ ਦੌਰਾਨ ਕਈ ਥਾਵਾਂ ਤੇ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਦੇਸ਼ ਭਰ ਦੇ ਕਈ ਸਮੂਹਾਂ ਨੇ ਵੀਰਵਾਰ ਨੂੰ ਫੀਨਿਕਸ, ਫਿਲਾਡੇਲਫਿਆ, ਲਾਸ ਵੇਗਾਸ, ਐਟਲਾਂਟਾ ਅਤੇ ਡੀਟ੍ਰਾਯੇਟ ਵਿੱਚ ਬੈਲਟ ਗਿਣਨ ਵਾਲੀਆਂ ਥਾਵਾਂ ਦੇ ਬਾਹਰ ਪ੍ਰਦਰਸ਼ਨ ਕੀਤਾ ਕਿਉਂਕਿ ਪ੍ਰਮੁੱਖ ਰਾਜਾਂ ਵਿੱਚ ਬੈਲਟ ਦੀ ਅੰਤਮ ਗਿਣਤੀ ਜਾਰੀ ਹੈ। ਇਹਨਾਂ ਵਿੱਚ ਬਹੁਤ ਸਾਰੇ ਪ੍ਰਦਰਸ਼ਨਾਂ ਨੂੰ ਸਾਜ਼ਿਸ਼ ਦੁਆਰਾ ਉਤਸ਼ਾਹਿਤ ਕੀਤਾ ਗਿਆ ਹੈ ਜੋ ਕਿ ਧੋਖਾਧੜੀ ਤੇ ਕੇਂਦ੍ਰਿਤ ਹਨ । ਇਹਨਾਂ ਪ੍ਰਦਰਸ਼ਨਾਂ ਦੌਰਾਨ ਕਿਹਾ ਜਾ ਰਿਹਾ ਹੈ ਕਿ ਡੈਮੋਕਰੇਟ ਰਾਸ਼ਟਰਪਤੀ ਉਮੀਦਵਾਰ ਜੋਏ ਬਾਈਡੇਨ ਲਈ ਜਾਅਲੀ ਬੈਲਟ ਤਿਆਰ ਕਰ ਰਹੇ ਹਨ। ਇਸ ਤਰ੍ਹਾਂ ਦੀਆਂ ਅਫਵਾਹਾਂ ਰਾਸ਼ਟਰਪਤੀ ਟਰੰਪ ਅਤੇ ਉਸ ਦੇ ਸਹਿਯੋਗੀਆਂ ਦੇ ਦੋਸ਼ਾਂ ਦੁਆਰਾ ਤੇਜ਼ੀ ਸੋਸ਼ਲ ਮੀਡੀਆ 'ਤੇ ਫੈਲ ਗਈਆਂ ਹਨ। ਰਾਸ਼ਟਰਪਤੀ ਟਰੰਪ ਨੇ ਵੀ ਵੀਰਵਾਰ ਨੂੰ ਟਵੀਟ '' ਕਾਉਂਟ ਨੂੰ ਰੋਕੋ '' ਕੀਤਾ ਕਿਉਂਕਿ ਵੋਟਾਂ ਦੀ ਵੱਧ ਰਹੀ ਗਿਣਤੀ ਨੇ ਕੁਝ ਰਾਜਾਂ ਵਿਚ ਬਾਈਡੇਨ ਨਾਲੋਂ ਉਸ ਦੀ ਬੜ੍ਹਤ ਨੂੰ ਘਟਾਇਆ ਹੈ।




ਇਸਦੇ ਇਲਾਵਾ ਵੀਰਵਾਰ ਸ਼ਾਮ ਨੂੰ ਫਿਲਾਡੇਲਫਿਯਾ ਖੇਤਰ ਵਿੱਚ ਇੱਕ ਸੰਦੇਸ਼ ਜਾਰੀ ਹੋਇਆ, ਜਿਸ ਵਿੱਚ ਟਰੰਪ ਦੇ ਸਮਰਥਕਾਂ ਨੂੰ ਸ਼ਹਿਰ ਦੇ ਕਨਵੈਨਸ਼ਨ ਸੈਂਟਰ ਦੇ ਸਾਮ੍ਹਣੇ ਪ੍ਰਦਰਸ਼ਨ ਕਰਨ ਦੀ ਅਪੀਲ ਕੀਤੀ ਗਈ ਸੀ, ਜਿਥੇ ਹਾਲੇ ਬੈਲਟਾਂ ਪਈਆਂ ਸਨ। ਇਸਦੇ ਨਾਲ ਹੀ ਚੋਣ ਦਿਵਸ ਤੋਂ ਲੈ ਕੇ, ਟਰੰਪ ਦੀ ਮੁਹਿੰਮ ਨੇ ਪੈਨਸਿਲਵੇਨੀਆ, ਨੇਵਾਡਾ ਅਤੇ ਮਿਸ਼ੀਗਨ ਸਣੇ ਪ੍ਰਮੁੱਖ ਰਾਜਾਂ ਵਿੱਚ ਵੋਟਾਂ ਦੀ ਗਿਣਤੀ ਨੂੰ ਰੋਕਣ ਦੀ ਕੋਸ਼ਿਸ਼ ਵਿੱਚ ਕਾਨੂੰਨੀ ਕਾਰਵਾਈ ਦੀ ਧਮਕੀ ਵੀ ਦਿੱਤੀ ਹੈ। ਇੱਕ ਵਿਰੋਧੀ ਪ੍ਰਦਰਸ਼ਨ ਵਿੱਚ ਟਰੰਪ ਦੇ ਕੁਝ ਸੌ ਸਮਰਥਕ ਲਾਸ ਵੇਗਸ ਦੇ ਕਲਾਰਕ ਕਾਉਂਟੀ ਚੋਣ ਹੈਡਕੁਆਰਟਰ ਵਿਖੇ ਇਕੱਠੇ ਹੋਏ । ਉਹਨਾਂ ਕੋਲ ਅਮਰੀਕੀ ਝੰਡੇ ਅਤੇ "ਟਰੰਪ 2020" ਦੇ ਬੈਨਰ ਸਨ।ਪ੍ਰਦਰਸ਼ਨ ਵਿੱਚ "ਮੇਰੀ ਵੋਟ ਚੋਰੀ ਨਾ ਕਰੋ" ਅਤੇ "ਸਾਰੀਆਂ ਕਾਨੂੰਨੀ ਵੋਟਾਂ ਦੀ ਗਿਣਤੀ ਕਰੋ" ਆਦਿ ਸੰਕੇਤ ਲਿਖੇ ਹੋਏ ਸਨ। ਹੋਰ ਕਈ ਖੇਤਰਾਂ ਜਿਵੇਂ ਕਿ ਐਰੀਜੋਨਾਂ, ਐਟਲਾਂਟਾ, ਮਿਸ਼ੀਗਨ, ਮਿਨੀਸੋਟਾ ਆਦਿ ਵਿੱਚ ਵੀ ਗਿਣਤੀ ਦੌਰਾਨ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ।

# ਟੈਕਸਾਸ ਵਿੱਚ ਕੋਰੋਨਾਂ ਨੇ ਫੜੀ ਰਫਤਾਰ, ਪੀੜ੍ਹਿਤਾਂ ਦੀ ਗਿਣਤੀ ਨੇ ਛੂਹਿਆ 1 ਮਿਲੀਅਨ ਦਾ ਅੰਕੜਾ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**- ਕੋਰੋਨਾਂ ਕਾਲ ਦੌਰਾਨ ਅਮਰੀਕਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਸਦੇ ਕਈ ਰਾਜਾਂ ਵਿੱਚ ਇਸ ਮਹਾਂਮਾਰੀ ਨੇ ਹਾਲਾਤ ਕਾਫੀ ਵਿਗਾੜ ਦਿੱਤੇ ਹਨ। ਇਹਨਾਂ ਦੀ ਸੂਚੀ ਵਿੱਚ ਹੁਣ ਟੈਕਸਾਸ ਦਾ ਨਾਮ ਵੀ ਸ਼ਾਮਿਲ ਹੋ ਗਿਆ ਹੈ।

ਸ਼ੁੱਕਰਵਾਰ ਨੂੰ ਦੇਸ਼ ਦੀਆਂ ਰਾਸ਼ਟਰਪਤੀ ਦੀਆਂ ਚੋਣਾਂ ਦੇ ਸਰਗਰਮ ਮਾਹੌਲ ਦੇ ਦੌਰਾਨ ਟੈਕਸਾਸ ਨੇ ਕੋਵਿਡ -19 ਦੇ 10 ਲੱਖ ਮਾਮਲਿਆਂ ਨੂੰ ਪਾਰ ਕਰ ਲਿਆ ਹੈ। ਤਾਜ਼ਾ ਅੰਕੜਿਆਂ ਅਨੁਸਾਰ ਸ਼ੁੱਕਰਵਾਰ ਦੇਰ ਰਾਤ ਤੱਕ 1,000,589 ਪੁਸ਼ਟੀ ਕੀਤੇ ਗਏ ਕੇਸ ਦਰਜ਼ ਕੀਤੇ ਗਏ ਹਨ। ਟੈਕਸਾਸ ਨੇ ਵਾਇਰਸ ਦੇ ਕੇਸਾਂ ਵਿੱਚ ਕੈਲੀਫੋਰਨੀਆਂ ਨੂੰ ਪਿੱਛੇ ਛੱਡਿਆ ਹੈ ਜਿੱਥੇ ਇਸ ਮਹੀਨੇ 960,361 ਕੇਸ ਹਨ ਪਰ ਦੋਵਾਂ ਰਾਜਾਂ ਵਿੱਚ ਪਿਛਲੇ ਦੋ ਹਫ਼ਤਿਆਂ ਵਿੱਚ ਨਵੇਂ ਕੇਸਾਂ ਵਿੱਚ ਵਾਧਾ ਹੋਇਆ ਹੈ। ਇੱਕ ਵਿਸ਼ਲੇਸ਼ਣ ਨੇ ਦੱਸਿਆ ਕਿ ਟੈਕਸਾਸ ਵਿਚ 40% ਅਤੇ ਕੈਲੀਫੋਰਨੀਆਂ ਵਿਚ 31 ਪ੍ਰਤੀਸ਼ਤ ਕੋਰੋਨਾਂ ਵਾਇਰਸ ਮਾਮਲੇ ਸਾਹਮਣੇ ਆਏ ਹਨ। ਜਿਸ ਕਾਰਨ ਸ਼ੁੱਕਰਵਾਰ ਨੂੰ ਪੂਰੇ ਅਮਰੀਕਾ ਵਿੱਚ 122,365 ਨਵੇਂ ਕੇਸਾਂ ਦਾ ਵਾਧਾ ਹੋਇਆ ਹੈ। ਇਸ ਨੇ ਰੋਜ਼ਾਨਾ ਕੋਰੋਨਾਂ ਵਾਇਰਸ ਕੇਸਾਂ ਦੇ ਪਿਛਲੇ ਰਿਕਾਰਡ ਨੂੰ ਵੀ ਤੋੜ ਦਿੱਤਾ ਹੈ।



ਇਸਦੇ ਨਾਲ ਹੀ ਸ਼ੁੱਕਰਵਾਰ ਸਵੇਰ ਤੱਕ ਕੁੱਲ 18,977 ਮੌਤਾਂ ਨਾਲ ਟੈਕਸਾਸ ਵਿਚ ਪਿਛਲੇ ਦੋ ਹਫ਼ਤਿਆਂ ਦੌਰਾਨ 10 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਜੌਹਨ ਹੌਪਕਿਨਜ਼ ਯੂਨੀਵਰਸਿਟੀ ਦੇ ਕੋਵਿਡ -19 ਡੈਸ਼ਬੋਰਡ ਦੇ ਅਨੁਸਾਰ, ਲਗਭਗ 9.7 ਮਿਲੀਅਨ ਮਾਮਲਿਆਂ ਅਤੇ ਲਗਭਗ 237,000 ਮੌਤਾਂ ਦੇ ਨਾਲ, ਸੰਯੁਕਤ ਰਾਜ ਅਮਰੀਕਾ ਸਭ ਤੋਂ ਅੱਗੇ ਹੈ।

# ਵ੍ਹਾਈਟ ਹਾਊਸ ਦੇ ਚੀਫ ਆਫ ਸਟਾਫ ਮਾਰਕ ਮੀਡੋਜ਼ ਹੋਏ ਕੋਰੋਨਾਂ ਪੀੜ੍ਹਤ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**- ਵ੍ਹਾਈਟ ਹਾਊਸ ਦੇ ਚੀਫ ਆਫ ਸਟਾਫ ਅਤੇ ਟਰੰਪ ਦੇ ਖਾਸ ਸਹਿਯੋਗੀ ਮਾਰਕ ਮੀਡੋਜ਼ ਦੀ ਕੋਰੋਨਾਂ ਦੁਆਰਾ ਪੀੜਤ ਹੋਣ ਦੀ ਸੂਚਨਾ ਸਾਹਮਣੇ ਆਈ ਹੈ। ਉਹਨਾਂ ਦੇ ਕੋਵਿਡ -19 ਲਈ ਪਾਜੀਟਿਵ ਟੈਸਟ ਕੀਤੇ ਜਾਣ ਦੀ ਜਾਣਕਾਰੀ ਇਸਦੀ ਇਲਾਜ ਪ੍ਰਕਿਰਿਆ ਤੋਂ ਜਾਣੂੰ ਇੱਕ ਸਰੋਤ ਨੇ ਸ਼ੁੱਕਰਵਾਰ ਨੂੰ ਦਿੱਤੀ ਹੈ। ਇਸ ਬਾਰੇ ਪਹਿਲਾਂ ਜਦੋਂ ਸੰਯੁਕਤ ਰਾਜ ਨੇ ਪਿਛਲੇ ਰਿਕਾਰਡ ਨੂੰ ਤੋੜਦਿਆਂ, 100,000 ਤੋਂ ਜ਼ਿਆਦਾ ਨਵੇਂ ਕੋਰੋਨਾਂ ਵਾਇਰਸ ਦੇ ਕੇਸ ਤੀਜੇ ਦਿਨ ਰਿਕਾਰਡ ਕੀਤੇ ਸਨ ਤਾਂ ਬਲੂਮਬਰਗ ਦੁਆਰਾ ਪਹਿਲੀ ਵਾਰ ਇਸਦਾ ਖੁਲਾਸਾ ਕੀਤਾ ਗਿਆ ਸੀ ਪਰ ਇਹ ਤੁਰੰਤ ਸਪਸ਼ਟ ਨਹੀਂ ਹੋਇਆ ਕਿ ਮੀਡੋਜ਼ ਨੇ ਸਕਾਰਾਤਮਕ ਟੈਸਟ ਕੀਤਾ ਸੀ।ਟਰੰਪ ਨੇ ਮਾਰਚ ਵਿੱਚ ਮੀਡੋਜ਼ ਨੂੰ ਆਪਣੇ ਨਵੇ ਚੀਫ਼ ਆਫ਼ ਸਟਾਫ ਦਾ ਅਹੁਦਾ ਦਿੱਤਾ ਸੀ। ਉੱਤਰ ਕੈਰੋਲਿਨਾ ਦੇ ਸਾਬਕਾ ਸੰਸਦ ਮੈਂਬਰ ਅਤੇ ਹਾਊਸ ਫਰੀਡਮ ਕਾਕਸ ਦੇ ਇਕ ਸਮੇਂ ਦੇ ਨੇਤਾ, ਮੈਡੋਜ਼ ਲੰਬੇ ਸਮੇਂ ਤੋਂ ਟਰੰਪ ਦੇ ਵਫ਼ਾਦਾਰ ਰਹੇ ਹਨ।ਇੰਨਾ ਹੀ ਨਹੀਂ ਵ੍ਹਾਈਟ ਹਾਊਸ ਵਿੱਚ ਚੋਣ ਨਾਈਟ ਦੀ ਪਾਰਟੀ ਵਿੱਚ ਵੀ ਪੋਲ ਬੰਦ ਹੋਣ ਤੋਂ ਬਾਅਦ ਬੁੱਧਵਾਰ ਸਵੇਰੇ ਮੈਡੋਜ਼ ਸ਼ਾਮਲ ਹੋਏ ਸਨ, ਜਿੱਥੇ ਟਰੰਪ ਨੇ ਰਾਸ਼ਟਰਪਤੀ ਦੀ ਚੋਣ ਜਿੱਤਣ ਦਾ ਝੂਠਾ ਦਾਅਵਾ ਕੀਤਾ ਸੀ ਕਿਉਂਕਿ ਵੋਟਾਂ ਦੀ ਗਿਣਤੀ ਅਜੇ ਵੀ ਬਾਕੀ ਹੈ । ਉਸ ਸਮੇਂ ਬਹੁਤ ਸਾਰੇ ਹਾਜ਼ਰੀਨਾਂ ਦੇ ਮਾਸਕ ਨਹੀਂ ਪਹਿਨੇ ਸਨ ਅਤੇ ਉਹ ਰਾਸ਼ਟਰਪਤੀ ਦੇ ਭਾਸ਼ਣ ਤੋਂ ਪਹਿਲਾਂ ਭੋਜਨ ਖਾਂਦੇ ਅਤੇ ਮਿਲਦੇ ਵੀ ਵੇਖੇ ਗਏ ਸਨ। ਇਸ ਤੋਂ ਇਲਾਵਾ ਟਰੰਪ ਦੀ ਮੁਹਿੰਮ ਦੇ ਸਹਾਇਕ ਨਿਕ ਟ੍ਰੇਨਰ ਨੇ ਵੀ ਸਕਾਰਾਤਮਕ ਟੈਸਟ ਕੀਤਾ ਸੀ ਇਨ੍ਹਾਂ ਮਾਮਲਿਆਂ ਤੋਂ ਪਹਿਲਾਂ ਵੀ 28 ਪ੍ਰਸ਼ਾਸਨਿਕ ਅਧਿਕਾਰੀ, ਮੁਹਿੰਮ ਦੇ ਅਧਿਕਾਰੀ ਅਤੇ ਹੋਰ ਨੇੜਲੇ ਸੰਪਰਕਾਂ ਨੇ ਵ੍ਹਾਈਟ ਹਾਊਸ ਵਿਚ ਸਤੰਬਰ ਦੇ ਅਖੀਰ ਵਿਚ ਅਤੇ ਅਕਤੂਬਰ ਦੇ ਸ਼ੁਰੂ ਵਿਚ ਵਾਇਰਸ ਲਈ ਪਾਜੀਟਿਵ ਟੈਸਟ ਕੀਤੇ ਸਨ ਜਿਹਨਾਂ ਵਿੱਚੋਂ, ਘੱਟੋ ਘੱਟ 14 ਲੋਕ ਉਹ ਸਨ ਜੋ ਸੁਪਰੀਮ ਕੋਰਟ ਦੇ ਜਸਟਿਸ ਐਮੀ ਕੌਨੀ ਬੈਰੇਟ ਲਈ 26 ਸਤੰਬਰ ਦੇ ਰੋਜ਼ ਗਾਰਡਨ ਪ੍ਰੋਗਰਾਮ ਵਿਚ ਸ਼ਾਮਲ ਹੋਏ ਸਨ।



ਪਿਛਲੇ ਦਿਨਾਂ ਦੌਰਾਨ ਵ੍ਹਾਈਟ ਹਾਊਸ, ਕਾਂਗਰਸ ਅਤੇ ਟਰੰਪ ਦੀ ਮੁਹਿੰਮ ਦੇ ਹੋਰ ਉੱਚ-ਪ੍ਰੋਫਾਈਲ ਅਧਿਕਾਰੀ ਰਾਸ਼ਟਰਪਤੀ ਸਮੇਤ ਵਾਇਰਸ ਤੋਂ ਪੀੜਤ ਹੋਏ ਸਨ ਅਤੇ ਬਹੁਤ ਸਾਰੇ ਹੁਣ ਠੀਕ ਵੀ ਹੋ ਗਏ ਹਨ।

# ਫਰਿਜ਼ਨੋ ਵਿੱਚ ਕੋਰੋਨਾਂ ਵਾਇਰਸ ਦਾ ਕਹਿਰ ਜਾਰੀ , ਲਾਗ ਦੀ ਗਿਣਤੀ ਹੋਈ 32,000 ਤੋਂ ਪਾਰ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**- ਸੰਸਾਰ ਦੇ ਕਈ ਹੋਰ ਦੇਸਾਂ ਸਮੇਤ ਅਮਰੀਕਾ ਵਿੱਚ ਵੀ ਕੋਰੋਨਾਂ ਵਾਇਰਸ ਦਾ ਪ੍ਰਕੋਪ ਅਜੇ ਜਾਰੀ ਹੈ। ਦੇਸ਼ ਦੇ ਕਈ ਖੇਤਰਾਂ ਦੇ ਨਾਲ-ਨਾਲ ਫਰਿਜ਼ਨੋ ਵਿੱਚ ਵੀ ਵਾਇਰਸ ਦੀ ਲਾਗ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਕਾਉਂਟੀ ਵਿੱਚ ਸ਼ੁੱਕਰਵਾਰ ਨੂੰ 100 ਤੋਂ ਵੱਧ ਨਵੇਂ ਕੋਰੋਨਾਂ ਵਾਇਰਸ ਸੰਕਰਮਣ ਦੇ ਕੇਸ ਦਰਜ ਹੋਣ ਦੀ ਸੂਚਨਾ ਹੈ, ਅਤੇ ਕਾਉਂਟੀ ਦੇ ਮੈਡੀਕਲ ਅਧਿਕਾਰੀਆਂ ਨੇ ਕੋਵਿਡ-19 ਕਰਕੇ 7 ਹੋਰ ਮੌਤਾਂ ਹੋਣ ਦੀ ਜਾਣਕਾਰੀ ਦਿੱਤੀ ਹੈ। ਫਰਿਜ਼ਨੋ ਦੇ ਸਿਹਤ ਅਧਿਕਾਰੀ ਡਾ. ਰਾਇਸ ਵੋਹਰਾ ਨੇ ਦੱਸਿਆ ਕਿ ਮਾਰਚ ਦੇ ਅਰੰਭ ਵਿੱਚ ਵਾਇਰਸ ਦੇ ਮਾਮਲਿਆਂ ਦੀ ਪੁਸ਼ਟੀ ਹੋਣ ਤੋਂ ਬਾਅਦ ਖੇਤਰ ਵਿੱਚ ਲਾਗ ਦੀ ਕੁੱਲ ਗਿਣਤੀ 32,000 ਨੂੰ ਪਾਰ ਕਰ ਗਈ ਹੈ। ਇਸਦੇ ਨਾਲ ਹੀ ਵੋਹਰਾ ਵੱਲੋਂ ਸ਼ੁੱਕਰਵਾਰ ਨੂੰ ਮੌਤਾਂ ਸੰਬੰਧੀ ਦਿੱਤੀ ਅਪਡੇਟ ਅਨੁਸਾਰ ਮੌਤਾਂ ਦੀ ਕੁੱਲ ਗਿਣਤੀ 454 ਹੋ ਗਈ ਹੈ।ਉਹਨਾਂ ਅਨੁਸਾਰ ਅਜਿਹੇ ਕਾਰੋਬਾਰੀ ਮਾਲਕ ਜੋ ਰਾਜ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੇ ਹਨ, ਜਨਤਕ ਸਿਹਤ ਅਤੇ ਆਰਥਿਕਤਾ ਲਈ ਖਤਰਾ ਬਣਦੇ ਹਨ।ਯੂ ਐਸ ਵਿੱਚ ਇਸ ਹਫਤੇ ਪ੍ਰਤੀ ਦਿਨ 100,000 ਤੋਂ ਵੱਧ ਹੋ ਰਹੇ ਕੇਸ ਨਵੇਂ ਰਿਕਾਰਡ ਬਣਾ ਰਹੇ ਹਨ। ਇਸਦੇ ਨਾਲ ਹੀ ਪੂਰੀ ਵੈਲੀ ਵਿੱਚ ਸ਼ੁੱਕਰਵਾਰ ਜਿਸ ਵਿੱਚ ਫਰਿਜ਼ਨੋ, ਕਿੰਗਜ਼, ਮਡੇਰਾ, ਮਰੀਪੋਸਾ, ਮਰਸੀਡ ਅਤੇ ਤੁਲਾਰੇ ਕਾਉਂਟੀ ਆਦਿ ਸ਼ਾਮਿਲ ਹਨ ਵਿੱਚ 337 ਨਵੇਂ ਕੇਸ ਸਾਹਮਣੇ ਆਏ ਹਨ, ਜਿਨ੍ਹਾਂ ਨੇ ਇਸ ਖੇਤਰ ਨੂੰ 1079 ਮੌਤਾਂ ਨਾਲ ਤਕਰੀਬਨ 74,500 ਵਾਇਰਸ ਪੀੜਤ ਲੋਕਾਂ ਦੀ ਗਿਣਤੀ ਤੱਕ ਪਹੁੰਚਾ ਦਿੱਤਾ ਹੈ।

# ਕੋਰੋਨਾਂ ਮੌਤਾਂ ਦੇ ਵੱਧਣ ਨਾਲ, ਏਲ ਪਾਸੋ ਵਿੱਚ ਲਾਸ਼ਾਂ ਲਈ ਘਟੀ ਜਗ੍ਹਾ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)**- ਅਮਰੀਕਾ ਵਿੱਚ ਕੋ-ਰੋਨਾਂ ਵਾਇਰਸ ਦੇ ਨਵੇਂ ਕੇਸਾਂ ਦੇ ਨਾਲ ਮੌਤਾਂ ਵਿੱਚ ਵੀ ਵਾਧਾ ਜਾਰੀ ਹੈ। ਇਹਨਾਂ ਹੋ ਰਹੀਆਂ ਮੌਤਾਂ ਕਰਕੇ ਟੈਕਸਾਸ ਸਟੇਟ ਦੇ ਏਲ ਪਾਸੋ ਵਿੱਚ ਲਾਸ਼ਾਂ ਨੂੰ ਰੱਖਣ ਦੀ ਥਾਂ ਘੱਟ ਪੈ ਗਈ ਹੈ। ਅਧਿਕਾਰੀਆਂ ਨੇ ਸੋਮਵਾਰ ਨੂੰ ਹੋਈ ਕਾਉਂਟੀ ਕਮਿਸ਼ਨਰ ਦੀ ਬੈਠਕ ਵਿੱਚ ਦੱਸਿਆ ਕਿ ਕੋਰੋਨਾਂ ਵਾਇਰਸ ਮਹਾਂਮਾਰੀ ਨੇ ਤਿੰਨ ਹਫਤਿਆਂ ਵਿੱਚ 110 ਤੋਂ ਵੱਧ ਏਲ ਪਾਸੋ ਨਿਵਾਸੀਆਂ ਨੂੰ ਮਾਰ ਦਿੱਤਾ ਹੈ ਜਿਸ ਕਰਕੇ ਪੱਛਮੀ ਟੈਕਸਾਸ ਕਮਿਊਨਿਟੀ ਆਪਣੇ ਮਰੇ ਹੋਏ ਲੋਕਾਂ ਨੂੰ ਸਟੋਰ ਕਰਨ ਲਈ ਸੰਘਰਸ਼ ਕਰ ਰਹੀ ਹੈ। ਸੋਮਵਾਰ ਨੂੰ ਜਾਰੀ ਕੀਤੇ ਗਏ ਜਨ ਸਿਹਤ ਦੇ ਅੰਕੜਿਆਂ ਅਨੁਸਾਰ ਏਲ ਪਾਸੋ ਕਾਉਂਟੀ ਵਿੱਚ ਮਹਾਂਮਾਰੀ ਦੇ ਫੈਲਣ ਤੋਂ ਬਾਅਦ ਕੋਰੋਨਾਂ ਵਾਇਰਸ ਦੇ 64,158 ਸਕਾਰਾਤਮਕ ਟੈਸਟ ਕੀਤੇ ਗਏ ਹਨ ਅਤੇ ਘੱਟੋ ਘੱਟ 673 ਕੋਵਿਡ -19 ਮੌਤਾਂ ਹੋਈਆਂ ਹਨ। ਇਕ ਹਫਤੇ ਪਹਿਲਾਂ ਮਾਰੇ ਗਏ 673 ਮ੍ਰਿਤਕਾਂ ਦੀ ਗਿਣਤੀ 605 ਸੀ ਜਿਹੜੀ ਕਿ 26 ਅਕਤੂਬਰ ਤੱਕ 576 ਸੀ। ਇਸ ਮਾਮਲੇ ਵਿੱਚ ਏਲ ਪਾਸੋ ਦੇ ਕਮਿਸ਼ਨਰ ਡੇਵਿਡ ਸਟੌਟ ਨੇ ਮੀਟਿੰਗ ਵਿੱਚ ਕਿਹਾ ਕਿ ਸੈਂਕੜੇ ਹੋਰ ਤਫ਼ਤੀਸ਼ ਅਧੀਨ ਹਨ। ਅਧਿਕਾਰੀਆਂ ਨੇ ਦੱਸਿਆ ਕਿ ਕਾਉਂਟੀ ਕੋਲ ਹੁਣ ਛੇ ਮੋਬਾਈਲ ਮੋਰਗੇਜ ਹਨ, ਅਤੇ ਚਾਰ ਹੋਰਾਂ ਲਈ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਗਈ ਹੈ। ਸੰਯੁਕਤ ਰਾਜ ਦੇ ਜ਼ਿਲ੍ਹਾ ਅਦਾਲਤ ਦੇ ਇੱਕ ਜੱਜ ਨੇ ਸ਼ੁੱਕਰਵਾਰ ਨੂੰ ਏਲ ਪਾਸੋ ਕਾਉਂਟੀ ਵਿੱਚ ਵੱਧ ਰਹੀਆਂ ਮੌਤਾਂ ਨੂੰ ਵੇਖਦੇ ਹੋਏ ਦੇ 29 ਅਕਤੂਬਰ ਦੇ ਸਾਰੇ ਗੈਰ-ਜ਼ਰੂਰੀ ਕਾਰੋਬਾਰਾਂ ਨੂੰ ਬੰਦ ਕਰਨ ਦੇ ਆਦੇਸ਼ ਨੂੰ ਬਰਕਰਾਰ ਰੱਖਿਆ ਹੈ।

# ਸਿੱਖ ਭਾਈਚਾਰੇ ਨਾਲ ਸਬੰਧਤ ਕਈ ਉਮੀਦਵਾਰ ਜਿੱਤੇ ਤੇ ਕਈ ਹਾਰੇ

**ਸੈਕਰਾਮੈਂਟੋ, ਕੈਲੀਫੋਰਨੀਆ :(ਹੁਸਨ ਲੜੋਆ ਬੰਗਾ)**– ਅਮਰੀਕਾ ਦੀਆਂ ਇਨਾਂ ਚੋਣਾ ਚ ਜਿਥੇ ਸਿੱਖ ਭਾਈਚਾਰੇ ਸਬੰਧਤ ਕਈ ਓਮਦਾਰਾਂ ਨੇ ਆਪਣੇ ਵਿਰੋਧੀਆਂ ਤੋਂ ਜਿੱਤ ਪ੍ਰਾਪਤ ਕੀਤੀ ਉਥੇ ਹੀ ਕੁਝ ਉਮਿਦਵਾਰਾ ਨੂੰ ਹਾਰ ਦਾ ਮੂੰਹ ਵੀ ਦੇਖਣਾ ਪਿਆ। ਲੈਥਰੋਪ, ਕੈਲੀਫੋਰਨੀਆ ਸ਼ਹਿਰ ਚ ਪੰਜਵੀਂ ਵਾਰ ਮੇਅਰ ਲਈ ਖੜੇ ਸੁਖਮਿੰਦਰ ਸਿੰਘ ਧਾਲੀਵਾਲ ਬਿਨਾਂ ਮੁਕਾਬਲਾ ਚੁਣੇ ਗਏ। ਧਾਲੀਵਾਲ ਬੰਗਾ ਲਾਗੇ ਪਿੰਡ ਲੰਗੇਰੀ ਦੇ ਵਸਨੀਕ ਹਨ ਉਨਾਂ ਦਾ ਸਥਾਨਿਕ ਪੰਜਾਬੀ ਭਾਈਚਾਰੇ ਵਿੱਚ ਵੀ ਕਾਫੀ ਰਸੂਖ ਹੈ। ਐਲਕ ਗਰੋਵ ਤੋਂ ਮੇਅਰ ਦੀ







ਚੋਣ ਲਈ ਲੜੀ ਸਿੱਖ ਭਾਈਚਾਰੇ ਨਾਲ ਸਬੰਧਿਤ ਤੇ ਲਖਵਿੰਦਰ ਸਿੰਘ ਲੱਖੀ ਦੀ ਬੇਟੀ ਚੋਣ ਚ ਆਪਣੇ ਵਿਰੋਧੀ ਤੇ ਦੋ ਵਾਰ ਪਹਿਲਾਂ ਜਿਤੇ ਸਟੀਵ ਲੀ ਨੂੰ ਹਰਾ ਕੇ ਜਿੱਤੀ। ਇਸੇ ਤਰਾਂ ਹੀ ਬਜੁਰਗ ਸਿੱਖ ਆਗੂ ਸ. ਦਿਦਾਰ ਸਿੰਘ ਬੈਂਸ ਦੇ ਪੁੱਤਰ ਕਰਮਦੀਪ ਸਿੰਘ ਬੈਂਸ ਜੋ ਯੂਬਾ ਸਿਟੀ ਡਿਸਟਿਕ 4 ਤੋਂ ਕਾਊਂਟੀ ਸੁਪਰਵਾਈਜਰ ਦੀ ਚੋਣ ਚੋਂ ਆਪਣੇ ਵਿਰੋਧੀ ਤੇ ਪੰਜਾਬੀ ਭਾਈਚਾਰੇ ਚੋਂ ਹੀ ਤੇਜ ਮਾਨ ਨੂੰ ਹਰਾ ਕੇ ਜਿੱਤੇ। ਇਥੇ ਹੀ ਡਿਸਟਿਕ 5 ਤੋਂ ਪੰਜਾਬੀ ਭਾਈਚਾਰੇ ਵਿੱਚ ਸਤਿਕਾਰੇ ਜਾਂਦੇ ਸਰਬ ਥਿਆਰਾ ਆਪਣੇ ਵਿਰੋਧੀ ਮੈਟ ਕੋਨੈਂਟ ਤੋਂ ਚੋਣ ਹਾਰ ਗਏ । ਐਲਕ ਗਰੋਵ ਤੋਂ ਕੌਸਲ ਮੈਂਬਰ ਦੀ ਚੋਣ ਲੜ ਰਹੇ ਅਮਰਦੀਪ ਸਿੰਘ ਦੀ ਵੀ ਪੰਜਾਬੀ ਭਾਈਚਾਰੇ ਵਲੋ ਕਾਫੀ ਮੱਦਦ ਕੀਤੀ ਗਈ ਸੀ ਵੀ ਚੋਣ ਹਾਰ ਗਏ। ਸੀਰੀਸ ਸ਼ਹਿਰ ਤੋਂ ਕੌਸਲ ਮੈਂਬਰ ਵਜੋਂ ਚੋਣ ਲੜ ਰਹੇ ਮਹਿੰਦਰ ਸਿੰਘ ਕੰਡਾ ਵੀ ਚੋਣ ਹਾਰ ਗਏ।

## ਭਾਰਤੀ ਮੂਲ ਦੇ ਅਮਰੀਕੀ ਰਾਜਾ ਕ੍ਰਿਸ਼ਨਾਮੂਰਤੀ ਨੇ ਤੀਸਰੀ ਵਾਰ ਜਿੱਤ ਕੇ ਰਚਿਆ ਇਤਿਹਾਸ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**— ਭਾਰਤੀ ਮੂਲ ਦੇ ਅਮਰੀਕੀ ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ 8 ਵੇਂ ਡਿਸਟ੍ਰਿਕਟ ਇਲੀਨੋਇਸ ਤੋਂ ਫਿਰ ਪ੍ਰਤੀਨਿੱਧ ਸਦਨ ਲਈ ਚੁਣੇ ਗਏ ਹਨ। ਕਿਸ਼ਨਾਮੂਰਤੀ ਨੂੰ 70% ਵੋਟਾਂ ਮਿਲੀਆਂ। ਉਹ ਤੀਸਰੀ ਵਾਰ ਪ੍ਰਤੀਨਿੱਧ ਸਦਨ ਲਈ ਚੁਣੇ ਗਏ ਹਨ। ਆਪਣੇ ਜਿੱਤ ਉਪੰਰਤ ਉਨਾਂ ਨੇ ਆਪਣੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨਾਂ ਨੇ ਮੇਰੀ ਮੁੜ ਜਿੱਤ ਨੂੰ ਸੰਭਵ ਬਣਾਇਆ ਹੈ। ਮੈ ਉਨਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਦਾ ਹਮੇਸ਼ਾਂ ਯਤਨ ਕਰਦਾ ਰਹਾਂਗਾ।

## ਨੀਰਜ ਅੰਤਾਨੀ ਓਹੀਓ ਵਿਚ ਚੋਣ ਜਿੱਤਣ ਵਾਲੇ ਪਹਿਲੇ ਭਾਰਤੀ ਮੂਲ ਦੇ ਪਹਿਲੇ ਸਟੇਟ ਸੈਨੇਟਰ ਬਣੇ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**— ਭਾਰਤੀ ਮੂਲ ਦੇ ਅਮਰੀਕਨ ਨੀਰਜ ਅੰਤਾਨੀ ਨੇ ਓਹੀਓ ਵਿਚ ਸਟੇਟ ਸੈਨੇਟ ਦੀ ਚੋਣ ਜਿੱਤ ਲਈ ਹੈ। ਉਹ 6 ਵੇਂ ਡਿਸਟ੍ਰਿਕਟ (ਮੋਂਟਗੋਮਰੀ ਕਾਊਂਟੀ) ਤੋਂ ਰਿਪਬਲੀਕਨ ਉਮੀਦਵਾਰ ਵਜੋਂ ਚੋਣ ਜਿੱਤਣ ਵਾਲੇ ਪਹਿਲੇ ਭਾਰਤੀ ਮੂਲ ਦੇ ਅਮਰੀਕੀ ਹਨ। 29 ਸਾਲਾ ਨੀਰਜ ਅੰਤਾਨੀ ਨੇ ਆਪਣੇ ਸਮ-ਰਥਕਾਂ ਦਾ ਧੰਨਵਾਦ ਕੀਤਾ ਹੈ ਤੇ ਕਿਹਾ ਹੈ ਕਿ ਮੈ ਸਟੇਟ ਸੈਨੇਟਰ ਵਜੋਂ ਸਖਤ ਮਿਹਨਤ ਕਰਾਂਗਾ ਤੇ ਓਹੀਓ ਵਾਸੀਆਂ ਦੀਆਂ ਆਸਾਂ ਉਪਰ ਪੂਰਾ ਉਤਰਨ ਦਾ ਯਤਨ ਕਰਾਂਗਾ।



## ਲਾਸ ਵੇਗਾਸ ਵਿਚ ਗੋਲੀ ਚੱਲੀ 3 ਵਿਅਕਤੀ ਜ਼ਖਮੀ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਲੰਘੀ ਰਾਤ ਲਾਸ ਵੇਗਾਸ ਦੇ ਸਰਕਸ ਹੋਟਲ ਤੇ ਕੈਸੀਨੋ ਵਿਖੇ ਐਡਵੈਨਚਰਡੋਮ ਥੀਮ ਪਾਰਕ ਵਿਚ ਚੱਲੀ ਗੋਲੀ ਦੌਰਾਨ 3 ਵਿਅਕਤੀਆਂ ਦੇ ਜ਼ਖਮੀ ਹੋਣ ਦੀ ਰਿਪੋਰਟ ਹੈ। ਲਾਸ ਵੇਗਾਸ ਮੈਟਰੋਪੋਲੀਟਨ ਪੁਲਿਸ ਵਿਭਾਗ ਦੇ ਬੁਲਾਰੇ ਲੈਫਟੀਨੈਂਟ ਡੋਰੀ ਕੋਰੇਨ ਨੇ ਕਿਹਾ ਕਿ ਤਿੰਨ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ ਜਿਥੇ ਫਿਲਹਾਲ ਉਨਾਂ ਦੀ ਹਾਲਤ ਸਥਿੱਰ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਪਰੰਤੂ ਉਸ ਦਾ ਕਹਿਣਾ ਹੈ ਕਿ ਇਹ ਦੋ ਨੌਜਵਾਨ ਧੜਿਆਂ ਵਿਚਾਲੇ ਹੋਏ ਝਗੜੇ ਦਾ ਮਾਮਲਾ ਹੈ। ਪੁਲਿਸ ਅਨੁਸਾਰ ਇਸ ਘਟਨਾ ਤੋਂ ਬਾਅਦ ਖੇਤਰ ਵਿਚ ਕਿਸੇ ਕਿਸਮ ਦਾ ਤਨਾਅ ਜਾਂ ਸਹਿਮ ਨਹੀਂ ਹੈ। ਆਮ ਜਨਤਾ ਨੂੰ ਇਸ ਘਟਨਾ ਤੋਂ ਕੋਈ ਖਤਰਾ ਨਹੀਂ ਹੈ। ਮਾਮਲੇ ਦੀ ਜਾਂਚ ਉਪਰੰਤ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

## ਟਰੰਪ ਨੇ ਰੱਖਿਆ ਸਕੱਤਰ ਨੂੰ ਬਰਖਾਸਤ ਕਰਕੇ ਅਹੁੱਦੇ ਉਪਰ ਬਣੇ ਰਹਿਣ ਦਾ ਦਿੱਤਾ ਸੰਕੇਤ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ)**– ਚੋਣਾਂ ਵਿਚ ਹੋਈ ਹਾਰ ਨੂੰ ਸਵਿਕਾਰ ਨਾ ਕਰਨ 'ਤੇ ਅੜੇ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਗੁਰੇਜ ਨਹੀਂ ਕਰ ਰਹੇ। ਉਨਾਂ ਨੇ ਇਕ ਤਾਜ਼ਾ ਆਦੇਸ਼ ਜਾਰੀ ਕਰਕੇ ਰੱਖਿਆ ਸਕੱਤਰ ਮਾਰਕ ਐਸਪਰ ਨੂੰ ਹਟਾ ਦਿੱਤਾ ਹੈ। ਰੱਖਿਆ ਸਕੱਤਰ ਨੂੰ ਹਟਾਉਣ ਦੀ ਜਾਣਕਾਰੀ ਉਨਾਂ ਨੇ ਟਵਿਟਰ ਉਪਰ ਦਿੱਤੀ ਹੈ।

ਰੱਖਿਆ ਸਕੱਤਰ ਦਾ ਅਹੁੱਦਾ ਬਹੁਤ ਸ਼ਕਤੀਸ਼ਾਲੀ ਹੁੰਦਾ ਹੈ। ਮਈ ਵਿਚ ਪੁਲਿਸ ਹੱਥੋਂ ਕਾਲੇ ਵਿਅਕਤੀ ਜਾਰਜ ਫਲਾਇਡ ਦੀ ਹੋਈ ਹੱਤਿਆ ਤੋਂ ਬਾਅਦ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਹੋਏ ਹਿੰਸਕ ਪ੍ਰਦਰਸ਼ਨਾਂ ਉਪਰ ਕਾਬੂ ਪਾਉਣ ਲਈ ਰਾਸ਼ਟਰਪਤੀ ਟਰੰਪ ਦੀ ਫੌਜ ਨੂੰ ਵਰਤਣ ਦੀ ਇੱਛਾ ਦਾ ਮਾਰਕ ਐਸਪਰ ਨੇ ਵਿਰੋਧ ਕੀਤਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਚੋਣਾਂ ਤੋਂ ਕਈ ਹਫ਼ਤੇ ਪਹਿਲਾਂ ਹੀ ਐਸਪਰ ਨੇ ਆਪਣਾ ਅਸਤੀਫ਼ਾ ਦੇਣ ਦਾ ਮੰਨ ਬਣਾ ਲਿਆ ਸੀ। ਉਹ ਜਾਣਦੇ ਸਨ ਕਿ ਟਰੰਪ ਉਨਾਂ ਨੂੰ ਅਹੁੱਦੇ ਉਪਰ ਨਹੀਂ ਰਹਿਣ ਦੇਣਗੇ। ਦਰਅਸਲ ਸੋਮਵਾਰ ਨੂੰ ਹੋਈ ਇਕ ਮੀਟਿੰਗ ਵਿਚ ਟਰੰਪ ਦੀ ਚੋਣ ਮੁਹਿੰਮ ਦੇ ਉੱਚ ਅਧਿਕਾਰੀਆਂ ਨੇ ਇਹ ਦਾਅਵਾ ਕੀਤਾ ਕਿ ਉਹ ਅਜੇ ਵੀ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਨਹੀਂ ਹੋਏ। ਟਰੰਪ ਅਗਲੇ ਦਿਨਾਂ ਦੌਰਾਨ ਕੁਝ ਹੋਰ ਵੀ ਅਜਿਹੇ ਕਦਮ ਚੁੱਕ ਸਕਦੇ ਹਨ ਜਿਸ ਤੋਂ ਉਹ ਸੰਦੇਸ਼ ਦੇਣਾ ਚਹੁੰਦੇ ਹਨ ਕਿ ਉਹ ਰਾਸ਼ਟਰਪਤੀ ਹਨ ਤੇ ਰਹਿਣਗੇ। ਰੱਖਿਆ ਸਕੱਤਰ ਨੂੰ ਹਟਾ ਕੇ ਉਨਾਂ ਨੇ ਆਪਣੇ ਇਰਾਦੇ ਸਪੱਸ਼ਟ ਕਰ ਦਿੱਤੇ ਹਨ। ਜੋਅ ਬਾਈਡੇਨ ਨੇ ਅਗਲੇ ਸਾਲ 20 ਜਨਵਰੀ ਨੂੰ ਅਹੁੱਦੇ ਦੀ ਸਹੁੰ ਚੁੱਕਣੀ ਹੈ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600 Fax : (530) 870-1429
532, Houston St.
West Sacramento, CA 95691
Email: myfuturetruck@gmail.com

Dharminder Singh

# ਭਗਵਾਨ ਵਾਲਮੀਕੀ ਜੀ ਨੇ ਅਗਿਆਨਤਾ ਦੇ ਹਨੇਰੇ ਵਿਚ ਭਟਕ ਰਹੀ ਕੌਮ ਨੂੰ ਗਿਆਨ ਦਾ ਰਸਤਾ ਦਿਖਾਇਆ-ਧਾਲੀਵਾਲ





**ਫਗਵਾੜਾ (ਬੀ.ਕੇ.ਰੱਤੂ)–** ਭਗਵਾਨ ਵਾਲਮੀਕੀ ਜੀ ਦੇ ਪਰਕਾਸ਼ ਪੁਰਬ ਦੇ ਸੰਬੰਧ ਵਿਚ ਆਯੋਜਿਤ ਇੱਕ ਸਮਾਗਮ ਫਗਵਾੜਾ ਦੇ ਦਰਵੇਸ਼ ਪਿੰਡ ਵਿਚ ਕਰਵਾਏ ਗਏ ਧਾਰਮਿਕ ਸਮਾਗਮ ਦੌਰਾਨ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ (ਰਿਟਾਇਰਡ ਆਈਏਐਸ) ਨੇ ਸ਼ਿਰਕਤ ਕੀਤੀ ਅਤੇ ਪ੍ਰਭੂ ਚਰਨਾਂ ਵਿਚ ਸੀਸ ਨਿਵਾ ਕੇ ਅਸ਼ੀਰਵਾਦ ਲਿਆ। ਉਨ੍ਹਾਂ ਨੇ ਆਪਣੇ ਕਰ ਕਮਲਾ ਨਾਲ ਝੰਡਾ ਚੜ੍ਹਾਉਣ ਦੀ ਰਸਮ ਕੀਤੀ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸ.ਧਾਲੀਵਾਲ ਨੇ ਭਗਵਾਨ ਵਾਲਮੀਕੀ ਪਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਦੀਆਂ ਤੋ ਲਤਾੜੀ ਜਾ ਰਹੀ ਕੌਮ ਜੋ ਅਗਿਆਨਤਾ ਦੇ ਹਨੇਰੇ ਵਿਚ ਭਟਕ ਰਹੀ ਸੀ ਨੂੰ ਗਿਆਨ ਦਾ ਰਸਤਾ ਦਿਖਾਇਆ। ਭਗਵਾਨ ਵਾਲਮੀਕੀ ਇਸ ਬ੍ਰਹਮਾਂਡ ਦੀ ਇੱਕ ਮਹਾਨ ਵਿਭੂਤੀ ਹੋਈ ਹੈ ਜਿੰਨਾ ਨੇ ਸ਼੍ਰੀ ਰਾਮ ਦੇ ਜਨਮ ਤੋ ਪਹਿਲਾਂ ਹੀ ਸ਼੍ਰੀ ਰਾਮਾਇਣ ਦੀ ਰਚਨਾ ਕਰ ਆਪਣੇ ਅਦਭੁਤ ਗਿਆਨ ਅਤੇ ਵਿੱਦਿਆ ਦਾ ਲੋਹਾ ਮਨਵਾਇਆ। ਸ਼੍ਰੀ ਰਾਮਾਇਣ ਵਿਚ ਲਿਖਿਆ ਇੱਕ ਇੱਕ ਅੱਖਰ ਇਨਸਾਨ ਨੂੰ ਮਰਿਆਦਾ ਵਿਚ ਰਹਿਣ ਅਤੇ ਰਿਸ਼ਤਿਆਂ ਦੀ ਕਦਰਾਂ ਕੀਮਤਾਂ ਦੀ ਰਾਖੀ ਕਰਨ ਦਾ ਸੰਦੇਸ਼ ਦਿੰਦਾ ਹੈ। ਇਸ ਮੌਕੇ ਪਿੰਡ ਦੀ ਪੰਚਾਇਤ,ਮੋਹਤਬਰਾ ਸਜਣਾ ਅਤੇ ਸਮਾਗਮ ਪ੍ਰਬੰਧਕਾ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਨਰੇਸ਼ ਭਾਰਦਵਾਜ, ਉਪ ਚੇਅਰਮੈਨ ਜਗਜੀਵਨ ਖਲਵਾੜਾ, ਵਿਨੋਦ ਵਰਮਾਨੀ, ਵਿੱਕੀ ਵਾਲੀਆ, ਜਗਜੀਤ ਬਿੱਟੂ, ਆਈ.ਬੀ ਦੇ ਸਾਬਕਾ ਅਧਿਕਾਰੀ ਡੀ.ਆਰ.ਮੱਟੂ, ਚਰਨਜੀਤ ਮੱਟੂ, ਖ਼ੁਸ਼ੀ ਰਾਮ, ਗਿਆਨ ਚੰਦ, ਰਮੇਸ਼ ਲਾਲ, ਦੇਵ ਰਾਜ, ਸਰਵਨ ਰਾਮ, ਦਰਸ਼ਨ ਲਾਲ, ਚਮਨ ਲਾਲ ਬਾਬਾ ਜੀ, ਪ੍ਰੇਮ ਘਾਰੂ, ਕਮਲ ਪੰਚ, ਗੁਰਨਾਮ ਰਾਮ, ਰੂਪ ਲਾਲ ਝੱਲੀ, ਪੰਚ ਗੁਰਤੇਜ ਸਿੰਘ, ਸੰਨੀ ਕੁਮਾਰ, ਪੰਚ ਮਨਜੀਤ ਕੌਰ, ਸਾਬਕਾ ਸਰਪੰਚ ਜਸਵਿੰਦਰ ਕੌਰ, ਸਾਬਕਾ ਸਰਪੰਚ ਰੇਸ਼ਮ ਸਿੰਘ, ਰਾਜ ਕੁਮਾਰ, ਗੁਰਮੀਤ ਸਿੰਘ, ਕਸ਼ਮੀਰ ਸਿੰਘ, ਸੁਰਿੰਦਰ ਸਿੰਘ,ਮੋਹਨ ਲਾਲ, ਕੁਲਦੀਪ ਮੱਟੂ, ਅਮਰੀਕ ਮੱਟੂ, ਸਾਬਕਾ ਸਰਪੰਚ ਕਰਨੈਲ ਸਿੰਘ, ਗੁਰਨਾਮ ਮੱਟੂ, ਰਾਜ ਪਾਲ, ਸੋਮ ਨਾਥ ਸਮੇਤ ਭਾਰੀ ਗਿਣਤੀ ਵਿਚ ਪਿੰਡ ਵਾਸੀ ਹਾਜ਼ਰ ਸਨ।

# ਰੈਪਰ ਕਿੰਗ ਵਾਨ ਦੀ ਐਟਲਾਂਟਾ ਵਿੱਚ ਗੋਲੀਬਾਰੀ ਦੌਰਾਨ ਹੋਈ ਮੌਤ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕਾ ਵਿੱਚ ਆਏ ਦਿਨ ਗੋਲੀਬਾਰੀ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇਸਦੇ ਤਾਜਾ ਮਾਮਲੇ ਵਿੱਚ ਹੋਈ ਗੋਲੀਬਾਰੀ ਵਿੱਚ ਅਮਰੀਕਾ ਦੇ ਉੱਭਰ ਰਹੇ ਰੈਪਰ ਕਿੰਗ ਵਾਨ ਦੀ ਗੋਲੀ ਲੱਗਣ ਨਾਲ ਮੌਤ ਹੋ ਜਾਣ ਦੀ ਘਟਨਾ ਵਾਪਰੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸ਼ੁੱਕਰਵਾਰ ਸਵੇਰੇ ਐਟਲਾਂਟਾ ਵਿੱਚ ਇੱਕ ਹੁੱਕਾ ਬਾਰ ਦੇ ਬਾਹਰ ਗੋਲੀਆਂ ਚੱਲਣ ਤੋਂ ਬਾਅਦ ਰੈਪਰ ਕਿੰਗ ਵਾਨ ਅਤੇ ਇਕ ਹੋਰ ਵਿਅਕਤੀ ਨੂੰ ਜਾਨ ਤੋਂ ਮਾਰ ਦਿੱਤਾ ਗਿਆ ਹੈ।ਇਸ ਘਟਨਾ ਦੌਰਾਨ ਐਟਲਾਂਟਾ ਦੇ ਦੋ ਪੁਲਿਸ ਅਧਿਕਾਰੀ, ਜਿਨ੍ਹਾਂ ਵਿਚੋਂ ਇੱਕ ਆਫ ਡਿਊਟੀ ਸੀ ਅਤੇ ਹੁੱਕਾ ਬਾਰ ’ਤੇ ਕੰਮ ਕਰ ਰਿਹਾ ਸੀ, ਨੇ ਸ਼ੂਟਰਾਂ ਨਾਲ ਮੁਕਾਬਲਾ ਕੀਤਾ। ਕਿੰਗ ਵਾਨ ਜਿਸਦਾ ਅਸਲ ਨਾਮ ਡੇਵੋਨ ਬੇਨੇਟ ਹੈ ਨੂੰ ਹੋਈ ਮੁਠਭੇੜ ਦੌਰਾਨ ਗੋਲੀ ਲੱਗਣ ਤੋਂ ਬਾਅਦ ਇੱਕ ਨਿੱਜੀ ਵਾਹਨ ਰਾਹੀਂ ਹਸਪਤਾਲ ਲਿਜਾਇਆ ਗਿਆ। ਅਧਿਕਾਰੀਆਂ ਅਨੁਸਾਰ ਵਾਨ ਨੂੰ ਗੋਲੀ ਦੋ ਧੜਿਆਂ ਵਿਚਕਾਰ ਪੁਲਿਸ ਦੇ ਦਖਲ ਦੇਣ ਤੋਂ ਪਹਿਲਾਂ ਹੋਈ ਲੜਾਈ ਦੌਰਾਨ ਲੱਗੀ ਸੀ। ਪੁਲਿਸ ਅਨੁਸਾਰ ਇਹ ਗੋਲੀਬਾਰੀ ਸਵੇਰੇ ਲਗਭਗ 3:20 ਵਜੇ ਮੋਨਾਕੋ ਹੁੱਕਾ ਲੌਂਜ ਦੇ ਬਾਹਰ ਦੋ ਧੜਿਆਂ ਵਿੱਚ ਹੋਈ ਬਹਿਸ ਤੋਂ ਬਾਅਦ ਸ਼ੁਰੂ ਹੋਈ ਸੀ।ਇਸ ਵਿੱਚ ਛੇ ਵਿਅਕਤੀਆਂ ਨੂੰ ਗੋਲੀ ਲੱਗੀ ਜਿਸ ਵਿੱਚ ਇੱਕ ਹੋਰ ਵਿਅਕਤੀ ਦੀ ਹਾਲਤ ਬਹੁਤ ਗੰਭੀਰ ਦੱਸੀ ਜਾ ਰਹੀ ਹੈ ਜਦਕਿ ਤਿੰਨ ਵਿਅਕਤੀਆਂ ਦਾ ਹਸਪਤਾਲਾਂ ਵਿੱਚ ਇਲਾਜ ਚੱਲ ਰਿਹਾ ਹੈ। ਇਸ ਘਟਨਾਂ ਦੇ ਸੰਬੰਧ ਵਿੱਚ ਦੋ ਸ਼ੱਕੀ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਐਟਲਾਂਟਾ ਪੁਲਿਸ ਅਨੁਸਾਰ ਜਾਂਚ ਤੋਂ ਬਾਅਦ ਇਸ ਦੀ ਪੁਸ਼ਟੀ ਹੋਵੇਗੀ ਕਿ ਅਧਿਕਾਰੀਆਂ ਦੁਆਰਾ ਵੀ ਕਿਸੇ ਨੂੰ ਗੋਲੀ ਲੱਗੀ ਸੀ ਜਾਂ ਨਹੀਂ। ਸ਼ਿਕਾਗੋ ਦੇ ਵਸਨੀਕ ਕਿੰਗ ਵਾਨ ਨੂੰ ਇੱਕ ਆਉਣ ਵਾਲੇ ਸਮੇਂ ਦਾ ਰੈਪਰ ਦੱਸਿਆ ਗਿਆ ਹੈ ਜਿਸਨੇ ਪਿਛਲੇ ਹਫ਼ਤੇ ਹੀ ਐਲਬਮ "ਵੈਲਕਮ ਟੂ ਓ ਬਲਾਕ" ਜਾਰੀ ਕੀਤੀ ਸੀ।



# ਕੋਰੋਨਾਂ ਵਾਇਰਸ ਨਾਲ ਨਜਿੱਠਣ ਲਈ ਬਾਈਡੇਨ ਦੀ ਨੀਤੀ ਹੋਵੇਗੀ ਵੱਖਰੀ, ਤੇਜ਼ ਅਤੇ ਸਪਸ਼ਟ

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–** ਰਾਸ਼ਟਰਪਤੀ ਡੌਨਾਲਡ ਟਰੰਪ ਵੱਲੋਂ ਵ੍ਹਾਈਟ ਹਾਊਸ ਅਤੇ ਅਮਰੀਕੀ ਸੱਤਾ ਦੀ ਕਮਾਨ ਜੋਏ ਬਾਈਡੇਨ ਦੇ ਹਵਾਲੇ ਕਰਨ ਤੋ ਬਾਅਦ ਨਵੇਂ ਰਾਸ਼ਟਰਪਤੀ ਲਈ ਕੋਰੋਨਾਂ ਨਾਲ ਨਜਿੱਠਣਾ ਵੱਡੀ ਚੁਣੌਤੀ ਹੋਵੇਗੀ। ਪਰ ਇਸ ਮਹਾਂਮਾਰੀ ਪ੍ਰਤੀ ਉਹਨਾਂ ਦੀ ਰਣਨੀਤੀ ਪ੍ਰਭਾਵੀ ਢੰਗ ਨਾਲ ਬਦਲੇਗੀ। ਜਨਤਕ ਸਿਹਤ ਮਾਹਰ ਇਸ ਮਾਮਲੇ ਸੰਬੰਧੀ ਇੱਕ ਵੱਡੀ ਪ੍ਰਭਾਵੀ ਵਿਵਸਥਾ ਸ਼ੁਰੂ ਹੋਣ ਦੀ ਉਮੀਦ ਕਰਦੇ ਹਨ ਜਿਸ ਵਿੱਚ ਵਿਗਿਆਨ, ਵਧੀਆ ਸੰਚਾਰ, ਆਰਥਿਕਤਾ ਤੇ ਜਨਤਕ ਸਿਹਤ ਨੂੰ ਵਧਾਉਣ ਦੇ ਯਤਨ ਹੋਣਗੇ। ਬਾਈਡੇਨ ਦੇ ਅਹੁਦਾ ਸੰਭਾਲਣ ਤੋਂ ਬਾਅਦ ਇਸ ਸ਼ਿਫਟ ਵਿੱਚ ਤੇਜ਼ੀ ਆਉਣ ਦੀ ਉਮੀਦ ਹੈ। ਜਾਰਜਟਾਊਨ ਯੂਨੀਵਰਸਿਟੀ ਦੇ ਇੰਸਟੀਚਿਊਟ ਫਾਰ ਨੈਸ਼ਨਲ ਐਂਡ ਗਲੋਬਲ ਹੈਲਥ ਲਾਅ ਦੇ ਡਾਇਰੈਕਟਰ ਲਾਰੈਂਸ ਗੋਸਟਿਨ ਅਨੁਸਾਰ ਜਨਤਾ ਜਲਦ ਹੀ ਵ੍ਹਾਈਟ ਹਾਊਸ ਤੋਂ ਵਿਗਿਆਨਿਕ ਸੰਦੇਸ਼ਾਂ ਵਿੱਚ ਇੱਕ ਵਿਸ਼ਾਲ ਤਬਦੀਲੀ ਨੂੰ ਨੋਟ ਕਰੇਗੀ। ਇੰਨਾ ਹੀ ਨਹੀ ਰਾਸ਼ਟਰਪਤੀ ਚੁਣੇ ਗਏ ਬਾਈਡੇਨ ਲੰਬੇ ਸਮੇਂ ਤੋਂ ਚਿਹਰੇ ਨੂੰ ਮਾਸਕ ਨਾਲ ਢਕ ਰਹੇ ਹਨ ਅਤੇ ਜਨਤਕ ਤੌਰ ਤੇ ਵੀ ਦੂਜਿਆਂ ਤੋਂ ਦੂਰੀ ਬਣਾਈ ਰੱਖਦੇ ਹਨ, ਅਤੇ ਉਹ ਮਾਸਕ ਪਾਉਣ ਨੂੰ ਜਾਰੀ ਅਤੇ ਜਰੂਰੀ ਕਰਨ ਦੀ ਯੋਜਨਾ ਵੀ ਬਣਾ ਰਹੇ ਹਨ। ਸਾਬਕਾ ਰਾਸ਼ਟਰਪਤੀ ਓਬਾਮਾ ਦੇ ਅਧੀਨ ਰੋਗ ਨਿਯੰਤਰਣ ਅਤੇ ਰੋਕਥਾਮ ਲਈ ਯੂ ਐਸ ਏ ਸੈਂਟਰ ਚਲਾਉਣ ਵਾਲੇ ਡਾ. ਟੌਮ ਫ੍ਰਾਈਡਨ ਨੇ ਕਿਹਾ ਕਿ ਬਾਈਡੇਨ ਪ੍ਰਸ਼ਾਸਨ ਲੋਕਾਂ ਨਾਲ ਗੱਲਬਾਤ ਅਤੇ ਤਾਲਮੇਲ ਕਰਨ ਵਿੱਚ ਵਧੇਰੇ ਬਿਹਤਰ ਹੋਵੇਗਾ। ਬਾਈਡੇਨ ਨੇ ਟੈਸਟਿੰਗ ਨੂੰ ਵਿਆਪਕ ਤੌਰ ਤੇ ਉਪਲਬਧ ਕਰਾਉਣ ਅਤੇ ਮੁਫਤ ਕਰਨ, ਰਾਸ਼ਟਰੀ ਨਿਗਰਾਨੀ ਪ੍ਰੋਗਰਾਮਾਂ ਦਾ ਵਿਸਥਾਰ ਕਰਨ ਦਾ ਵਾਅਦਾ ਕੀਤਾ ਹੈ।

# ਬਾਈਡੇਨ ਸੈਨੇਟ ਦੀ ਪਹਿਲੀ ਜਿੱਤ ਤੋਂ 48 ਸਾਲ ਬਾਅਦ ਬਣੇ ਰਾਸ਼ਟਰਪਤੀ

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–** ਜੋਏ ਬਾਈਡੇਨ ਨੇ ਆਪਣੇ ਰਾਜਨੀਤਕ ਜੀਵਨ ਵਿੱਚ ਲੰਮਾਂ ਸਮਾਂ ਦੇਸ਼ ਦੀ ਸੇਵਾ ਕਰਕੇ ਰਾਸ਼ਟਰਪਤੀ ਪਦ ਹਾਸਿਲ ਕੀਤਾ ਹੈ। ਬਾਈਡੇਨ ਨੇ ਪਹਿਲੀ ਵਾਰ ਡੇਲਾਵੇਅਰ ਦੀ ਸੈਨੇਟ ਵਿਚ 7 ਨਵੰਬਰ, 1972 ਨੂੰ ਚੋਣ ਜਿੱਤੀ ਸੀ ਉਸ ਸਮੇਂ ਉਹ ਸਿਰਫ 29 ਸਾਲਾਂ ਦੇ ਸਨ। ਆਪਣੀ ਪਹਿਲੀ ਜਿੱਤ ਤੋਂ ਲਗਭੱਗ 48 ਸਾਲ ਬਾਅਦ ਉਹ ਰਾਸ਼ਟਰਪਤੀ ਦੇ ਸਨਮਾਨਿਤ ਅਹੁਦੇ ਤੇ ਪਹੁੰਚੇ ਹਨ। 1972 ਦੀ ਜਿੱਤ ਤੋਂ ਕੁਝ ਮਹੀਨੇ ਬਾਅਦ ਹੀ, ਬਾਈਡੇਨ ਦੀ ਪਤਨੀ ਅਤੇ ਨੰਨ੍ਹੀ ਧੀ ਦੀ ਕਾਰ ਹਾਦਸੇ ਵਿੱਚ ਦੁਖਦਾਈ ਮੌਤ ਹੋ ਗਈ ਸੀ ਅਤੇ ਉਸਦੇ ਦੋ ਪੁੱਤਰ, ਬੀਓ ਅਤੇ ਹੰਟਰ ਵੀ ਹਸਪਤਾਲ ਵਿੱਚ ਦਾਖਲ ਹੋਏ ਸਨ।ਬਾਈਡੇਨ ਨੇ ਹਾਦਸੇ ਤੋਂ ਬਾਅਦ ਅਸਤੀਫਾ ਦੇਣਾ ਚਾਹਿਆ ਸੀ ਪਰ ਸੈਨੇਟ ਦੇ ਡੈਮੋਕਰੇਟ ਨੇਤਾ ਨੇ ਉਨ੍ਹਾਂ ਨੂੰ ਆਪਣੀ ਸੀਟ ਸੰਭਾਲਣ ਲਈ ਰਾਜ਼ੀ ਕੀਤਾ। ਉਸਨੇ ਡੇਲਾਵੇਅਰ ਦੇ ਵਿਲਮਿੰਗਟਨ ਵਿੱਚ ਆਪਣੇ ਬੇਟੇ ਦੇ ਹਸਪਤਾਲ ਦੇ ਬਿਸਤਰੇ ਸਾਹਮਣੇ ਅਹੁਦੇ ਦੀ ਸਹੁੰ ਚੁੱਕੀ ਸੀ।ਲਗਭਗ ਪੰਜ ਦਹਾਕੇ ਬਾਅਦ, ਉਹ ਹੁਣ ਸੰਯੁਕਤ ਰਾਜ ਦੇ 46 ਵੇਂ ਰਾਸ਼ਟਰਪਤੀ ਵਜੋਂ ਰਾਸ਼ਟਰ ਦੀ ਅਗਵਾਈ ਕਰਨ ਲਈ ਤਿਆਰ ਹਨ। ਜਨਵਰੀ ਤੋਂ ਅਹੁਦਾ ਸੰਭਾਲਣ ਵਾਲੇ ਬਾਈਡੇਨ ਡੇਲਾਵੇਅਰ ਤੋਂ ਪਹਿਲੇ ਰਾਸ਼ਟਰਪਤੀ ਹੋਣਗੇ। ਲਗਭੱਗ 78 ਸਾਲ ਦੀ ਉਮਰ ਵਿੱਚ ਓਵਲ ਦਫਤਰ’ ਤੇ ਕਬਜ਼ਾ ਕਰਨ ਵਾਲੇ ਬਾਈਡੇਨ ਸਭ ਤੋ ਵੱਡੇ ਆਦਮੀ ਹੋਣਗੇ ਅਤੇ 3 ਨਵੰਬਰ ਨੂੰ, ਬਾਈਡੇਨ ਦੀ ਉਮਰ 77 ਸਾਲ, 11 ਮਹੀਨੇ, 14 ਦਿਨ ਸੀ। ਇੰਨੀ ਉਮਰ ਅਹੁਦਾ ਛੱਡਣ ਵੇਲੇ ਰੋਨਾਲਡ ਰੀਗਨ ਦੀ ਸੀ।






NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928



‘ਦੇਸ਼ ਦੁਆਬਾ’

ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

# ਕੋਰੋਨਾਂ ਸੰਕਟ ਦੌਰਾਨ ਕਨਵੈਨਸ਼ਨ ਸੈਂਟਰ, ਅਜਾਇਬ ਘਰ ਬਣ ਰਹੇ ਹਨ ਬੱਚਿਆਂ ਦੇ ਕਲਾਸ ਰੂਮ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਜੋਕੇ ਸਮੇਂ ਵਿੱਚ ਇਸ ਮਾਰੂ ਕੋਵਿਡ-19 ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਲੋਕਾਂ ਦੀ ਆਪਸੀ ਦੂਰੀ ਹੋਣੀ ਬਹੁਤ ਜਰੂਰੀ ਹੈ। ਬਿਲਕੁਲ ਇਸ ਤਰ੍ਹਾਂ ਦੀ ਸਾਵਧਾਨੀ ਹੀ ਸਕੂਲਾਂ ਵਿੱਚ ਬੱਚਿਆਂ ਨੂੰ ਸਿੱਖਿਆ ਦੇਣ ਲਈ ਕਲਾਸ ਰੂਮ ਵਿੱਚ ਵੀ ਜਰੂਰੀ ਹੈ। ਇਸ ਤਰ੍ਹਾਂ ਦੀਆਂ ਸਾਵਧਾਨੀਆਂ ਅਮਰੀਕੀ ਸਕੂਲਾਂ ਵਿੱਚ ਅਪਣਾਈਆਂ ਜਾ ਰਹੀਆਂ ਹਨ। ਆਮ ਸਮਿਆਂ ਵਿਚ, ਹੈਸਟਨ, ਕੰਸਾਸ ਵਿਚ 61 ਏਕੜ ਵਾਲੀ ਇਸ ਥਾਂ ਤੇ ਵਿਆਹ, ਕਾਰਪੋਰੇਟ ਇਕੱਠ ਅਤੇ ਚਰਚ ਦੇ ਸਮਾਗਮਾਂ ਦੀ ਮੇਜ਼ਬਾਨੀ ਹੁੰਦੀ ਸੀ ਪਰ ਮਹਾਂਮਾਰੀ ਦੇ ਦੌਰਾਨ, ਇਹ ਸਥਾਨ ਜ਼ਿਲ੍ਹੇ ਦੇ ਸੱਤਵੇਂ ਅਤੇ ਅੱਠਵੇਂ ਗ੍ਰੇਡਰਾਂ ਲਈ ਇੱਕ ਸਕੂਲ ਬਣ ਗਿਆ ਹੈ। ਸਿੱਖਿਆ ਨੂੰ ਜਾਰੀ ਰੱਖਣ ਲਈ ਕੁਝ ਸਕੂਲ ਸਮਾਜਿਕ ਦੂਰੀਆਂ ਦੀ ਸਹੂਲਤ ਲਈ ਅਤੇ ਵਿਅਕਤੀਗਤ ਸਿਖਲਾਈ ਨਾਲ ਜੁੜੇ ਸਿਹਤ ਖਤਰਿਆਂ ਨੂੰ ਘਟਾਉਣ ਲਈ ਵਾਧੂ ਜਗ੍ਹਾ ਲੱਭਣ ਬਾਰੇ ਵਿਚਾਰ ਕਰ ਰਹੇ ਹਨ। ਇਸ ਸੰਬੰਧੀ ਕਈ ਜ਼ਿਲ੍ਹੇ ਅਸਥਾਈ ਆਊਟਡੋਰ ਸ਼ੈਲਟਰ ਸਥਾਪਤ ਕਰ ਰਹੇ ਹਨ ਅਤੇ ਖਾਲੀ ਥਾਂਵਾਂ ਜਿਵੇਂ



ਅਜਾਇਬ ਘਰਾਂ ਦੀ ਵਰਤੋਂ ਵੀ ਕਰ ਰਹੇ ਹਨ।ਹੈਸਟਨ ਵਿੱਚ, ਸੱਤਵੇਂ ਅਤੇ ਅੱਠਵੇਂ ਗ੍ਰੇਡ ਦੇ ਬੱਚਿਆਂ ਨੇ ਵੀ ਕਰਾਸ ਵਿੰਡ ਕਾਨਫਰੰਸ ਸੈਂਟਰ ਵਿਖੇ ਸਮੈਸਟਰ ਦੀ ਸ਼ੁਰੂਆਤ ਕੀਤੀ। ਇਸਦੇ ਨਾਲ ਹੀ ਪੰਜਵੇਂ ਅਤੇ ਛੇਵੇਂ ਗ੍ਰੇਡਰਾਂ ਲਈ ਜਿਮਨੇਜ਼ੀਅਮ ਅਤੇ ਕੋਇਰ ਰੂਮ ਸਮੇਤ ਮਿਡਲ ਸਕੂਲ ਵਿੱਚ ਕਮਰਾ ਬਣਾਇਆ। ਨਿਊਯਾਰਕ ਦੇ ਵੀ ਲਗਭੱਗ 1,100 ਸਕੂਲਾਂ ਨੂੰ ਉਨ੍ਹਾਂ ਦੇ ਦਿਨ ਦਾ ਕੁਝ ਹਿੱਸਾ ਬਾਹਰ ਬਿਤਾਉਣ ਲਈ ਪ੍ਰਵਾਨਗੀ ਦਿੱਤੀ ਗਈ ਹੈ।ਐਨ ਵਾਈ ਸੀ ਵਿਭਾਗ ਦੇ ਸਿੱਖਿਆ ਵਿਭਾਗ ਦੇ ਬੁਲਾਰੇ ਕੇਟੀ ਓਹਨਲੋਨ ਨੇ ਕਿਹਾ ਕਿ ਸ਼ਹਿਰ ਦੇ ਸਕੂਲਾਂ ਵਿੱਚ ਸਮਾਜਿਕ ਦੂਰੀਆਂ ਲਈ ਕਾਫ਼ੀ ਅੰਦਰੂਨੀ ਜਗ੍ਹਾ ਹੈ ਪਰ ਉਹ ਕਲਾਸਾਂ ਲਈ "ਬਦਲਵੀਂ ਥਾਂ" ਜਿਵੇਂ ਕਿ ਪਾਰਕ ਜਾਂ ਬੰਦ ਗਲੀਆਂ ਦੀ ਵਰਤੋਂ ਵੀ ਕਰ ਰਹੇ ਹਨ। ਕੈਲੀਫੋਰਨੀਆਂ ਵਿੱਚ ਗ੍ਰੀਨ ਸਕੂਲ ਯਾਰਡਜ਼ ਅਮਰੀਕਾ ਦੇ ਸੀ ਈ ਓ ਸ਼ੈਰਨ ਡੈਂਕਸ ਅਨੁਸਾਰ ਦੇਸ਼ ਭਰ ਵਿੱਚ, ਦਰਜਨਾਂ ਸਕੂਲ ਪ੍ਰਣਾਲੀਆਂ ਦੀਆਂ ਹਦਾਇਤਾਂ ਨੂੰ ਬਦਲ ਦਿੱਤਾ ਹੈ ਜਾਂ ਅਜਿਹਾ ਕਰਨ ਦੀਆਂ ਯੋਜਨਾਵਾਂ ਬਣਾ ਰਹੇ ਹਨ ਜਿਸ ਨਾਲ ਕਿ ਬੱਚਿਆਂ ਦਾ ਵਾਇਰਸ ਤੋਂ ਬਚਾਅ ਕੀਤਾ ਜਾ ਸਕੇ।

# ਅਰਕਨਸਾਸ ਦੇ ਪੁਲਿਸ ਮੁਖੀ ਨੇ ਡੈਮੋਕਰੇਟਸ ਨਾਲ ਆਨਲਾਈਨ ਬਦਸਲੂਕੀ ਤੋਂ ਬਾਅਦ ਦਿੱਤਾ ਅਸਤੀਫਾ

**ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ)–** ਅਮਰੀਕੀ ਸਟੇਟ ਅਰਕਨਸਾਸ ਦੇ ਇੱਕ ਸ਼ਹਿਰ ਦੇ ਪੁਲਿਸ ਮੁਖੀ ਨੇ ਡੈਮੋਕਰੇਟਸ ਨੂੰ ਨਿਸ਼ਾਨਾ ਬਣਾਉਂਦਿਆਂ ਆਨਲਾਈਨ ਹਿੰਸਕ ਧਮਕੀਆਂ ਪੋਸਟ ਕਰਨ ਤੋਂ ਬਾਅਦ ਅਸਤੀਫਾ ਦੇ ਦਿੱਤਾ ਹੈ। ਮਾਰਸ਼ਲ ਦੇ ਮੇਅਰ ਕੇਵਿਨ ਇਲੀਅਟ ਨੇ ਸ਼ਨੀਵਾਰ ਨੂੰ ਇੱਕ ਬਿਆਨ ਵਿੱਚ ਦੱਸਿਆ ਕਿ ਇਸ ਮਾਮਲੇ ਵਿੱਚ ਥਾਣਾ ਮੁਖੀ ਲਾਂਗ ਹੋਲੈਂਡ ਨੇ ਤੁਰੰਤ ਅਸਤੀਫਾ ਦੇ ਦਿੱਤਾ ਹੈ। ਇਲੀਅਟ ਨੇ ਹੋਲੈਂਡ ਦੀਆਂ ਪੋਸਟਾਂ ਦੀ ਸਖਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕਮਿਊਨਿਟੀ ਕਿਸੇ ਵੀ ਤਰ੍ਹਾਂ ਦੀ ਰਾਜਨੀਤਿਕ ਤਾੜਨਾ ਤੋਂ ਕਿਸੇ ਨਾਲ ਧੱਕੇਸ਼ਾਹੀ ਜਾਂ ਹਿੰਸਾ ਦੀਆਂ ਧਮਕੀਆਂ ਦਾ ਸਮਰਥਨ ਨਹੀਂ ਕਰਦੀ ਹੈ। ਅਨਕਨਸਾਸ ਦੇ ਡੈਮੋਕ੍ਰੇਟ-ਗਜ਼ਟ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਹੈ ਕਿ ਪੁਲਿਸ ਅਧਿਕਾਰੀ ਹੋਲੈਂਡ ਨੇ ਟਵਿੱਟਰ ਵਰਗੀ ਇੱਕ







ਸ਼ੋਸ਼ਲ ਸਾਈਟ ਪਾਰਲਰ ਉੱਤੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ ਅਤੇ ਹਾਲੈਂਡ ਨੇ ਆਪਣੀਆਂ ਪੋਸਟਾਂ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬੇਬੁਨਿਆਦ ਦੋਸ਼ਾਂ ਦਾ ਪੱਖ ਪੂਰਦਿਆਂ ਕਿਹਾ ਕਿ ਚੋਣ ਨਿਰਪੱਖ ਨਹੀਂ ਸੀ ਅਤੇ ਗੈਰ ਕਾਨੂੰਨੀ ਵੋਟਾਂ ਦੀ ਗਿਣਤੀ ਕੀਤੀ ਗਈ ਸੀ। ਆਨਲਾਈਨ ਪੋਸਟਾਂ ਵਿੱਚ ਇਸ ਅਫਸਰ ਡੈਮੋਕਰੇਟ ਨੇਤਾਵਾਂ ਉੱਪਰ ਜੰਮ ਕੇ ਆਪਣੀ ਭੜਾਸ ਕੱਢੀ ਅਤੇ ਹਿੰਸਕ ਕਾਰਵਾਈਆਂ ਕਰਨ ਲਈ ਵੀ ਕਿਹਾ ਸੀ। ਮੇਅਰ ਐਲੀਅਟ ਅਨੁਸਾਰ ਹੋਲੈਂਡ ਪਿਛਲੇ ਦੋ ਸਾਲਾਂ ਤੋਂ ਮਾਰਸ਼ਲ, ਵਿੱਚ ਪੁਲਿਸ ਮੁਖੀ ਰਿਹਾ ਹੈ। ਇਸਦੇ ਨਾਲ ਹੀ ਹੋਲੈਂਡ ਅਰਕਨਸਾਸ ਦੇ ਬਹੁਤ ਸਾਰੇ ਪੁਲਿਸ ਮੁਖੀਆਂ ਅਤੇ ਸ਼ੈਰਿਫਾਂ ਵਿਚੋਂ ਇਕ ਹੈ, ਜਿਨ੍ਹਾਂ ਨੇ ਕੋਰੋਨਾਂ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਫੇਸ ਮਾਸਕ ਦੀ ਜ਼ਰੂਰਤ ਦਾ ਸਮਰਥਨ ਨਹੀਂ ਕੀਤਾ ਸੀ।

# ਇੱਕ ਕੁੱਤੇ ਕਰਕੇ ਚੱਲੀ ਗੋਲੀ, 8 ਲੋਕ ਹੋਏ ਜਖਮੀ

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–** ਅਜੋਕੇ ਸਮੇਂ ਵਿੱਚ ਇੱਕ ਦੂਜੇ ਦੀ ਗੱਲ ਨੂੰ ਸਹਿਣ ਕਰਨ ਦੀ ਸ਼ਕਤੀ ਇਨਸਾਨਾਂ ਵਿੱਚ ਖਤਮ ਹੋ ਚੁੱਕੀ ਹੈ। ਕਈ ਵਾਰ ਛੋਟੀ ਜਿਹੀ ਗੱਲ ਤੋਂ ਲੈ ਕੇ ਵੱਡੇ ਝਗੜੇ ਹੋ ਜਾਂਦੇ ਹਨ। ਅਜਿਹਾ ਮਾਮਲਾ ਅਮਰੀਕੀ ਰਾਜ ਟੇਨੈਸੀ ਵਿੱਚ ਸਾਹਮਣੇ ਆਇਆ ਹੈ। ਇਸਦੇ ਇੱਕ ਖੇਤਰ ਵਿੱਚ ਇੱਕ ਕੁੱਤੇ ਉੱਤੇ ਸ਼ੁਰੂ ਹੋਈ ਬਹਿਸ ਗੋਲੀਬਾਰੀ ਵਿੱਚ ਬਦਲ ਗਈ ਹੋਈ ਜਿਸ ਨਾਲ ਅੱਠ ਲੋਕ ਜ਼ਖਮੀ ਹੋ ਗਏ। ਇਸ ਮਾਮਲੇ ਵਿੱਚ ਨੈਸ਼ਵਿਲ ਪੁਲਿਸ ਨੇ ਕਿਹਾ ਕਿ ਉਹ ਦੋ ਸ਼ੱਕੀ ਵਿਅਕਤੀਆਂ ਦੀ ਭਾਲ ਕਰ ਰਹੇ ਹਨ। ਮੈਟਰੋਪੋਲੀਟਨ ਨੈਸ਼ਵਿਲ ਪੁਲਿਸ ਵਿਭਾਗ ਨੇ ਇਕ ਬਿਆਨ ਵਿੱਚ ਦੱਸਿਆ ਕਿ ਅਧਿਕਾਰੀਆਂ ਨੇ ਐਤਵਾਰ



ਰਾਤ 1 ਵਜੇ ਇਸ ਘਟਨਾ ਦਾ ਮੁਆਇਨਾ ਕੀਤਾ। ਬਿਆਨ ਅਨੁਸਾਰ ਇਹ ਦੋਵੇਂ ਸ਼ੱਕੀ ਵਿਅਕਤੀ ਬਹਿਸ ਕਰਨ ਲੱਗੇ ਅਤੇ ਉਨ੍ਹਾਂ ਵਿੱਚੋਂ ਇੱਕ ਦੇ ਨਾਲ ਇੱਕ ਕੁੱਤਾ ਸੀ। ਕੁੱਤੇ ਵਾਲੇ ਵਿਅਕਤੀ ਨੇ ਬਹਿਸ ਦੌਰਾਨ ਇਕ ਹੈਂਡਗਨ ਬਾਹਰ ਕੱਢੀ ਜਿਸ ਨਾਲ ਦੂਸਰਾ ਵਿਅਕਤੀ ਉੱਥੋਂ ਚਲਾ ਗਿਆ ਪਰ ਫਿਰ ਥੋੜ੍ਹੀ ਦੇਰ ਬਾਅਦ ਉਹ ਬੰਦੂਕ ਅਤੇ ਹੋਰ ਆਦਮੀ ਲੈ ਕੇ ਵਾਪਸ ਆਇਆ ਅਤੇ ਫਿਰ ਉਹਨਾਂ ਵਿਚਕਾਰ ਗੋਲੀਬਾਰੀ ਸ਼ੁਰੂ ਹੋ ਗਈ, ਜਿਸ ਨਾਲ 8 ਲੋਕ ਜਖਮੀ ਹੋਏ। ਇਸ ਝਗੜੇ ਦੌਰਾਨ ਕੁੱਤਾ ਵੀ ਗੋਲੀ ਲੱਗਣ ਕਾਰਨ ਜਖਮੀ ਹੋ ਗਿਆ। ਪੁਲਿਸ ਨੇ ਘਟਨਾ ਵਾਲੀ ਥਾਂ ਤੋਂ ਇੱਕ ਹੈਂਡਗਨ ਬਰਾਮਦ ਕੀਤੀ ਹੈ ਅਤੇ ਇਸ ਮਾਮਲੇ ਦੀ ਜਾਂਚ ਜ਼ਾਰੀ ਹੈ।

# ਖੰਡੀ ਤੂਫਾਨ ਏਟਾ ਨੇ ਦੱਖਣੀ ਫਲੋਰਿਡਾ ਵਿੱਚ ਦਿੱਤੀ ਦਸਤਕ

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–** ਇਸ ਸਮੇਂ ਹੋਰ ਆਫਤਾਂ ਦੇ ਨਾਲ ਤੂਫ਼ਾਨਾਂ ਨੇ ਵੀ ਅਮਰੀਕਾ ਨੂੰ ਘੇਰਿਆ ਹੋਇਆ ਹੈ। ਰਾਸ਼ਟਰੀ ਤੂਫਾਨ ਕੇਂਦਰ ਨੇ ਦੱਸਿਆ ਕਿ ਤੂਫਾਨ ਏਟਾ ਨੇ ਸੋਮਵਾਰ ਸਵੇਰੇ ਤੇਜ਼ ਬਾਰਸ਼ਾਂ, ਤੇਜ਼ ਹਵਾਵਾਂ ਦੇ ਨਾਲ ਦੱਖਣੀ ਫਲੋਰਿਡਾ ਅਤੇ ਫਲੋਰਿਡਾ ਕੀਜ਼ ਨੂੰ ਪ੍ਰਭਾਵਿਤ ਕੀਤਾ। ਇੱਥੇ ਬਹੁਤ ਸਾਰੇ ਖੇਤਰ ਹੜ੍ਹਾਂ ਦਾ ਸਾਹਮਣਾ ਕਰ ਰਹੇ ਹਨ । ਸਥਿਤੀ ਨੂੰ ਵੇਖਦੇ ਹੋਏ ਸਮੁੰਦਰੀ ਕੰਢੇ ਅਤੇ ਕੋਰੋਨਾਂ ਵਾਇਰਸ ਟੈਸਟਿੰਗ ਸਾਈਟਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਇਸਦੇ ਨਾਲ ਹੀ ਜਨਤਕ ਆਵਾਜਾਈ ਨੂੰ ਵੀ ਰੋਕਿਆ ਗਿਆ ਹੈ। ਏਟਾ ਨੇ ਮੈਕਸੀਕੋ ਅਤੇ ਮੱਧ ਅਮਰੀਕਾ ਵਿਚ ਵਿੱਚ ਤਬਾਹੀ ਤੋਂ ਬਾਅਦ ਫਲੋਰਿਡਾ ਤੇ ਕਹਿਰ ਢਾਹਿਆ ਹੈ। ਮੌਸਮੀ ਮਾਹਿਰਾਂ ਅਨੁਸਾਰ ਸਿਸਟਮ ਦੀ ਹੌਲੀ ਰਫਤਾਰ ਅਤੇ ਭਾਰੀ ਬਾਰਸ਼ ਨੇ ਦੱਖਣੀ ਫਲੋਰਿਡਾ ਲਈ ਇੱਕ ਬਹੁਤ ਵੱਡਾ ਖ਼ਤਰਾ ਖੜ੍ਹਾ ਕਰ ਦਿੱਤਾ ਹੈ। ਇਹ ਖੇਤਰ ਪਿਛਲੇ ਮਹੀਨੇ ਵੀ 14 ਇੰਚ ਤੋਂ ਵੱਧ ਬਾਰਸ਼ ਦਾ ਸਾਹਮਣਾ ਕਰ ਚੁੱਕਾ ਹੈ ਅਤੇ ਅਨੁਮਾਨ ਅਨੁਸਾਰ ਏਟਾ



ਦੱਖਣੀ ਅਤੇ ਮੱਧ ਫਲੋਰਿਡਾ ਦੇ ਕੁਝ ਹਿੱਸਿਆਂ ਹੋਰ ਬਾਰਸ਼ ਕਰ ਸਕਦਾ ਹੈ। ਮਿਆਮੀ-ਡੇਡ ਕਾਉਂਟੀ ਦੇ ਮੇਅਰ ਕਾਰਲੋਸ ਗਿਮਨੇਜ਼ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਜਿਆਦਾ ਪਾਣੀ ਇਕੱਲਾ ਹੋਣ ਕਰਕੇ ਇਸਨੂੰ ਡਰੈਨ ਕਰਨ ਵਿੱਚ ਸਮੱਸਿਆ ਆ ਰਹੀ ਹੈ। ਜਿਸ ਕਾਰਨ ਵਾਹਨ ਠੱਪ ਹੋ ਗਏ ਹਨ ਅਤੇ ਪਾਣੀ ਕੁਝ ਘਰਾਂ ਵਿੱਚ ਵੀ ਦਾਖਲ ਹੋ ਗਿਆ ਹੈ।ਤੂਫਾਨ ਕੇਂਦਰ ਨੇ ਦੱਸਿਆ ਕਿ ਏਟਾ ਵਿੱਚ ਰਾਤ ਭਰ ਵੱਧ ਤੋਂ ਵੱਧ 65 ਮੀਲ ਪ੍ਰਤੀ ਘੰਟਾ ਤੇਜ਼ ਹਵਾਵਾਂ ਚੱਲੀਆਂ ਅਤੇ ਇਹ ਦੱਖਣ ਪੱਛਮੀ ਫਲੋਰਿਡਾ ਦੇ ਤੱਟ ਤੋਂ ਥੋੜੀ ਦੂਰ ਸੀ। ਇਹ ਕੀਜ਼ ਦੇ ਪੱਛਮ ਤੋਂ ਲਗਭਗ 45 ਮੀਲ ਉੱਤਰ-ਉੱਤਰ-ਪੱਛਮ ਅਤੇ ਨੇਪਲਜ਼ ਦੇ 65 ਮੀਲ ਦੱਖਣ 'ਤੇ ਕੇਂਦ੍ਰਿਤ ਸੀ। ਕੀਜ਼ ਖੇਤਰ ਵਿਚ ਅਧਿਕਾਰੀਆਂ ਨੇ ਮੋਬਾਈਲ ਹੋਮ ਪਾਰਕਾਂ, ਨੀਵੇਂ ਇਲਾਕਿਆਂ ਵਿਚ ਰਹਿਣ ਵਾਲੇ ਲੋਕਾਂ ਨੂੰ ਇਲਾਕੇ ਨੂੰ ਖਾਲੀ ਕਰਨ ਦੇ ਆਦੇਸ਼ ਦਿੱਤੇ ਹਨ। ਕਈ ਸਕੂਲ ਵੀ ਬੰਦ ਕੀਤੇ ਗਏ ਹਨ। ਅਧਿਕਾਰੀਆਂ ਨੇ ਲੋਕਾਂ ਨੂੰ ਇਸ ਤੂਫ਼ਾਨ ਨੂੰ ਗੰਭੀਰਤਾ ਨਾਲ ਨਜਿੱਠਣ ਅਤੇ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ।

# ਫਰਿਜ਼ਨੋ ਕਤਲਾਂ ਵਿੱਚ ਇੱਕ ਹੋਰ ਦਾ ਹੋਇਆ ਵਾਧਾ, ਕਾਰ 'ਚੋਂ ਮਿਲੀ ਗੋਲੀਆਂ ਨਾਲ ਛੱਲਣੀ ਹੋਈ ਲਾਸ਼

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–** ਫਰਿਜ਼ਨੋ ਵਿੱਚ ਹੋ ਰਹੇ ਕਤਲਾਂ ਦੀ ਲੜੀ ਵਿੱਚ ਇੱਕ ਹੋਰ ਕਤਲ ਜੁੜ ਗਿਆ ਹੈ। ਐਤਵਾਰ ਸਵੇਰੇ ਕੇਂਦਰੀ ਫਰਿਜ਼ਨੋ ਵਿੱਚ ਇਕ ਵਾਹਨ ਵਿਚੋਂ ਇਕ ਲਾਸ਼ ਮਿਲਣ ਤੋਂ ਬਾਅਦ ਇਸ ਕਤਲ ਦੀ ਜਾਂਚ ਕੀਤੀ ਜਾ ਰਹੀ ਹੈ। ਫਰਿਜ਼ਨੋ ਪੁਲਿਸ ਦੇ ਅਨੁਸਾਰ ਟਾਈਲਰ ਐਵੀਨਿਊ ਅਤੇ ਏਟ ਸਟ੍ਰੀਟ ਦੇ ਖੇਤਰ ਵਿੱਚ ਕਰੀਬ 2:30 ਵਜੇ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ।

ਅਧਿਕਾਰੀ ਤੁਰੰਤ ਹਰਕਤ ਵਿੱਚ ਆਏ ਅਤੇ ਘਟਨਾ ਸਥਲ ਤੇ ਉਨ੍ਹਾਂ ਨੇ ਇਕ ਵਾਹਨ ਵਿਚ ਇਕ ਆਦਮੀ ਨੂੰ




ਮ੍ਰਿਤਕ ਪਾਇਆ ਜਿਸ ਦੇ ਸਰੀਰ ਦੇ ਉਪਰਲੇ ਹਿੱਸੇ ਤੇ ਕਈ ਜ਼ਖਮ ਸਨ। ਪੀੜਿਤ ਵਿਅਕਤੀ ਦਾ ਨਾਮ ਅਜੇ ਸਾਹਮਣੇ ਨਹੀਂ ਆਇਆ ਹੈ। ਅਧਿਕਾਰੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਜਾਂਚ ਕਰ ਰਹੇ ਹਨ। ਫਰਿਜ਼ਨੋ ਪੁਲਿਸ ਵਿਭਾਗ ਕਤਲਾਂ ਦੇ ਕੁੱਲ ਅੰਕੜੇ ਉਪਲੱਬਧ ਨਹੀਂ ਸਨ, ਪਰ ਇਹ ਸ਼ਹਿਰ ਦਾ ਘੱਟੋ ਘੱਟ 52 ਵਾਂ ਕਤਲ ਹੋਵੇਗਾ। ਵਿਭਾਗ ਦੁਆਰਾ ਦਸੰਬਰ 2019 ਤੱਕ ਪਾਈਆਂ ਮਹੀਨਾਵਾਰ ਅਪਰਾਧ ਦੀਆਂ ਰਿਪੋਰਟਾਂ ਦੇ ਅਨੁਸਾਰ, 2019 ਵਿੱਚ 45 , 2018 ਵਿੱਚ 32 ਅਤੇ 2017 ਵਿੱਚ 56 ਕਤਲੇਆਮ ਹੋਏ ਹਨ। ਫਰਿਜ਼ਨੋ ਦੇ ਪੁਲਿਸ ਮੁਖੀ ਐਂਡੀ ਹਾਲ ਅਨੁਸਾਰ ਕਾਉਂਟੀ ਦੀਆਂ ਜੇਲ੍ਹਾਂ ਵਿੱਚ ਕੋਰੋਨਾਂ ਵਾਇਰਸ ਦੇ ਲਾਗ ਨੂੰ ਘਟਾਉਣ ਲਈ ਜ਼ੀਰੋ-ਡਾਲਰ ਦੀ ਜ਼ਮਾਨਤ ਨੀਤੀ ਲਾਗੂ ਕੀਤੀ ਗਈ ਹੈ ਜਿਸ ਨੂੰ ਸ਼ਹਿਰ ਵਿੱਚ ਗੋਲੀਬਾਰੀ ਅਤੇ ਹੋਰ ਹਿੰਸਾ ਵਿੱਚ ਵਾਧੇ ਦਾ ਇੱਕ ਮੁੱਖ ਕਾਰਨ ਮੰਨਿਆ ਗਿਆ ਹੈ।

# ਨਿਊਯਾਰਕ ਵਿੱਚ ਮਿਲੀ 2 ਨਵਜੰਮੇ ਬੱਚਿਆਂ ਦੀ ਕਾਗਜ਼ ਵਿੱਚ ਲਪੇਟੀ ਲਾਸ਼

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–**ਹਿੰਸਕ ਅਤੇ ਘਟੀਆ ਸੋਚ ਦੀ ਪ੍ਰਵਿਰਤੀ ਵਾਲੇ ਇਨਸਾਨ ਦੁਨੀਆਂ ਦੇ ਹਰ ਕੋਨੇ ਵਿੱਚ ਮੌਜੂਦ ਹਨ ਚਾਹੇ ਉਹ ਖੇਤਰ ਦੁਨੀਆਂ ਦਾ ਸ਼ਕਤੀਸਾਲੀ ਤੇ ਵਿਕਸਿਤ ਖੇਤਰ ਹੀ ਕਿਉਂ ਨਾ ਹੋਵੇ। ਅਜਿਹੇ ਲੋਕ ਆਪਣੇ ਕੰਮਾਂ ਕਰਕੇ ਆਪਣੇ ਰਾਸ਼ਟਰ ਅਤੇ ਕੌਮ ਦੇ ਮੱਥੇ ਤੇ ਕਲੰਕ ਲਗਾ ਦਿੰਦੇ ਹਨ।ਅਜਿਹੀ ਹੀ ਇੱਕ ਘਟਨਾ ਅਮਰੀਕਾ ਦੇ ਨਿਊਯਾਰਕ ਵਿੱਚ ਵਾਪਰੀ ਹੈ, ਜਿੱਥੇ ਪੁਲਿਸ ਨੂੰ ਦੋ ਨਵਜੰਮੇ ਬੱਚਿਆਂ ਦੀਆਂ ਕਾਗਜ਼ ਵਿੱਚ ਲਪੇਟੀਆਂ ਹੋਈਆਂ ਲਾਸ਼ਾਂ ਮਿਲੀਆਂ ਹਨ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸੋਮਵਾਰ ਨੂੰ ਨਿਊਯਾਰਕ ਸਿਟੀ ਵਿੱਚ ਇੱਕ ਇਮਾਰਤ ਵਿੱਚ ਦੋ ਮ੍ਰਿਤਕ ਨਵਜੰਮੇ



ਬੱਚੇ ਕਾਗਜ਼ ਵਿੱਚ ਲਪੇਟੇ ਹੋਏ ਮਿਲੇ ਹਨ ਜਿਹੜੀ ਕਿ ਇੱਕ ਮੰਦਭਾਗੀ ਘਟਨਾ ਹੈ। ਪੁਲਿਸ ਵਿਭਾਗ ਦੇ ਅਨੁਸਾਰ, ਬ੍ਰੋਨਕਸ ਵਿੱਚ ਇੱਕ ਇਮਾਰਤ ਦੇ ਸੁਪਰਡੈਂਟ ਨੇ ਲਗਭਗ 2 ਵਜੇ ਬੇਹੋਸ਼ ਬੱਚਿਆਂ ਨੂੰ ਵੇਖਿਆ ਅਤੇ ਬੱਚਿਆਂ ਨੂੰ ਬ੍ਰੋਨਕਸ ਲੇਬਨਾਨ ਹਸਪਤਾਲ ਲਿਜਾਇਆ ਗਿਆ ਜਿਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਬੱਚਿਆਂ ਦੀ ਮੌਤ ਦਾ ਕਾਰਨ ਅਜੇ ਸ਼ਪੱਸਟ ਨਹੀਂ ਹੋਇਆ ਹੈ ਨਾਲ ਹੀ ਉਹਨਾਂ ਦੇ ਮਾਪਿਆਂ ਦਾ ਵੀ ਪਤਾ ਨਹੀਂ ਲੱਗਾ ਹੈ। ਇਸ ਤੋਂ ਬਿਨਾਂ ਕੋਈ ਹੋਰ ਵੇਰਵਾ ਉਪਲੱਬਧ ਨਹੀਂ ਹੋਇਆ ਹੈ। ਡਿਪਟੀ ਚੀਫ਼ ਟਿਮੋਥੀ ਮੈਕਕੋਰਮੈਕ ਨੇ ਇੱਕ ਕਾਨਫਰੰਸ ਦੌਰਾਨ ਕਿਹਾ ਕਿ ਇਸ ਘਟਨਾ ਬਾਰੇ ਜਾਂਚ ਕੀਤੀ ਜਾ ਰਹੀ ਹੈ।

# ਕੋਵਿਡ -19 ਟੀਕਾ ਪਹਿਲੇ ਵਿਸ਼ਲੇਸ਼ਣ ਵਿਚ 90 ਪ੍ਰਤੀਸ਼ਤ ਪ੍ਰਭਾਵਸ਼ਾਲੀ : ਫਾਈਜ਼ਰ

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)–** ਕੋਰੋਨਾਂ ਵਾਇਰਸ ਦੀ ਲਾਗ ਨੂੰ ਰੋਕਣ ਲਈ ਟੀਕਾ ਇਜ਼ਾਦ ਕਰਨ ਵਿੱਚ ਲੱਗੀ ਡਰੱਗ ਕੰਪਨੀ ਫਾਈਜ਼ਰ ਨੇ ਸੋਮਵਾਰ ਨੂੰ ਕਿਹਾ ਕਿ ਇਸਦੇ ਮੁੱਢਲੇ ਪ੍ਰੀਖਣ ਤੋਂ ਪਤਾ ਚਲਿਆ ਹੈ ਕਿ ਕੋਵਿਡ -19 ਲਈ ਇਸ ਦੇ ਟੀਕੇ ਲਾਗ ਨੂੰ ਰੋਕਣ ਲਈ 90 ਪ੍ਰਤੀਸ਼ਤ ਤੋਂ ਵੱਧ ਪ੍ਰਭਾਵਸ਼ਾਲੀ ਹਨ। ਫਾਰਮਾ ਸਿਟੀਕਲ ਫਾਈਜ਼ਰ ਅਤੇ ਇਸਦੀ ਜਰਮਨ ਸਾਂਝੇਦਾਰ ਬਾਇਓਨ-ਟੈਕ ਐਸ ਈ ਨੇ ਕਿਹਾ ਕਿ ਵਾਇਰਸ ਵਿਰੁੱਧ ਲੜਾਈ ਦਾ ਇੱਕ ਵੱਡਾ ਕਦਮ ਹੈ ।

ਇਸ ਬਿਮਾਰੀ ਨੇ ਵਿਸ਼ਵਵਿਆਪੀ ਆਰਥਿਕਤਾ ਤੇ ਵਾਰ ਕਰਨ ਦੇ ਨਾਲ ਅਰਬਾਂ ਲੋਕਾਂ ਦੇ ਰੋਜ਼ਾਨਾ ਜੀਵਨ ਨੂੰ ਵੀ ਦਰੜ ਦਿੱਤਾ ਹੈ ਅਤੇ 1.26 ਮਿਲੀਅਨ ਲੋਕਾਂ ਦੀ ਮੌਤ ਵੀ ਹੋਈ ਹੈ ਜਿਹਨਾਂ ਵਿੱਚੋਂ ਲਗਭਗ 240,000 ਇਕੱਲੇ ਅਮਰੀਕਾ ਵਿੱਚ ਹੋਈਆਂ ਹਨ। ਫਾਈਜ਼ਰ ਅਤੇ ਬਾਇਓਨਟੈਕ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਦੀਆਂ ਮੁੱਢਲੀਆਂ ਖੋਜਾਂ ਵਿੱਚ ਇਸ ਨੇ ਉਮੀਦ ਨਾਲੋਂ ਵੱਧ ਸਫਲਤਾ ਦਰ ਦਰਸਾਈ ਹੈ।

ਇਸਦੇ ਪ੍ਰੀਖਣ ਦੌਰਾਨ ਜਿਹਨਾਂ ਲੋਕਾਂ ਨੂੰ ਇਸਦਾ ਇਲਾਜ ਦਿੱਤਾ ਗਿਆ ਹੈ ਉਹਨਾਂ ਵਿੱਚ ਕੋਵਿਡ -19 ਦੇ ਮਰੀਜ਼ਾਂ ਦੇ ਮੁਕਾਬਲੇ 90 ਪ੍ਰਤੀਸ਼ਤ ਘੱਟ ਲੱਛਣ ਵੇਖੇ ਗਏ। ਰਾਸ਼ਟਰਪਤੀ ਚੁਣੇ ਗਏ ਜੋਏ ਬਾਈਡੇਨ ਨੇ ਵੀ ਇਸ ਖਬਰ ਦਾ ਸਵਾਗਤ ਕੀਤਾ ਹੈ। ਇਸਦੇ ਨਾਲ ਹੀ ਉਹਨਾਂ ਨੇ ਲੋਕਾਂ ਨੂੰ ਵਾਇਰਸ ਪ੍ਰਤੀ ਸਾਵਧਾਨੀਆਂ ਵਰਤਣ ਲਈ ਵੀ ਕਿਹਾ ਹੈ।

# ਨਵਾਂਸ਼ਹਿਰ ਦੇ ਕਿਸਾਨਾਂ ਨੇ ਚੱਕਾ ਜਾਮ ਕਰਕੇ ਕੇਂਦਰ ਸਰਕਾਰ ਨੂੰ ਲਲਕਾਰਿਆ

**ਨਵਾਂਸ਼ਹਿਰ--(ਰੇਸ਼ਮ ਕਰਨਾਣਵੀ)** ਅੱਜ ਦੇਸ਼ ਵਿਆਪੀ ਚੱਕਾ ਜਾਮ ਦੇ ਸੱਦੇ ਨੂੰ ਅਮਲੀ ਰੂਪ ਦਿੰਦਿਆਂ ਕਿਸਾਨ ਜਥੇਬੰਦੀਆਂ ਦੀ ਅਗਵਾਈ ਵਿਚ ਭਾਰੀ ਗਿਣਤੀ ਕਿਸਾਨਾਂ ਨੇ ਪਿੰਡ ਮਹਿੰਦੀ ਪੁਰ ਵਿਖੇ ਜੀ ਟੀ ਰੋਡ ਜਾਮ ਕਰਕੇ ਮੋਦੀ ਸਰਕਾਰ ਨੂੰ ਚਣੌਤੀ ਦਿੱਤੀ ਹੈ ।ਝੰਡੇ ਅਤੇ ਮਾਟੋ ਲੈਕੇ ਨਾਹਰੇ ਮਾਰਦੇ ਕਿਸਾਨ ਕਾਫਲੇ ਬੰਨ੍ਹ ਕੇ ਇਸ ਜਾਮ ਵਿਚ ਪਹੁੰਚੇ ।

ਇਸ ਮੌਕੇ ਕਿਸਾਨਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ,ਤਰਸੇਮ ਸਿੰਘ ਬੈਂਸ ,ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਬਲਰਾਮ ਸਿੰਘ,ਪੰਜਾਬ ਕਿਸਾਨ ਸਭਾ ਦੇ ਆਗੂ ਬਲਵੀਰ ਸਿੰਘ ਜਾਡਲਾ, ਜਮਹੂਰੀ ਕਿਸਾਨ ਯੂਨੀਅਨ ਦੇ ਆਗੂ ਸੋਹਣ ਸਿੰਘ ਸਲੇਮਪੁਰੀ ਨੇ ਆਖਿਆ ਕਿ ਕੇਂਦਰ ਦੀ ਮੋਦੀ ਸਰਕਾਰ ਦੇਸ਼ ਦੇ ਅੰਨਦਾਤੇ ਨੂੰ ਭਿਖਾਰੀ ਬਣਾਉਣ ਦੀਆਂ ਕੋਝੀਆਂ ਚਾਲਾਂ ਚੱਲ ਰਹੀ ਹੈ ।

ਦੇਸ਼ ਦੇ ਕਿਸਾਨਾਂ ਦੇ ਸਖਤ ਵਿਰੋਧ ਦੇ ਬਾਵਜੂਦ ਕਾਲੇ ਤਿੰਨ ਖੇਤੀ ਕਾਨੂੰਨਾਂ ਰਾਹੀਂ ਕਿਸਾਨਾਂ ਨੂੰ ਕਾਰਪੋਰੇਟਰਾਂ ਦੇ ਕਰਿੰਦੇ ਬਣਾਉਣ ਦਾ ਸਰਕਾਰੀ ਅਮਲ ਜਾਰੀ ਹੈ। ਮੋਦੀ ਸਰਕਾਰ ਕਿਸਾਨਾਂ ਨਾਲ ਇਕ ਤੋਂ ਬਾਅਦ ਇਕ ਵਧੀਕੀਆਂ ਕਰ



ਰਹੀ ਹੈ ਆਏ ਦਿਨ ਸਰਕਾਰ ਦਾ ਤਾਨਾਸ਼ਾਹੀ ਰੂਪ ਸਾਹਮਣੇ ਆ ਰਿਹਾ ਹੈ ਸਰਕਾਰ ਨੇ ਪਰਾਲੀ ਸਾੜਨ ਵਿਰੁੱਧ ਕਰੋੜਾਂ ਰੁਪਏ ਦਾ ਜੁਰਮਾਨਾ ਅਤੇ ਕੈਦ ਦਾ ਨਵਾਂ ਹਥਿਆਰ ਵਰਤਕੇ ਕਿਸਾਨਾਂ ਦੇ ਜਖਮਾਂ ਉੱਤੇ ਲੂਣ ਭੁੱਕਣ ਦਾ ਕੰਮ ਕੀਤਾ ਹੈ । ਸਾਨੂੰ ਗੁਰੂ ਗੋਬਿੰਦ ਸਿੰਘ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਜਬਰ ਅਤੇ ਅਨਿਆ ਵਿਰੁੱਧ ਲੜਣਾ ਸਿਖਾਇਆ ਹੈ । ਦੇਸ਼ ਦਾ ਇਹ ਜੋਸ਼ੀਲਾ ਅਤੇ ਅਣਖੀਲਾ ਵਰਗ ਕਿਸੇ ਤਰ੍ਹਾਂ ਵੀ ਨਹੀਂ ਝੁਕੇਗਾ ।ਪੰਜਾਬੀਆਂ ਦਾ ਵਿਰਸਾ ਅਨਿਆ ਦੇ ਵਿਰੁੱਧ ਗੋਡੇ ਟੇਕਣ ਵਾਲਾ ਨਹੀਂ ਸਗੋਂ ਜੁਝਾਰੂ ਹੈ। ਉਹਨਾਂ ਕਿਹਾ ਕਿ ਉਹ ਮੋਦੀ ਸਰਕਾਰ ਦੀਆਂ ਗੋਡਣੀਆਂ ਲੁਆ ਕੇ ਹੀ ਦੰਮ ਲੈਣਗੇ

ਇਸ ਇਕੱਠ ਨੂੰ ਭੁਪਿੰਦਰ ਸਿੰਘ ਵੜੈਚ ਜਰਨੈਲ ਸਿੰਘ ਜਾਫਰ ਪੁਰ, ਸੁਤੰਤਰ ਕੁਮਾਰ, ਇਸਤਰੀ ਜਾਗ੍ਰਿਤੀ ਮੰਚ ਦੇ ਸੂਬਾ ਪ੍ਰਧਾਨ ਬੀਬੀ ਗੁਰਬਖਸ਼ ਕੌਰ ਸੰਘਾ, ਪਰਮਜੀਤ ਸਿੰਘ ਸੰਘਾ, ਮੁਕੰਦ ਲਾਲ, ਪਰਮਿੰਦਰ ਮੇਨਕਾ,ਮੱਖਣ ਸਿੰਘ ਭਾਨਮਜਾਰਾ ਨੇ ਆਖਿਆ ਕਿ ਕਿਸਾਨੀ ਦੇਸ਼ ਦੀ ਆਰਥਿਕਤਾ ਦਾ ਧੁਰਾ ਹੈ ਇਸਦੇ ਤਬਾਹ ਹੋਣ ਨਾਲ ਦੇਸ਼ ਦੀ ਸਮੁੱਚੀ ਆਰਥਿਕਤਾ ਗੜਬੜਾ ਜਾਵੇਗੀ ਜਿਸਨੂੰ ਕਿਸੇ ਕੀਮਤ ਤੇ ਵੀ ਸਹਿਣ ਨਹੀਂ ਕੀਤਾ ਜਾਵੇਗਾ ।

ਇਸ ਮੌਕੇ ਮਾਸਟਰ ਜਸਵੀਰ ਸਿੰਘ ਦੇ ਢਾਡੀ ਜਥੇ, ਗਾਇਕ ਧਰਮਿੰਦਰ ਮਸਾਣੀ ਅਤੇ ਬੰਸੀ ਬਰਨਾਲਾ ਨੇ ਆਪਣੀ ਗਾਇਕੀ ਰਾਂਹੀ ਕਿਸਾਨਾਂ ਵਿਚ ਜੋਸ਼ ਭਰਿਆ। ਲੰਗਰ ਵੀ ਅਟੁੱਟ ਵਰਤਿਆ ।

## ਸੰਤ ਭਗਵਾਨ ਦਾਸ ਜੀ ਡੇਰਾ ਨਗਰ (ਫਿਲੌਰ) ਦੀ ਬਰਸੀ 15 ਨਵੰਬਰ ਨੂੰ ਮਨਾਈ ਜਾਵੇਗੀ

**ਸੈਕਰਾਮੈਂਟੋ–** ਸੰਤ ਭਗਵਾਨ ਦਾਸ ਜੀ ਡੇਰਾ ਨਗਰ (ਫਿਲੌਰ) ਦੀ ਨਿੱਘੀ ਯਾਦ ਨੂੰ ਸਮਰਪਿਤ ਬਰਸੀ ਸਮਾਗਮ 15 ਨਵੰਬਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ 6221 16ਵੀਂ ਸਟ੍ਰੀਟ, ਰਿਓਲਿੰਡਾ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 13 ਨਵੰਬਰ ਨੂੰ ਸਵੇਰੇ 10.30 ਵਜੇ ਰੱਖੇ ਜਾਣਗੇ, ਜਿਹਨਾਂ ਦੇ ਭੋਗ 15 ਨਵੰਬਰ ਨੂੰ ਸਵੇਰੇ 10.30 ਵਜੇ ਪਾਏ ਜਾਣਗੇ। ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਕੀਰਤਨ ਦੀਵਾਨ ਸਜਾਏ ਜਾਣਗੇ। ਸਮਾਗਮ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਕੀਤੀ ਜਾ ਰਹੀ ਹੈ। ਗੁਰੂ ਘਰ ਦੀ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਸਹਿਯੋਗ ਅਤੇ ਯੋਗਦਾਨ ਪਾਓ ਜੀ।

## ਬਾਬਾ ਸਾਹਿਬ ਦੇ ਸਕੂਲ ਦਾਖਲੇ ਦੇ ਦਿਨ ਨੂੰ 'ਵਿਦਿਆਰਥੀ ਦਿਵਸ' ਦੇ ਰੂਪ ਵਿਚ ਮਨਾਵੇਗੀ ਸਰਕਾਰ

**ਮੁੰਬਈ–** ਡਾ. ਬਾਬਾ ਸਾਹਿਬ ਭੀਮਰਾਓ ਅੰਬੇਡਕਰ ਨੇ ਜਿਸ ਦਿਨ ਸਕੂਲ ਵਿਚ ਦਾਖਲਾ ਲਿਆ ਸੀ, ਉਸ ਦਿਨ ਨੂੰ ਹੁਣ ਸੂਬਾ ਸਰਕਾਰ ਯਾਦਗਾਰ ਬਣਾਵੇਗੀ। 7 ਨਵੰਬਰ ਨੂ ਰਾਜ ਭਰ ਦੇ ਸਾਰੇ ਸਕੂਲਾਂ ਤੇ ਜੂਨੀਅਰ ਕਾਲਜਾਂ ਵਿਚ ਵਿਦਿਆਰਥੀ ਦਿਵਸ ਦੇ ਰੂਪ ਵਿਚ ਮਨਾਇਆ ਜਾਵੇਗਾ। ਇਸ ਸਬੰਧ ਵਿਚ ਸਕੂਲੀ ਸਿੱਖਿਆ ਅਤੇ ਖੇਡ ਵਿਭਾਗ ਵੱਲੋਂ ਨੋਟੀ-




ਫਿਕੇਸ਼ਨ ਜਾਰੀ ਕੀਤਾ ਗਿਆ ਹੈ। ਦਰਅਸਲ 7 ਨਵੰਬਰ 1900 ਨੂੰ ਡਾ. ਅੰਬੇਡਕਰ ਨੇ ਪ੍ਰਤਾਪ ਸਿੰਘ ਹਾਈ ਸਕੂਲ, ਰਾਜਵਾੜਾ ਚੌਂਕ, ਸਤਾਰਾ ਵਿਚ ਪਹਿਲੀ ਕਲਾਸ ਵਿਚ ਪ੍ਰਵੇਸ਼ ਲਿਆ ਸੀ। ਸਕੂਲ ਰਜਿਸਟਰ ਵਿਚ ਉਹਨਾਂ ਦਾ ਨਾਂ ਲਿਖਿਆ ਗਿਆ ਸੀ। ਸਕੂਲ ਰਜਿਸਟਰ ਦ 1914 ਲੜੀ ਤੇ ਬਾਲਕ ਭੀਮਾ ਦਾ ਨਾਂ ਹੈ।

# ਛੇਵੀ ਵਿਸ਼ਵ ਪੰਜਾਬੀ ਕਾਨਫ਼ਰੰਸ ਨਵੇਂ ਦਿਸਹੱਦੇ ਸਿਰਜੇਗੀ- ਬੀਬੀ ਬੈਂਸ ,ਬੋਪਾਰਾਏ

**ਮੋਗਾ (ਵਰਿੰਦਰ ਸਿੰਘ ਖੁਰਮੀ)** ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਖੇ 19 ਅਤੇ 20 ਜੂਨ 2021 ਨੂੰ ਹੋਣ ਜਾ ਰਹੀ ਛੇਵੀਂ ਵਿਸ਼ਵ ਪੰਜਾਬੀ ਕਾਨਫਰੰਸ ਦੀਆਂ ਤਿਆਰੀਆਂ ਸੰਬੰਧੀ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿੱਚ ਤਾਲਮੇਲ ਸੰਪਰਕ ਸਥਾਪਿਤ ਹੋ ਚੁੱਕੇ ਹਨ। ਕੋਆਰਡੀਨੇਟਰਜ਼ ਦੇ ਸਹਿਯੋਗ ਨਾਲ ਵਿਸ਼ਵ ਭਰ 'ਚੋਂ ਪੰਜਾਬੀ ਮਾਂ ਬੋਲੀ ਦੀ ਅਣਥੱਕ ਸੇਵਾ ਕਰ ਰਹੇ ਪੰਜਾਬੀ ਵਿਦਵਾਨ , ਯੂਨੀਵਰਸਿਟੀਆਂ ਦੇ ਚਾਂਸਲਰ, ਪ੍ਰੋਫੈਸਰ, ਲੇਖਕ ,ਪੱਤਰਕਾਰ ਤੇ ਸ਼ਾਇਰ ਆਪਣੇ ਵਿਚਾਰਾਂ ਦੀ ਸਾਂਝ ਪਾਉਣ ਲਈ ਕਾਨਫਰੰਸ ਦਾ ਹਿੱਸਾ ਬਣਨਗੇ।

ਉਕਤ ਵਿਚਾਰਾਂ ਦਾ ਪ੍ਰਗਟਾਵਾ ਕਾਨਫਰੰਸ ਕਮੇਟੀ ਦੀ ਸਰਪ੍ਰਸਤ ਬੀਬੀ ਕੰਵਲਜੀਤ ਕੌਰ ਬੈਂਸ ਅਤੇ ਪ੍ਰਧਾਨ




ਜਸਬੀਰ ਸਿੰਘ ਬੋਪਾਰਾਏ ਨੇ ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅਦਾਰਾ ਅਜੀਤ ਅਤੇ ਕਲਮ ਫਾਊਂਡੇਸ਼ਨ ਦੇ ਸਰਪ੍ਰਸਤ ਮਰਹੂਮ ਡਾ. ਦਰਸ਼ਨ ਸਿੰਘ ਬੈਂਸ ਵੱਲੋਂ ਸ਼ੁਰੂ ਕੀਤੀ ਪੰਜਾਬੀ ਕਾਨਫ਼ਰੰਸਾਂ ਦੀ ਗਾਨੀ ਵਿਚ ਇਸ ਵਾਰ ਦਾ ਛੇਵਾਂ ਮੋਤੀ ਨਵੇਂ ਦਿਸਹੱਦੇ ਸਿਰਜੇਗਾ। ਇਹ ਕਾਨਫ਼ਰੰਸ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਂਰਾਜ ਦੇ 400 ਸਾਲਾਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੋਵੇਗੀ। ਉਨ੍ਹਾਂ ਕਿਹਾ ਕਿ ਜਿਸ ਵੀ ਮੁਲਕ ਦੇ ਵਿਦਵਾਨ ਸੱਜਣ ਕਾਨਫ਼ਰੰਸ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋਣ ਤਾਂ ਉਹ ਆਪਣੇ ਮੁਲਕ ਦੇ ਨਿਯੁਕਤ ਕੀਤੇ ਕੋਆਰਡੀਨੇਟਰ ਨਾਲ ਸੰਪਰਕ ਬਣਾ ਸਕਦੇ ਹਨ ।

# ਪੰਜਾਬੀ ਕਵੀ ਦਰਸ਼ਨ ਖਟਕੜ ਨੂੰ ਹਰਭਜਨ ਹਲਵਾਰਵੀ ਯਾਦਗਾਰੀ ਪੁਰਸਕਾਰ ਨਾਲ 16 ਨਵੰਬਰ ਨੂੰ ਸਨਮਾਨਿਤ ਕੀਤਾ ਜਾਵੇਗਾ

**ਲੁਧਿਆਣਾ–** ਕਾਮਰੇਡ ਰਤਨ ਸਿੰਘ ਹਲਵਾਰਾ ਯਾਦਗਾਰੀ ਟਰਸਟ ਹਲਵਾਰਾ ਦੇ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਦੀ ਅਗਵਾਈ ਹੇਠ ਅਗਾਂਹਵਧੂ ਪੰਜਾਬੀ ਕਵੀ ਤੇ ਇਨਕਲਾਬੀ ਸੋਚ ਧਾਰਾ ਨੂੰ ਪਰਣਾਏ ਸ੍ਰੀ ਦਰਸ਼ਨ ਖਟਕੜ ਨੂੰ ਸਾਲ 2020 ਦਾ ਹਰਭਜਨ ਹਲਵਾਰਵੀ ਸਾਹਿੱਤ ਪੁਰਸਕਾਰ 16 ਨਵੰਬਰ ਸਵੇਰੇ 11.30 ਵਜੇ ਗੁਰੂ ਰਾਮ ਦਾਸ ਕਾਲਿਜ ਹਲਵਾਰਾ ਵਿਖੇ ਪ੍ਰਦਾਨ ਕੀਤਾ ਜਾਵੇਗਾ।

ਸਹਿਯੋਗੀ ਸੰਸਥਾ ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ ਬਰਿਸਬੇਨ ਦੇ ਪ੍ਰਤੀਨਿਧ ਸਰਬਜੀਤ ਸੋਹੀ ਮੁਤਾਬਕ ਕਾਮਰੇਡ ਰਤਨ ਸਿੰਘ ਟਰੱਸਟ ਹਲਵਾਰਾ ਵੱਲੋਂ ਸਥਾਪਿਤ ਇਸ ਪੁਰਸਕਾਰ ਵਿੱਚ 21 ਹਜ਼ਾਰ ਰੁਪਏ ਦੀ ਧਨ ਰਾਸ਼ੀ ਤੋਂ ਇਲਾਵਾ ਸਨਮਾਨ ਪੱਤਰ, ਦੋਸ਼ਾਲਾ ਤੇ ਸਨਮਾਨ ਚਿੰਨ੍ਹ ਵੀ ਸ਼ਾਮਿਲ ਹੈ। ਇਸ ਤੋਂ ਪਹਿਲਾਂ ਇਹ ਪੁਰਸਕਾਰ ਗੁਰਭਜਨ ਗਿੱਲ ਤੇ ਜਤਿੰਦਰ ਪੰਨੂੰ ਜੀ ਨੂੰ ਦਿਤਾ ਜਾ ਚੁਕਾ ਹੈ। ਇਸ ਵਾਰ ਦੇ ਪੁਰਸਕਾਰ ਵਿਜੇਤਾ ਦਰਸ਼ਨ ਖਟਕੜ ਦੀਆਂ ਦੋ ਮਹੱਤਵਪੂਰਨ ਕਾਵਿ ਰਚਨਾਵਾਂ ਸੰਗੀ ਸਾਥੀ ਅਤੇ ਉਲਟੇ ਰੁਖ਼ ਪਰਵਾਜ਼ ਕਾਵਿ ਰਚਨਾਵਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਦਰਸ਼ਨ ਖਟਕੜ ਦੇ ਜੀਵਨ ਸੰਘਰਸ਼ , ਰਚਨਾ ਤੇ ਸ਼ਖ਼ਸੀਅਤ ਬਾਰੇ ਸੁਖਵਿੰਦਰ ਪੱਪੀ ਸੰਪਾਦਕ ਸਰੋਕਾਰ ਜਾਣਕਾਰੀ ਦੇਣਗੇ। ਟਰਸਟ ਦੇ ਮੀਡੀਆ ਸਕੱਤਰ ਡਾ: ਜਗਵਿੰਦਰ ਜੋਧਾ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਬਠਿੰਡਾ ਦੇ ਚਾਂਸਲਰ ਤੇ ਸਾਬਕਾ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਡਾ: ਸ ਸ ਜੌਹਲ ਕਰਨਗੇ। ਵਿਸ਼ੇਸ਼ ਮਹਿਮਾਨ ਵਜੋਂ ਦਰਸ਼ਨ ਬੁੱਟਰ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ(ਰਜਿ:) ਪ੍ਰੋ: ਰਵਿੰਦਰ ਸਿੰਘ ਭੱਠਲ ਪ੍ਰਧਾਨ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ, ਹਲਵਾਰਵੀ ਜੀ ਦੀ ਜੀਵਨ ਸਾਥਣ ਪ੍ਰੋ: ਪ੍ਰਿਤਪਾਲ ਕੌਰ ਹਲਵਾਰਵੀ, ਨਿੱਕਾ ਵੀਰ ਡਾ: ਨਵਤੇਜ ਸਿੰਘ ਹਲਵਾਰਵੀ ਤੇ ਗੁਰੂ ਰਾਮ ਦਾਸ ਕਾਲਿਜ ਦੇ ਡਾਇਰੈਕਟਰ ਸ: ਰਣਜੀਤ ਸਿੰਘ ਧਾਲੀਵਾਲ ਸ਼ਾਮਿਲ ਹੋਣਗੇ। ਟਰਸਟ ਦੇ ਜਨਰਲ ਸਕੱਤਰ ਡਾ: ਨਿਰਮਲ ਜੌੜਾ ਨੇ ਦੱਸਿਆ ਕਿ 16 ਨਵੰਬਰ ਗਦਰ ਪਾਰਟੀ ਦੇ ਬਾਲਾ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਛੇ ਸ਼ਹੀਦ ਸਾਥੀਆਂ ਸ਼ਹੀਦ ਜਗਤ ਸਿੰਘ ਪਿੰਡ ਸੁਰ ਸਿੰਘ ਜ਼ਿਲ੍ਹਾ ਤਰਨਤਾਰਨ ,ਸ਼ਹੀਦ ਬਖਸ਼ੀਸ਼ ਸਿੰਘ, ਦੋਵੇਂ ਸ਼ਹੀਦ ਸੁਰੈਣ ਸਿੰਘ(ਵੱਡਾ ਤੇ ਛੋਟਾ)ਤਿੰਨੇ ਹੀ ਪਿੰਡ ਗਿੱਲਵਾਲੀ ਤੋਂ (ਅੰਮ੍ਰਿਤਸਰ)ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ( ਪੂਨਾ) ਤੇ ਸ਼ਹੀਦ ਹਰਨਾਮ ਸਿੰਘ ਪਿੰਡ ਭੱਟੀ ਗੁਰਾਇਆ (ਸਿਆਲ ਕੋਟ )ਜੋ ਪਹਿਲੇ ਲਾਹੌਰ ਸਾਜ਼ਿਸ਼ ਕੇਸ ਚ ਲਾਹੌਰ ਜੇਲ੍ਹ ਚ ਫਾਂਸੀ ਚੜ੍ਹੇ, ਉਨ੍ਹਾਂ ਦਾ ਵੀ ਸ਼ਹਾਦਤ ਦਿਹਾੜਾ ਹੋਣ ਕਾਰਨ ਟਰਸਟ ਦੇ ਲੇਖਕਾਂ ਦਾ ਕਾਫ਼ਲਾ ਟਰਸਟ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਦੀ ਅਗਵਾਈ ਹੇਠ ਲੁਧਿਆਣਾ ਤੋਂ ਸਰਾਭਾ ਵਿਖੇ ਸ਼ਰਧਾਂਜਲੀ ਭੇਂਟ ਕਰਦਾ ਹੋਇਆ ਹਲਵਾਰਾ ਪੁੱਜੇਗਾ।




ਇਸ ਸਮਾਗਮ ਵਿੱਚ ਮਰਹੂਮ ਸ਼ਾਇਰ ਹਰਭਜਨ ਹਲਵਾਰਵੀ ਯਾਦਗਾਰੀ ਕਵੀ ਦਰਬਾਰ ਵੀ ਕਰਵਾਇਆ ਜਾਵੇਗਾ ਜਿਸ ਵਿੱਚ ਸਵਰਨਜੀਤ ਸਵੀ, ਸਤੀਸ਼ ਗੁਲਾਟੀ, ਜਗਵਿੰਦਰ ਜੋਧਾ, ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਨਰਿੰਦਰਪਾਲ ਸਿੰਘ ਕੰਗ, ਰਾਜਦੀਪ ਤੂਰ,ਮਨਦੀਪ ਔਲਖ, ਰਮਨ ਸੰਧੂ, ਤੇ ਕੁਮਾਰ ਜਗਦੇਵ ਹਿੱਸਾ ਲੈਣਗੇ।ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ। ਮੰਚ ਸੰਚਾਲਨ ਟਰਸਟ ਦੇ ਜਨਰਲ ਸਕੱਤਰ ਡਾ: ਨਿਰਮਲ ਜੌੜਾ ਕਰਨਗੇ। ਡਾ: ਜਗਵਿੰਦਰ ਜੋਧਾ ਨੇ ਦੱਸਿਆ ਕਿ ਹਰਭਜਨ ਹਲਵਾਰਵੀ ਜੀ ਦਾ ਪਰਿਵਾਰ ਅਤੇ ਟਰਸਟ ਚੇਅਰਮੈਨ ਸ੍ਰੀ ਦਲਵੀਰ ਸਿੰਘ ਹਲਵਾਰਵੀ ਦੇ ਨਜ਼ਦੀਕੀ ਰਿਸ਼ਤੇਦਾਰ ਸ: ਗੁਰਮੀਤ ਸਿੰਘ ਕਮਲ ਦਿੱਲੀ ਸ਼ਾਮਿਲ ਵੀ ਹੋਣਗੇ।

# ਭਾਰਟਾ ਸਕੂਲ ਦੀ ਸਿਮਰਨ ਨੇ ਜ਼ਿਲ੍ਹਾ ਪੱਧਰੀ ਸਲੋਗਨ ਮੁਕਾਬਲਾ ਜਿੱਤਿਆ

**ਮਾਹਿਲਪੁਰ–** ਸਿੱਖਿਆ ਵਿਭਾਗ ਪੰਜਾਬ ਵਲੋਂ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਦੇ ਨਿਰਦੇਸ਼ਾਂ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੇ ਚਾਰ ਸੌ ਸਾਲਾ ਪ੍ਰਕਾਸ਼ ਉਤਸਵ ਸਬੰਧੀ ਕਰਵਾਏ ਜਾ ਰਹੇ ਆਨ ਲਾਈਨ ਮੁਕਾਬਲਿਆਂ ਵਿੱਚ ਸਰਕਾਰੀ ਮਿਡਲ ਸਕੂਲ ਭਾਰਟਾ ਗਣੇਸ਼ਪੁਰ ਦੀ ਸੱਤਵੀਂ ਕਲਾਸ ਦੀ ਵਿਦਿਆਰਥਣ ਸਿਮਰਨ ਪੁੱਤਰੀ ਮਨਜੀਤ ਸਿੰਘ ਨੇ ਮਿਡਲ ਵਰਗ ਦੇ ਸਲੋਗਨ ਰਾਈਟਿੰਗ ਮੁਕਾਬਲੇ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਵਿਚੋਂ ਦੂਸਰੀ ਥਾਂ ਪ੍ਰਾਪਤ ਕੀਤੀ।ਇਸ ਮੌਕੇ ਉਸਨੂੰ ਸ਼ਾਬਾਸ਼ ਦਿੰਦਿਆਂ ਸਕੂਲ ਮੁਖੀ ਬਲਜਿੰਦਰ ਮਾਨ ਨੇ ਕਿਹਾ ਕਿ ਉਸ ਦੇ ਗਾਈਡ ਸਤਵੀਰ ਕੌਰ ਹਿੰਦੀ ਮਿਸਟ੍ਰੈਸ ਅਤੇ ਸਾਰੇ ਸਟਾਫ਼ ਦੀ ਮਿਹਨਤ ਸਦਕਾ ਇਹ ਪ੍ਰਪਤੀ ਹੋਈ ਹੈ।ਇਸ ਤੋਂ ਪਹਿਲਾਂ ਕਵਿਤਾ ਅਤੇ ਭਾਸ਼ਨ ਮੁਕਾਬਲਿਆਂ ਵਿਚ ਅਮਨਦੀਪ ਅਤੇ ਸਿਮਰਨ ਜਮਾਤ ਅੱਠਵੀਂ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਪਹਿਲੀਆਂ ਥਾਂਵਾ ਹਾਸਿਲ ਕਰ



ਚੁੱਕੀਆਂ ਹਨ।ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬਾਕੀ ਇਨਾਮ ਜੇਤੂ ਵਿਦਿਆਰਥੀ ਸੈਕੰਡਰੀ ਸਕੂਲਾਂ ਦੇ ਹਨ। ਇਸ ਮੌਕੇ ਸਰਪੰਚ ਰਸ਼ਪਾਲ ਸਿੰਘ ਲਾਲੀ ਅਤੇ ਚੇ ਅ ਰ ਪ ਰ ਸ ਨ ਮਨਜੀਤ ਕੌਰ ਨੇ ਕਿਹਾ ਕਿ ਸਕੂਲ ਮੁਖੀ ਦੀ ਅਗਵਾਈ ਹੇਠ ਸਾਰਾ ਸਟਾਫ਼ ਬੱਚਿਆਂ ਦੇ ਸਰਬਪੱਖੀ ਵਿਕਾਸ ਵਿੱਚ ਜੁਟਿਆ ਹੋਇਆ ਹੈ।ਇਸੇ ਕਰਕੇ ਸਕੂਲ ਦੇ ਵਿਦਿਆਰਥੀ ਵਿੱਦਿਅਕ, ਸਹਿ ਵਿੱਦਿਅਕ, ਖੇਡਾਂ ਆਦਿ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰ ਰਹੇ ਹਨ।ਇਨ੍ਹਾਂ ਪ੍ਰਾਪਤੀਆਂ ਲਈ ਜਿੱਥੇ ਸਕੂਲ ਪ੍ਰਬੰਧਕ ਵਧਾਈ ਦੇ ਪਾਤਰ ਹਨ ਉੱਥੇ ਬੱਚਿਆਂ ਅਤੇ ਮਾਪਿਆਂ ਦੀ ਮਿਹਨਤ ਦੀ ਵੀ ਸ਼ਲਾਘਾ ਕਰਨੀ ਬਣਦੀ ਹੈ।

ਸਕੂਲ ਸਟਾਫ ਮੈਂਬਰ ਗੁਰਪ੍ਰੀਤ ਕੌਰ, ਪਵਨ ਕੁਮਾਰ, ਮੁਨੀਸ਼ ਕੁਮਾਰ ਅਤੇ ਮਨਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਆਨਲਾਈਨ ਮੁਕਾਬਲਿਆਂ ਬਾਰੇ ਜੂਮ ਐਪ ਤੇ ਜਾਣਕਾਰੀ ਮੁਹੱਈਆ ਕੀਤੀ।ਸਭ ਦਾ ਧੰਨਵਾਦ ਕਰਦਿਆਂ ਮੁੱਖ ਅਧਿਆਪਕ ਬਲਜਿੰਦਰ ਮਾਨ ਨੇ ਕਿਹਾ ਕਿ ਕੋਈ ਵੀ ਨਿਸ਼ਾਨਾ ਪ੍ਰਾਪਤ ਕਰਨ ਲਈ ਅਧਿਆਪਕ, ਮਾਪੇ ਅਤੇ ਬੱਚਿਆਂ ਵਿੱਚ ਆਪਸੀ ਤਾਲਮੇਲ ਹੋਣਾ ਜ਼ਰੂਰੀ ਹੁੰਦਾ ਹੈ।

# ਦਲਿਤਾਂ ਪਛੜੇ ਸਿੱਖਾਂ ਅਤੇ ਕਿਸਾਨਾਂ ਦੀ ਮੁੱਢੋਂ ਵੈਰੀ ਹੈ ਕਾਂਗਰਸ: ਜਸਵੀਰ ਸਿੰਘ ਗੜ੍ਹੀ

## ਧਰਮਸੋਤ ਦੀ ਬਰਖਾਸਤੀ ਦੇ ਨਾਲ ਵਜੀਫਾ ਸਕੀਮ ਲਾਗੂ ਕਰੇ ਕਾਂਗਰਸ
## 2022 ਵਿੱਚ ਪੰਜਾਬੀਆਂ ਦੇ ਆਸ਼ੀਰਵਾਦ ਨਾਲ ਕਾਂਗਰਸ ਨੂੰ ਸਿਖਾਵਾਂਗੇ ਸਬਕ - ਬੈਨੀਵਾਲ





**ਲੁਧਿਆਣਾ–** ਬਹੁਜਨ ਸਮਾਜ ਪਾਰਟੀ ਲੁਧਿਆਣਾ ਵਲੋ ਪੰਜਾਬ ਦੀ ਕਾਂਗਰਸ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੇ ਖਿਲਾਫ ਧਰਨਾ ਅਤੇ ਰੋਸ਼ ਮਾਰਚ ਕੀਤਾ ਗਿਆ। ਹਜ਼ਾਰਾ ਦਾ ਵਿਸ਼ਾਲ ਇਕੱਠ ਨੀਲੇ ਝੰਡਿਆਂ ਤੇ ਤਖਤੀਆਂ ਨਾਲ ਸੜਕ ਤੇ ਅੰਬੇਡਕਰ ਚੋਕ ਤੋਂ ਘੰਟਾ ਘਰ ਚੌਂਕ ਤਕ ਸੁਨਾਮੀ ਵਾਂਗ ਤੁਰਿਆ। ਬਸਪਾ ਦਾ ਵਿਸ਼ਾਲ ਹਜ਼ੂਮ ਬਸਪਾ ਦੇ ਪੁਰਾਣੇ ਯੁੱਗ ਦੀ ਵਾਪਸੀ ਦਾ ਸੰਕੇਤ ਲਗ ਰਿਹਾ ਸੀ। ਆਸਮਾਨ ਗੂੰਜਦੇ ਨਾਹਰੇ ਬਸਪਾ ਦੇ ਜੋਸ਼ ਦਾ ਵਿਲੱਖਣ ਮੁਜਾਹਰਾ ਕਰ ਰਹੇ ਸਨ ਜਿਸਦੀ ਅਗਵਾਈ ਬਸਪਾ ਦਾ ਨੌਜਵਾਨ ਸੂਬਾ ਪ੍ਰਧਾਨ ਕਰ ਰਿਹਾ ਸੀ।

ਰੋਸ ਪ੍ਰਦਰਸ਼ਨ ਵਿੱਚ ਰਣਧੀਰ ਸਿੰਘ ਬੈਨੀਵਾਲ ਇੰਚਾਰਜ ਪੰਜਾਬ ਅਤੇ ਚੰਡੀਗੜ੍ਹ, ਸ੍ਰੀ ਵਿਪੁਲ ਕੁਮਾਰ ਇੰਚਾਰਜ ਪੰਜਾਬ ਅਤੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਜੀ ਨੇ ਉਚੇਚੇ ਰੂਪ ਵਿੱਚ ਪੁੱਜ ਕੇ ਹਜਾਰਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਿਤ ਕੀਤਾ। ਸ਼੍ਰੀ ਬੈਨੀਵਾਲ ਨੇ ਕਿਹਾ ਕਿ 2022 ਪੰਜਾਬ ਦੀਆ ਚੋਣਾਂ ਦੀ ਤਿਆਰੀ ਪੰਜਾਬ ਦੇ ਮੁੱਦਿਆ ਉਪਰ ਲੜੇਗੀ ਅਤੇ ਬਸਪਾ ਦਾ ਹਾਲੀ ਮੁੱਖ ਨਿਸ਼ਾਨਾ ਪੂਰੇ ਪੰਜਾਬ ਵਿਚ ਸੰਗਠਨ ਨੂੰ ਮਜ਼ਬੂਤ ਕਰਨਾ ਹੈ। ਸ਼੍ਰੀ ਵਿਪੁਲ ਨੇ ਕਿਹਾ ਪਛੜਾ ਵਰਗ ਨਾਲ 73 ਸਾਲਾਂ ਦੀ ਵਿਚ ਧੋਖਾ ਹੋਇਆ ਅਤੇ ਮੰਡਲ ਕਮਿਸਨ ਰਿਪੋਰਟ ਲਾਗੂ ਨਹੀਂ ਹੋਈ ਹੈ।

ਜੋਸ਼ ਨਾਲ ਲਬਾਲਬ ਹਜਾਰਾਂ ਦੀ ਤਾਦਾਦ ਦੇ ਇਕੱਠ ਨੂੰ ਸੰਬੋਧਿਤ ਕਰਦੇ ਹੋਏ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜੀ ਨੇ ਕਿਹਾ ਦਲਿਤਾਂ ਅਤੇ ਸਿੱਖਾਂ ਨੂੰ ਬਰਗਲਾ ਕੇ ਕਾਗਰਸ ਨੇ ਸ਼ੁਰੂ ਤੋਂ ਹੀ ਧੋਖਾ ਕੀਤਾ ਹੈ ਜਦੋਂ ਵੀ ਦਲਿਤਾਂ ਦੇ ਸੰਵਿਧਾਨਕ ਹੱਕਾਂ ਦੀ ਗਲ ਆਈ ਕਾਂਗਰਸ ਨੇ ਬਾਬਾ ਸਾਹਿਬ ਅੰਬੇਡਕਰ




ਦਾ ਹਮੇਸ਼ਾ ਵਿਰੋਧ ਕੀਤਾ ਹੈ। ਪੰਜਾਬੀਆ ਪੰਜਾਬ ਨਾਲ ਵੀ ਕਾਂਗਰਸ ਨੇ ਹਮੇਸ਼ਾ ਧੋਖਾ ਕੀਤਾ ਸਿੱਖੀ ਦੇ ਸੰਵਿਧਾਨਿਕ ਹੱਕ, ਲੰਗੜਾ ਪੰਜਾਬੀ ਸੂਬਾ, ਰਾਜਧਾਨੀ ਚੰਡੀਗੜ੍ਹ, ਨਹਿਰੀ ਪਾਣੀ, ਪੰਜਾਬੀ ਭਾਸ਼ਾ, ਸਿਖਾਂ ਦੀ ਵਖਰੀ ਪਛਾਣ, ਆਰ ਐਸ ਐਸ ਦੇ ਹਿੰਦੂਤਵੀ ਹਮਲੇ ਆਦਿ ਹਰ ਮੁੱਦੇ ਤੇ ਪੰਜਾਬ ਨੂੰ ਧੋਖਾ ਦਿੱਤਾ ਗਿਆ ਹੈ। ਜਿਨਾ ਕਿਸਾਨਾਂ ਨੇ ਮੁਲਕ ਦੀ ਅਬਾਦੀ ਦਾ ਢਿੱਡ ਭਰਣ ਦਾ ਕੰਮ ਕੀਤਾ ਉਨ੍ਹਾਂ ਦੀ ਕਾਂਗਰਸ ਭਾਜਪਾ ਨੇ ਕਦੇ ਸਾਰ ਨਹੀ ਲਈ। ਕਾਂਗਰਸ ਸਰਕਾਰ ਨੇ ਧਰਮਸੋਤ ਨੂੰ ਕਲੀਨ ਚਿੱਟ ਦੇ ਕੇ ਲੱਖਾਂ ਦਲਿਤ ਵਿਦਿਆਰਥੀਆਂ ਨਾਲ ਧੋਖਾ ਕੀਤਾ ਹੈ । 2022 ਦੀਆਂ ਵਿਧਾਨ ਸਭਾ ਚੌਣਾ ਵਿੱਚ ਬਸਪਾ ਪੰਜਾਬੀਆਂ ਦੇ ਆਸ਼ੀਰਵਾਦ ਨਾਲ ਕਾਂਗਰਸ ਨੂੰ ਸਬਕ ਸਿਖਾਉਣ ਦਾ ਕੰਮ ਕਰੇਗੀ।

ਸੂਬਾ ਜਨਰਲ ਸਕੱਤਰ ਡਾਕਟਰ ਨਛੱਤਰ ਪਾਲ ਨੇ ਸਰਕਾਰ ਨਿਆ ਪਾਲਿਕਾ ਰਾਹੀਂ ਦਲਿਤ ਹੱਕਾਂ ਦੇ ਕਾਨੂੰਨਾਂ ਉਪਰ ਡਾਕਾ ਮਾਰ ਰਹੀ ਹੈ। ਭਗਵਾਨ ਸਿੰਘ ਚੌਹਾਨ ਨੇ ਕਿਹਾ ਕਾਂਗਰਸ ਗੁਰੂ ਅਤੇ ਪਵਿੱਤਰ ਗੁਟਕਾ ਸਾਹਿਬ ਦੀ ਸਹੁੰ ਖਾਕੇ ਗੁਰੂਆਂ ਦਾ ਨਹੀਂ ਹੋਇਆ ਉਹ ਨਵੀਂ ਵਜੀਫਾ ਸਕੀਮ ਲਾਗੂ ਕਰੇਗੀ ਇਸਦਾ ਭਰੋਸਾ ਨਹੀਂ। ਸੂਬਾ ਸਕੱਤਰ ਗੁਰਮੇਲ ਜੀਕੇ ਨੇ ਕਿਹਾ ਮਨੀਸ਼ਾ ਵਾਲਮੀਕਿ ਦਾ ਕਤਲ ਭਾਜਪਾ ਸਰਕਾਰ ਦੀ ਵਾਲਮੀਕਿ ਸਮਾਜ ਨੂੰ ਭਾਜੀ ਹੈ ਜਿਸਨੂੰ ਪੰਜਾਬ ਵਿਚ ਬਸਪਾ ਰਾਹੀਂ ਮੋੜਿਆ ਜਾਵੇਗਾ। ਇਸ ਮੌਕੇ ਸੂਬਾ ਡਾਕਟਰ ਨਛੱਤਰ ਪਾਲ, ਭਗਵਾਨ ਸਿੰਘ ਚੌਹਾਨ, ਗੁਰਮੇਲ ਜੀਕੇ, ਹਰਜੀਤ ਸਿੰਘ ਲੌਂਗੀਆ, ਡਾਕਟਰ ਜਸਪ੍ਰੀਤ ਸਿੰਘ, ਜੀਤ ਰਾਮ ਬਸਰਾ, ਹਰਪ੍ਰੀਤ ਸਿੰਘ ਮੱਖੂ, ਨਿਰਮਲ ਸਿੰਘ ਛਾਇਆ, ਬੂਟਾ ਸਿੰਘ ਸੰਗੋਵਾਲ, ਨਰੇਸ਼ ਬਸਰਾ, ਜਸਪਾਲ ਭੋਰਾ, ਬਲਵਿੰਦਰ ਜੱਸੀ, ਸੁਰਿੰਦਰ ਹੀਰਾ, ਸੁਖਵਿੰਦਰ ਕੌਰ, ਐਡਵੋਕੇਟ ਹਰਪ੍ਰੀਤ ਜਮਾਲਪੁਰ, ਲਾਭ ਸਿੰਘ ਭਾਮੀਆਂ, ਸੁਰਜੀਤ ਪਾਲ, ਜਸਵੀਰ ਪਾਲ, ਰਾਜਿੰਦਰ ਨਿੱਕਾ, ਵਿਕੀ ਬਹਾਦਰਕੇ, ਕਮਲ ਬੋਧ, ਪਵਨ ਕੁਮਾਰ, ਮਨਦੀਪ ਮਨੀ, ਹਰਨਾਮ ਦਾਸ ਬਹਿਲਪੁਰੀ, ਚਮਕੌਰ ਸਿੰਘ ਵੀਰ , ਰਾਜਿੰਦਰ ਰੀਹਲ, ਬਲਦੇਵ ਮਹਿਰਾ, ਜੋਗਾ ਸਿੰਘ ਪਨੋਂਦਿਆਂ, ਰਾਜਾ ਰਾਜਿੰਦਰ ਸਿੰਘ, ਹਰਭਜਨ ਬਜ ਹੇਰੀ, ਬਲਵਿੰਦਰ ਕੁਮਾਰ, ਐਡਵੋਕੇਟ ਰਣਜੀਤ ਕੁਮਾਰ, ਅਜੀਤ ਭੈਣੀ, ਰਮੇਸ਼ ਕੋਲ, ਮਨਜੀਤ ਸਿੰਘ ਅਟਵਾਲ, ਸਵਰਨ ਸਿੰਘ ਕਲਿਆਣ, ਐਡਵੋਕੇਟ ਸ਼ਿਵ ਕਲਿਆਣ, ਹੰਸ ਰਾਜ ਸਿਓਰਾ, ਜੇ ਪੀ ਭਗਤ, ਹਰਬੰਸ ਲਾਲ ਚਣਕੋਆ, ਜਸਵੀਰ ਸਿੰਘ ਔਲੀਆਪੁਰ, ਮੱਖਣ ਸਿੰਘ ਗੜ੍ਹੀ ਆਦਿ ਹਜ਼ਾਰਾ ਦੀ ਗਿਣਤੀ ਵਿਚ ਬਸਪਾ ਵਰਕਰ ਤੇ ਸਮਰਥਕ ਸ਼ਾਮਿਲ ਸਨ।





ਲੁਧਿਆਣਾ ਵਿਖੇ ਬਹੁਜਨ ਸਮਾਜ ਪਾਰਟੀ ਵਲੋਂ ਰੋਸ ਪ੍ਰਦਰਸ਼ਨ ਅਤੇ ਰੋਸ ਮਾਰਚ
ਬਸਪਾ ਪੰਜਾਬ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਨੇ ਕੀਤਾ ਅਗਵਾਈ
ਬਸਪਾ ਵਰਕਰਾਂ ਸਮਰਥਕਾਂ ਦੇ ਜੋਸ਼ ਇਕੱਠ ਨੇ ਕਰਾਏ ਬਸਪਾ ਨੂੰ ਪੁਰਾਣੇ ਦਿਨ ਯਾਦ। ਬਸਪਾ ਲੁਧਿਆਣਾ ਦੀਆਂ ਸੜਕਾਂ ਤੇ ਸੁਨਾਮੀ ਦੀ ਤਰ੍ਹਾ ਉਤਰੀ।
ਬਸਪਾ ਦੇ ਜੋਸ਼ੀਲੇ ਆਸਮਾਨ ਗੂੰਜਦੇ ਨਾਹਰੇ ਸਾਧੂ ਸਿੰਘ ਧਰਮਸੋਤ ਗ੍ਰਿਫਤਾਰ ਕਰੋ, ਵਜੀਫਾ ਸਕੀਮ ਲਾਗੂ ਕਰੋ, ਕਿਸਾਨ ਵਿਰੋਧੀ ਕਾਨੂੰਨ ਰੱਦ ਕਰੋ ਆਦਿ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਬਸਪਾ ਦਾ ਨਵਾਂ ਖੂਨ ਸੰਚਾਰ ਦੇ ਲੱਛਣ ਦਿੱਖ ਰਹੇ ਸਨ।

# ਰਾਜ ਕੁਮਾਰੀ ਵਲੋ ਸਤਿਗੁਰੂ ਰਵਿਦਾਸ ਮਹਾਰਾਜ ਜੀ ਹੱਥੀ ਤਿਆਰ ਕੀਤੀ ਤਸਵੀਰ ਕਮੇਟੀ ਨੂੰ ਭੇਂਟ

**ਰੋਮ (ਇਟਲੀ) ਟੇਕ ਚੰਦ ਜਗਤਪੁਰ–** ਸਤਿਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਜਿਲ੍ਹਾ ਬਰੇਸ਼ੀਆਂ ਦੀ ਸੰਗਤ ਦੇ ਸਹਿਯੋਗ ਨਾਲ ਨਵੀਂ ਖਰੀਦੀ ਸ੍ਰੀ ਗੁਰੂ ਰਵਿਦਾਸ ਟੈਂਪਲ ਮਨੈਰਬੀਓ (ਬਰੇਸ਼ੀਆਂ) ਸ਼ਾਨਦਾਰ ਇਮਾਰਤ ਦੇ ਨਾਲ-ਨਾਲ ਹੁਣ ਕਮੇਟੀ ਵਲੋ ਸੰਗਤਾਂ ਲਈ ਲੰਗਰ ,ਚਾਹ ਆਦਿ ਤਿਆਰ ਕਰਨ ਲਈ ਰਸੋਈ ਵੀ ਖਰੀਦ ਲਈ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਮੇਟੀ ਦੇ ਪ੍ਰਧਾਨ ਸ੍ਰੀ ਅਮਰੀਕ ਲਾਲ ਦੋਲੀਕੇ ਨੇ ਵਿਸ਼ੇਸ਼ ਮੀਟਿੰਗ ਦੋਰਾਨ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਕਮੇਟੀ ਵਲੋ ਜਲਦੀ ਹੀ ਉਦਘਾਟਨ ਸਮਾਰੋਹ ਕਰਵਾਇਆ ਜਾ ਰਿਹਾ ਹੈ ਪਰ ਸਮੁੱਚੇ ਸੰਸਾਰ ਚ ਫੈਲੀ ਹੋਈ ਮਾਹਾਮਾਰੀ ਕੋਵਿਡ 19 ਕਾਰਨ ਇਹ ਸਮਾਗਮ ਅਣਮਿਥੇ ਸਮੇ ਲਈ ਫਿਰ ਰੱਦ ਕਰਨਾ ਪਿਆ ਰਿਹਾ ਹੈ।ਉਨਾਂ ਅੱਗੇ ਕਿਹਾ ਕਿ ਕਮਿਊਨੇ ਵਲੋ ਦਸਤਾਵੇਜਾਂ ਦੀ ਲੋੜੀਦੀ ਕਰਵਾਈ ਕੀਤੀ ਜਾ ਰਹੀ ਰਹੀ ਹੈ,ਜਦੋ ਹੀ ਹਲਾਤ ਬੇਹਤਰ ਹੋ ਜਾਣਗੇਂ, ਸਮਾਗਮ ਕਰਵਾਉਣ ਦੀ ਇਜਾਜਤ ਮਿਲ ਜਾਵੇਗੀ। ਇਸ ਮੀਟਿੰਗ ਵਿਚ ਰਾਜ ਕੁਮਾਰੀ ਪੁੱਤਰੀ ਸ੍ਰੀ ਗੁਰਮੇਲ ਰਾਮ ਵਲੋ ਹੱਥੀ ਤਿਆਰ ਕੀਤੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਤਸਵੀਰ ਵੀ ਕਮੇਟੀ ਨੂੰ ਭੇਂਟ ਕੀਤੀ ਗਈ,ਜਿਸ ਦੀ ਕਮੇਟੀ ਵਲੋ ਭਰਭੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਕਮੇਟੀ ਪ੍ਰਧਾਨ ਅਮਰੀਕ ਲਾਲ ਦੋਲੀਕੇ ਨੇ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਨੂੰ ਪੁਰਜੋਰ ਅਪੀਲ ਕੀਤੀ ਕਿ ਇਸ ਗੁਰੂਘਰ ਦੀ ਤਿਆਰੀ ਚ ਸੰਗਤਾਂ ਆਰਥਿਕ ਪੱਖੋ ਵੱਧ ਤੋ ਵੱਧ ਯੋਗਦਾਨ ਪਾਉਣ।



ਇਸ ਮੌਕੇ ਤੇ ਜਸਵਿੰਦਰ ਜੱਸੀ, ਦੇਸ ਰਾਜ, ਅਨਿਲ ਕੁਮਾਰ ਤੂਰਾਂ, ਰਸ਼ਪਾਲ ਤੂਰਾਂ, ਮੰਗਲ ਸੈਨ ਜਸਕਰਨ ਜੱਸੀ, ਸੁਰਿੰਦਰ ਪਾਲ, ਪਰਮਜੀਤ, ਭਿੰਦਾ, ਬਲਵੀਰ ਮਾਹੀ, ਸੁਰਜੀਤ ਲਾਲ, ਦੀਪਕ ਪਾਲ, ਕੇਵਲ ਕ੍ਰਿਸ਼ਨ, ਬਲਦੇਵ, ਜੱਸੀ ਵਿਰੋਲਾਨੋਵਾ, ਸਰਬਜੀਤ ਵਿਰਕ ਆਦਿ ਨਾਲ ਸਨ।

# ਬੰਦ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅ) ਵਲੋਂ ਕਾਲੇ ਝੰਡਿਆਂ ਦੇ ਨਾਲ ਮੋਦੀ ਸਰਕਾਰ ਖਿਲਾਫ਼ ਕੀਤਾ ਗਿਆ ਰੋਸ ਪ੍ਰਦਰਸ਼ਨ, ਹਾਈਵੇ ਕੀਤਾ ਜਾਮ





**ਕਾਲੇ ਕਾਨੂੰਨ ਵਾਪਸ ਨਾਲ ਲੈਣ ਤੱਕ ਮੋਦੀ ਸਰਕਾਰ ਖਿਲਾਫ਼ ਲੜੀ ਜਾਵੇਗੀ ਆਰ-ਪਾਰ ਦੀ ਲੜਾਈ : ਜਥੇਦਾਰ ਚੀਮਾ**

**ਲੁਧਿਆਣਾ (ਬਿਊਰੋ)–** ਕੇਂਦਰੀ ਦੀ ਮੋਦੀ ਸਰਕਾਰ ਵਲੋਂ ਦੇਸ਼ ਦੀ ਕਿਸਾਨੀ ਨੂੰ ਤਬਾਹ ਕਰਨ ਲਈ ਲਿਆਂਦੇ ਗਏ ਕਿਸਾਨ ਮਾਰੂ ਖੇਤੀ ਬਿੱਲਾਂ ਦੇ ਖਿਲਾਫ਼ ਜਿਥੇ ਸਾਰੀਆਂ ਕਿਸਾਨ ਜਥੇਬ-ਦੀਆਂ ਵਲੋਂ ਚੱਕਾ ਜਾਮ ਦਾ ਐਲਾਨ ਕੀਤਾ ਗਿਆ ਸੀ । ਉਥੇ ਹੀ ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਲਈ ਸ਼੍ਰੋਮਣੀ ਅਕਾਲੀ ਦਲ (ਅ) ਦੇ ਜਿਲ•ਾ ਪ੍ਰਧਾਨ ਜਥੇਦਾਰ ਜਸਵੰਤ ਸਿੰਘ ਚੀਮਾ ਵਲੋਂ ਕਾਲੀਆਂ ਝੰਡੀਆਂ ਲੈ ਕੇ ਜੋਧੇਵਾਲ ਬਸਤੀ ਹਾਈਵੇ ਜਾਮ ਕੀਤਾ ਗਿਆ ਉਥੇ ਹੀ ਕਾਲੇ ਕਾਨੂੰਨਾਂ ਖਿਲਾਫ਼ ਕਾਲੀਆਂ ਝੰਡੀਆਂ ਲੈ ਕੇ ਰੋਸ ਮਾਰਚ ਵੀ ਕੱਢਿਆ ਗਿਆ ਤੇ ਕਿਸਾਨਾਂ ਦੇ ਹੱਕ ਵਿਚ ਡੱਟ ਕੇ ਆਵਾਜ਼ ਬੁਲੰਦ ਕੀਤੀ ਗਈ। ਇਸ ਮੌਕੇ ਜਥੇਦਾਰ ਜਸਵੰਤ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਦੀ ਹਿੰ-ਦੂਤਵੀ ਮੋਦੀ ਸਰਕਾਰ ਕਦੇ ਮੁਸਲਮਾਨਾਂ ਖਿਲਾਫ਼ ਅੱਤਾਚਾਰ ਕਰ ਰਹੀ ਹੈ ਤੇ ਕਦੇ ਮੂਲਨਿਵਾਸੀ ਭਾਈਚਾਰੇ ਤੇ ਅੱਤਿਚਾਰ ਕਰਕੇ ਉਹਨਾਂ ਦੇ ਧਾਰਮਿਕ ਸਥਾਨਾਂ ਦੇ ਡੇਗ ਰਹੀ ਤੇ ਕਦੇ ਈਸਾਈ ਭਾਈਚਾਰੇ ਦੇ ਗਿਰਜਾਂਘਰਾਂ ਨੂੰ ਅੱਗਾਂ ਲਾ ਰਹੀ ਤੇ ਕਦੇ ਸਿੱਖਾਂ ਨੂੰ ਗੁਲਾਮ ਹੋਣ ਦਾ ਅਹਿਸਾਸ ਕਰਵਾ ਰਹੀ ਹੈ ਜੋ ਕਿ ਇਕ ਸੋਚੀ ਸਮਝੀ ਸਾਜਿਸ਼ ਤਹਿਤ ਘੱਟ ਗਿਣਤੀਆਂ ਨੂੰ ਤਸੱਦਦ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿਹੁਣ ਮੋਦੀ ਸਰਕਾਰ ਨੇ ਕਿਸਾਨੀ ਤੇ ਇਹਨਾਂ ਖੇਤੀ ਬਿੱਲਾਂ ਨੂੰ ਲਿਆ ਕੇ ਉਹ ਵੱਡਾ ਡਾਕਾ ਮਾਰਿਆ ਹੈਹ। ਉਹਨਾਂ ਕਿਹਾ ਕਿ ਇਸੇ ਹਿੰਦੂਤਵੀ ਮੋਦੀ ਸਰਕਾਰ ਪਹਿਲਾਂ ਗੁਜਰਾਤ, ਹਿਮਾਚਲ ਤੇ ਯੂ. ਪੀ. ਵਿਚ ਅਣਗਣਿਤ ਸਿੱਖ ਕਿਸਾਨ ਪਰਿਵਾਰਾ ਦਾ ਉਜਾੜਾ ਵੀ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਕਿਸਾਨ ਤਾਂ ਪਹਿਲਾ ਹੀ ਰੁਲਿਆ ਪਿਆ ਹੈ ਤੇ ਮੋਦੀ ਸਰਕਾਰ ਦੇ ਇਹਨਾਂ ਬਿੱਲਾਂ ਨੇ ਕਿਸਾਨਾਂ ਨੂੰ ਸੜਕਾਂ ਤੇ ਉਤਰਣ ਨੂੰ ਮਜ਼ਬੂਰ ਕਰ ਦਿੱਤਾ ਹੈ। ਉਹਨਾਂ ਕਿਹਾ ਜੇਕਰ ਇਹ ਬਿੱਲ ਲਾਗੂ ਹੋਣ ਕਾਰਨ ਕਿਸਾਨਾਂ ਤਾਂ ਸਿਰਫ਼ ਤੇ ਸਿਰਫ਼ ਪਾਈਵੇਟ ਕੰਪਨੀਆਂ ਦੇ ਗੁਲਾਮ ਬਣ ਕੇ ਰਹਿ ਜਾਣਗੇ। ਉਹਨਾਂ ਕਿਹਾ ਕਿ ਮੋਦੀ ਸਰਕਾਰ ਨੂੰ ਬਿਹਨਾ ਸ਼ਰਤ ਇਹਨਾਂ ਕਾਲੇ ਕਾਨੂੰਨਾਂ ਨੂੰ ਵਾਪਸ ਲੈਣਾ ਚਾਹੀਦਾ ਹੈ ਤੇ ਜੋ ਤੱਕ ਇਹਨਾਂ ਕਾਲੇ ਕਾਨੂੰਨਾਂ ਨੂੰ ਵਾਪਸ ਨਹੀਂ ਲਿਆ ਜਾਂਦਾ ਉਦੋਂ ਤੱਕ ਇਹਨਾਂ ਕਾਲੇ ਕਾਨੂੰਨਾਂ ਖਿਲਾਫ਼ ਪਾਰਟੀ ਦਾ ਸੰਘਰਸ਼ ਜਾਰੀ ਰਹੇਗਾ। ਉਹਨਾਂ ਕਿਹਾ ਕਿ ਮੋਦੀ ਸਰਕਾਰ ਵਲੋਂ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕਰਨ ਲਈ ਲਗਾਤਾਰ ਪੰਜਾਬ ਤੇ ਕਿਸਾਨੀ ਵਿਰੋਧੀ ਫ਼ੈਸਲੇ ਲਏ ਜਾ ਰਹੇ ਹਨ।

ਉਹਨਾਂ ਕਿਹਾ ਮੋਦੀ ਸਰਕਾਰ ਦੇ ਤਾਜ਼ਾ ਫੈਸਲੇ ਖੇਤੀ ਖੇਤਰ ਨੂੰ ਕਰਜ਼ਾ ਮੁਆਫੀ ਦੇ ਘੇਰੇ ਚੋਂ ਬਾਹਰ ਆ ਕੇ ਕਿਸਾਨਾਂ ਦੇ ਜ਼ਖ਼ਮਾਂ ਤੇ ਲੂਣ ਭੁੱਕਣ ਦੇ ਬਰਾਬਰ ਹਨ, ਪੰਜਾਬ ਦੇ ਕਿਸਾਨਾਂ ਦੇ ਸੰਘਰਸ਼ ਨੂੰ ਕੁਚਲਣ ਲਈ ਪ੍ਰਦੂਸ਼ਣ ਦੇ ਨਾਂ ਤੇ ਲਿਆਂਦਾ ਗਿਆ ਕਾਲਾ ਕਾਨੂੰਨ ਇੱਕ ਕਰੋੜ ਜੁਰਮਾਨਾ ਅਤੇ 5 ਸਾਲ ਦੀ ਸਜ਼ਾ ਪਾਸ ਕਰਨ ਤੋ ਸਾਫ ਹੋ ਰਿਹਾ ਕਿ ਮੋਦੀ ਸਰਕਾਰ ਪੰਜਾਬ ਵਿਚੋਂ ਕਿਸਾਨਾਂ ਨੂੰ ਬਰਬਾਦ ਕਰਨਾ ਚਾਹੁੰਦੀ ਹੈ।

ਉਹਨਾਂ ਇਹ ਵੀ ਕਿਹਾ ਕਿ ਕਿਰਤੀਆਂ ਅਤੇ ਘੱਟ ਗਿਣਤੀਆਂ ਵਿਰੁੱਧ ਇੱਕੋ ਦਮ ਕਾਲੇ ਕਾਨੂੰਨ ਪਾਸ ਕੀਤੇ ਜਾਣੇ ਸਾਬਤ ਕਰਦਾ ਹੈ ਕਿ ਬਹੁ-ਗਿਣਤੀ ਫ਼ਿਰਕੂ, ਤਾਨਾਸਾਹੀ ਹਕੂਮਤ ਨੇ ਘੱਟ ਗਿਣਤੀਆਂ ਨੂੰ ਗੁਲਾਮ ਬਣਾਇਆ ਹੋਇਆ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਦੀ ਕਿਸਾਨੀ ਸੰਘਰਸ਼ 'ਤੇ ਹੋਰ ਸਖ਼ਤੀ ਨੇ ਸਾਬਿਤ ਕਰਦਾ ਹੈ ਕਿ ਹਿੰਦੂਤਵੀ ਸਰਕਾਰ ਨੇ ਕਿਸਾਨਾਂ ਨੂੰ ਪ੍ਰਾਈਵੇਟ ਘਰਾਣਿਆਂ ਕੋਲ ਗਿਰਵੀ ਰੱਖਣ ਦਾ ਪੂਨਾ ਮਨ ਬਣਾਈ ਬੈਠੀ ਹੈ। ਉਹਨਾਂ ਕਿਹਾ ਕਿ ਪੰਜਾਬ ਨੂੰ ਕਿਸਾਨਾਂ ਵੱਲੋਂ ਦਿੱਤੀ ਛੋਟ ਦੌਰਾਨ ਰੇਲਾਂ ਨਾ ਚਲਾਈਆਂ ਤਾਂ ਪੰਜਾਬ ਵਾਸੀ ਦਿੱਲੀ ਤੇ ਹੋਰਨਾਂ ਬਾਹਰਲੇ ਸੂਬਿਆਂ ਨੂੰ ਜਾਂਦਾ ਪਾਣੀ ਤੇ ਬਿਜਲੀ ਬੰਦ ਕਰਨ ਦੀ ਵੀ ਸੋਚ ਸਕਦੇ ਹਨ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਹਮੇਸ਼ਾ ਕਿਸਾਨਾਂ ਦੇ ਹੱਕਾਂ ਤੇ ਭਲਾਈ ਦੀ ਗੱਲ ਕੀਤੀ ਹੈ ਤੇ ਜਦੋਂ ਗੱਲ ਕਿਸਾਨਾਂ ਤੇ ਆ ਖੜੀ ਹੋ ਗਈ ਤੇ ਪਾਰਟੀ ਵਲੋਂ ਕਿਸਾਨਾਂ ਦੇ ਹੱਕ ਵਿਚ ਡੱਟ ਕੇ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ ਤੇ ਕੇਂਦਰ ਦੀ ਹਿੰਦੂਤਵੀ ਸਰਕਾਰ ਨੂੰ ਇਹਨਾਂ ਕਾਲੇ ਕਾਨੂੰਨ ਨੂੰ ਹਰ ਹਾਲਾਤ ਵਾਪਸ ਲੈਣਾ ਚਾਹੀਦਾ ਹੈ।

ਉਹਨਾਂ ਮੋਦੀ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਕਾਲੇ ਕਾਨੂੰਨ ਵਾਪਸ ਨਾ ਕੀਤੇ ਗਏ ਕੇਂਦਰ ਸਰਕਾਰ ਨਾਲ ਆਰ ਪਾਰ ਦੀ ਲੜਾਈ ਲੜਾਂਗੇ। ਇਸ ਮੌਕੇ ਬਾਬਾ ਬਲਵੀਰ ਸਿੰਘ, ਰੋਸ਼ਨ ਸਿੰਘ ਸਾਗਰ, ਅਵਤਾਰ ਸਿੰਘ, ਜਗਸੀਰ ਸਿੰਘ ਸੰਧੂ, ਗੁਰਸੇਵਕ ਸਿੰਘ, ਬਾਬਾ ਰਣਜਜੀਤ ਸਿੰਘ, ਅਜਮੇਰ ਸਿੰਘ, ਦਲਜੀਤ ਸਿੰਘ, ਮਿਆਂਗੱਡੂ, ਮਿਆਂ ਅਨਵਾਰ ਖਾਂ, ਨਾਜ਼ਰ ਸਿੰਘ ਰਾਈਆਂ, ਮਨਜੀਤ ਸਿੰਘ, ਬਾਬਾ ਦਰਸ਼ਨ ਸਿੰਘ, ਬਲਵੀਰ ਸਿੰਘ ਮਣਕੂੰ, ਕੁਲਵੰਤ ਸਿੰਘ ਸੇਠੀ, ਸਲੇਮਟਾਬਰੀ, ਦਿਲਬਾਗ ਸਿੰਘ ਆਦਿ ਹਾਜ਼ਰ ਸਨ।

# ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਵਿਚ ਕਵੀਆਂ ਨੇ ਰੰਗ ਬੰਨਿਆ




**ਰਾਜਪੁਰਾ (ਬਿਊਰੋ)–** ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਰੋਟਰੀ ਕਲੱਬ ਦੇ ਹਾਲ ਵਿਚ ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਕਵੀਆਂ ਨੇ ਵੱਖਰੇ ਕਿਸਮ ਦਾ ਕਾਵਿਕ ਰੰਗ ਬਿਖੇਰਿਆ। ਸਭਾ ਦਾ ਆਗਾਜ਼ ਅਮਰਜੀਤ ਸਿੰਘ ਲੁਬਾਣਾ ਦੀ ਗ਼ਜ਼ਲ 'ਲੋਕ ਹਮਾਰੀ ਮੌਤ ਪੇ ਝੂਮਤੇ ਰਹੇ' ਨਾਲ ਹੋਇਆ। ਕਰਮ ਸਿੰਘ ਹਕੀਰ ਨੇ 'ਨਿੱਤ ਕਰੇ ਖੁਦਕਸ਼ੀਆਂ ਅਤੇ ਮਾਂ ਨੇ ਘੂਰੀ ਪਿਓ ਨੇ ਝਿੜਕੀ ' ਸੁਣਾਕੇ ਸਾਡੇ ਸਮਾਜ ਵਿਚ ਫੈਲੀ ਕੁਰੀਤੀ ਬਾਰੇ ਚਾਨਣਾ ਪਾਇਆ। ਸੁਨੀਤਾ ਦੇਸਰਾਜ ਨੇ ਮਜਬੂਰ ਔਰਤ ਦੀ ਕਹਾਣੀ ਸੁਣਾਕੇ ਮਾਹੌਲ ਸਿਰਜ ਦਿਤਾ। ਗੁਰਵਿੰਦਰ ਆਜ਼ਾਦ ਨੇ ਗੀਤ 'ਸਕੂਨ ਹੈ ਤੋਂ ਜਿੰਦਾ ਹੈ 'ਸੁਣਾਇਆ। ਸੁਖਵਿੰਦਰ ਸਿੰਘ ਪੋਲਾ ਦੀ ਸਾਖੀ ਬਹੁਤ ਵਧੀਆ ਸੀ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ 'ਜ਼ਮੀਰ' ਸੁਣਾਕੇ ਸ਼ਰੋਤਿਆਂ ਨੂੰ ਝੰਜੋੜ ਕੇ ਰੱਖ ਦਿੱਤਾ। ਸੁੱਚਾ ਸਿੰਘ ਪੋਲਾ ਦੇ ਸ਼ੇਅਰ ਚੰਗੇ ਸਨ। ਚੇਅਰਮੈਨ ਡਾ ਹਰਜੀਤ ਸਿੰਘ ਸੱਧਰ ਦਾ ਗੀਤ ਤੈਨੂੰ ਸਿਤਮ ਪਿਆਰਾ ਏ ,ਮੈਨੂੰ ਗ਼ਮ ਦਾ ਸਹਾਰਾ ਐ 'ਸੁਣਾਕੇ ਮਾਹੌਲ ਖੁਸ਼ਗੁਆਰ ਬਣਾ ਦਿੱਤਾ। ਸੁਰਿੰਦਰ ਸੋਹਣਾ ਨੇ ਜਿੱਥੇ ਸਟੇਜ ਦੀ ਕਾਰਵਾਈ ਚੱਲਾਈ ਉੱਥੇ ਗੀਤ ਸੁਣਾਕੇ ਸਭਾ ਨੂੰ ਸ਼ਿਖਰਾਂ ਤੇ ਪਹੁੰਚਾ ਦਿੱਤਾ।

# ਨਿੱਕੀਆਂ ਕਰੂੰਬਲਾਂ ਸਾਹਿਤ ਸਾਹਿਤ ਸਿਰਜਣਾ ਮੁਕਾਬਲੇ 15 ਨਵੰਬਰ ਨੂੰ ਕਰਵਾਏ ਜਾਣਗੇ



**ਮਾਹਿਲਪੁਰ (ਬਿਊਰੋ)–** ਬਾਲ ਦਿਵਸ ਮੌਕੇ ਬੱਚਿਆਂ ਨੂੰ ਮਾਤ ਭਾਸ਼ਾ ਨਾਲ ਜੋੜਕੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਦੇ ਮੰਤਵ ਨਾਲ ਸੁਰ ਸੰਗਮ ਵਿੱਦਿਅਕ ਟਰੱਸਟ (ਰਜਿ:) ਮਾਹਿਲਪੁਰ ਵਲੋਂ ਪਿਛਲੇ ਸਾਲਾਂ ਵਾਂਗ ਸਾਹਿਤ ਸਿਰਜਣਾ ਮੁਕਾਬਲੇ 15 ਨਵੰਬਰ 2020 ਦਿਨ ਐਤਵਾਰ ਨੂੰ ਕਰੂੰਬਲਾਂ ਭਵਨ ਗੜ੍ਹਸ਼ੰਕਰ ਰੋਡ ਮਾਹਿਲਪੁਰ ਵਿਖੇ ਸਵੇਰੇ ਦਸ ਤੋਂ ਬਾਰਾਂ ਵਜੇ ਤਕ ਕਰਵਾਏ ਜਾਣਗੇ।ਇਹ ਜਾਣਕਾਰੀ ਦਿੰਦਿਆਂ ਟਰੱਸਟ ਦੇ ਪ੍ਰਧਾਨ ਬਲਜਿੰਦਰ ਮਾਨ ਅਤੇ ਪ੍ਰਬੰਧਕੀ ਸੰਪਾਦਕਾ ਮਨਜੀਤ ਕੌਰ ਨੇ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਵਿਚ ਇਕ ਸਕੂਲ ਦੇ +2 ਤਕ ਦੇ ਤਿੰਨ ਭਾਗੀਦਾਰ ਭਾਗ ਲੈ ਸਕਦੇ ਹਨ।ਕਹਾਣੀ,ਕਵਿਤਾ ਅਤੇ ਲੇਖ ਦਾ ਵਿਸ਼ਾ ਮੌਕੇ ਤੇ ਦੱਸਿਆ ਜਾਵੇਗਾ।ਹਰ ਭਾਗੀਦਾਰ ਨੂੰ ਪੁਸਤਕਾਂ ਦੇ ਸੈੱਟ ਤੋਹਫੇ ਵਜੋਂ ਦਿੱਤੇ ਜਾਣਗੇ।ਚੁਣੀਆਂ ਗਈਆਂ ਰਚਨਾਵਾਂ ਨੂੰ ਨਗਦ ਇਨਾਮਾਂ ਤੋਂ ਇਲਾਵਾ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਵਿਚ ਵੀ ਥਾਂ ਮਿ-ਲੇਗੀ।ਚਾਹਵਾਨ ਸਕੂਲ ਮੁਖੀ ਮੁਕਾਬਲੇ ਲਈ ਬੱਚਿਆਂ ਦੇ ਵੇਰਵੇ 11 ਨਵੰਬਰ, 2020 ਤਕ ਸੰਪਾਦਕ ਨੂੰ ਭੇਜ ਸਕਦੇ ਹਨ।ਟਰੱਸਟ ਦਾ ਫੈਸਲਾ ਆਖਰੀ ਹੋਵੇਗਾ।

ਇਸ ਮੌਕੇ ਨਿੱਕੀਆਂ ਕਰੂੰਬਲਾਂ ਪੁਰਸਕਾਰਾਂ ਵਾਸਤੇ ਬਾਲ ਸਾਹਿਤਕਾਰਾਂ ਦੀ ਚੋਣ ਲਈ ਵੀ ਵਿਚਾਰ ਵਿਟਾਂਦਰਾ ਕੀਤਾ ਗਿਆ।ਪੁਰਸਕਾਰ ਜੇਤੂਆਂ ਦਾ ਐਲਾਨ ਚੋਣ ਕਮੇਟੀ ਵਲੋਂ ਜੱਲਦੀ ਕੀਤਾ ਜਾਵੇਗਾ।ਬੱਗਾ ਸਿੰਘ ਆਰਟਿਸਟ,ਰਘੁਵੀਰ ਸਿੰਘ ਕਲੋਆ, ਪੰਮੀ ਖੁਸ਼ਹਾਲਪੁਰੀ, ਸੁਖਮਨ ਸਿੰਘ ਖੜੌਦੀ, ਕੁਲਵਿੰਦਰ ਕੌਰ ਰੂਹਾਨੀ, ਹਰਮਨਪ੍ਰੀਤ ਕੌਰ,ਰਵਨੀਤ ਕੌਰ, ਹਰਵੀਰ ਮਾਨ, ਅਮਨ ਨਿਧੀ ਸਹੋਤਾ ਸਮੇਤ ਕਾਜਕਰਨੀ ਦੇ ਮੈਂਬਰ ਸ਼ਾਮਲ ਹੋਏ। ਅੰਤ ਵਿਚ ਕੁਲਦੀਪ ਕੌਰ ਬੈਂਸ ਨੇ ਸੱਭ ਦਾ ਧੰਨਵਾਦ ਕਰਦਿਆਂ ਆਖਿਆ ਕਿ ਟਰੱਸਟ ਵਲੋਂ ਹਰ ਸਾਲ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਨਾਲ ਜੋੜਨ ਲਈ ਰਸਾਲੇ ਦੀਆਂ ਸੱਤ ਹਜ਼ਾਰ ਕਾਪੀਆਂ ਤੋਹਫੇ ਵਜੋਂ ਦਿੱਤੀਆਂ ਜਾਂਦੀਆਂ ਹਨ।ਇਸ ਵਾਰ ਨਿੱਕੀਆਂ ਕਰੂੰਬਲਾਂ ਦਾ ਨੈਤਿਕ ਕਦਰਾਂ ਕੀਮਤਾਂ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

# ਪ੍ਰਸਿੱਧ ਸਮਾਜ ਸੇਵਕ ਬੀ.ਐਸ. ਪਰਮਾਰ ਦੇ ਵਿਛੋੜੇ 'ਤੇ ਸ਼ਹਿਰ ਦੀਆਂ ਵੱਖੋ-ਵੱਖਰੀਆਂ ਸੰਸਥਾਵਾਂ ਨੇ ਕੀਤਾ ਦੁੱਖ ਪ੍ਰਗਟ



**ਫਗਵਾੜਾ (ਬੀ.ਕੇ.ਰੱਤੂ)–** ਫਗਵਾੜਾ ਦੇ ਉਘੇ ਸਮਾਜ ਸੇਵਕ ਅਤੇ ਐਫ.ਸੀ.ਆਈ. ਦੇ ਸਾਬਕਾ ਅਫ਼ਸਰ ਬੀ.ਐਸ.ਪਰਮਾਰ ਦੀ ਅਚਾਨਕ ਐਡਮਿੰਟਨ, ਕੈਨੇਡਾ ਵਿੱਚ ਹੋਈ ਮੌਤ ਉਤੇ ਸ਼ਹਿਰ ਦੀਆਂ ਵੱਖੋ-ਵੱਖਰੀਆਂ ਸੰਸਥਾਵਾਂ, ਜਿਹਨਾ ਵਿੱਚ ਬਲੱਡ ਡੋਨਰਜ਼ ਕੌਂਸਲ ਫਗਵਾੜਾ, ਏਕ ਕੋਸ਼ਿਸ਼ ਫਗਵਾੜਾ, ਰੋਟਰੀ ਕਲੱਬ ਫਗਵਾੜਾ ਸ਼ਾਮਲ ਹਨ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਬਲੱਡ ਬੈਂਕ ਫਗਵਾੜਾ ਦੇ ਪ੍ਰਧਾਨ ਮਲਕੀਅਤ ਸਿੰਘ ਰਗਬੋਤਰਾ ਦੀ ਪ੍ਰਧਾਨਗੀ 'ਚ ਬਲੱਡ ਬੈਂਕ ਫਗਵਾੜਾ ਵਿਖੇ ਇੱਕ ਮੀਟਿੰਗ ਕਰਕੇ ਸ਼ਰਧਾਂਜਲੀ ਭੇਟ ਕੀਤੀ। ਮੀਟਿੰਗ ਵਿੱਚ ਸ਼ਾਮਲ ਮਲਕੀਅਤ ਸਿੰਘ ਰਗਬੋਤਰਾ, ਗੁਰਮੀਤ ਸਿੰਘ ਪਲਾਹੀ, ਸਾਊਦੀ ਸਿੰਘ ਪ੍ਰਧਾਨ ਏਕ ਕੋਸ਼ਿਸ਼, ਮਨੋਜ ਮਿੱਢਾ, ਕ੍ਰਿਸ਼ਨ ਕੁਮਾਰ ਜਨਰਲ ਸਕੱਤਰ ਏਕ ਕੋਸ਼ਿਸ਼, ਰਾਜਪਾਲ ਨਹਿਰਾ, ਗੁਲਾਬ ਸਿੰਘ, ਹਕੂਮਤ ਰਾਏ, ਰੋਟੇਰੀਅਨ ਸੰਜੀਵ ਕੁਮਾਰ, ਕੇ.ਕੇ. ਦੁਗਲ, ਰੂਪ ਲਾਲ, ਰੋਟੇਰੀਅਨ ਸੁਧਾ ਬੇਦੀ, ਹਰਜੀਤ ਕੌਰ ਨੇ ਵਿਛੜੀ ਰੂਹ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਪ੍ਰਧਾਨ ਮਲਕੀਅਤ ਸਿੰਘ ਰਗਬੋਤਰਾ ਨੇ ਕਿਹਾ ਕਿ ਉਹ ਬਹੁਤ ਅੱਛੇ ਇਨਸਾਨ ਅਤੇ ਨਿਸ਼ਕਾਮ ਸਮਾਜ ਸੇਵਕ ਸਨ। ਸਾਊਦੀ ਸਿੰਘ ਪ੍ਰਧਾਨ ਏਕ ਕੋਸ਼ਿਸ਼ ਨੇ ਉਹਨਾ ਦੇ ਮਿੱਠ-ਬੋਲੜੇ ਸੁਭਾਅ ਦੀ ਪ੍ਰਸੰਸਾ ਕੀਤੀ ਅਤੇ ਸੰਸਥਾ ਦੇ ਕੈਸ਼ੀਅਰ ਵਜੋਂ ਨਿਭਾਈਆਂ ਸੇਵਾਵਾਂ ਨੂੰ ਯਾਦ ਕੀਤਾ। ਕ੍ਰਿਸ਼ਨ ਕੁਮਾਰ ਜਨਰਲ ਸਕੱਤਰ ਨੇ ਕਿਹਾ ਕਿ ਬੀ.ਐਸ.ਪਰਮਾਰ ਮਿੱਤਰਾਂ ਦੇ ਮਿੱਤਰ ਸਨ ਅਤੇ ਮਹਿਕਮੇ 'ਚ ਇੱਕ ਇਮਾਨਦਾਰ ਅਫ਼ਸਰ ਵਜੋਂ ਜਾਣੇ ਜਾਂਦੇ ਸਨ ਅਤੇ ਹਰ ਕਿਸੇ ਦੇ ਕੰਮ ਆਉਣ ਵਾਲੇ ਇਨਸਾਨ ਸਨ। ਰੋਟੇਰੀਅਨ ਮਨੋਜ ਮਿੱਢਾ ਨੇ ਬੀ.ਐਸ. ਪਰਮਾਰ ਦੀਆਂ ਰੋਟਰੀ ਕਲੱਬ ਲਈ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਗੁਰਮੀਤ ਸਿੰਘ ਪਲਾਹੀ ਨੇ ਮੀਟਿੰਗ 'ਚ ਆਏ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੀ.ਐਸ.ਪਰਮਾਰ ਦੀਆਂ ਸਮਾਜ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਸੁਮਨਦੀਪ, ਨਰੇਸ਼ ਕੁਮਾਰ, ਬਬੀਤਾ, ਗੁਰਬਖਸ਼ ਕੌਰ, ਮਨੀਸ਼ ਕੁਮਾਰ, ਲਲੀਤਾ ਆਦਿ ਹਾਜ਼ਰ ਹਨ।

## ਸ਼ਾਦੀ ਮੁਬਾਰਕ



ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਅਤੇ ਮਨਜੀਤ ਕੌਰ ਨੂੰ ਵਿਆਹ ਦੀ 29 ਵੀਂ (11 ਨਵੰਬਰ) ਵਰ੍ਹੇਗੰਢ ਦੀਆਂ ਮੁਬਾਰਕਾਂ।

# ਸਰਬ ਨੌਜਵਾਨ ਸਭਾ ਦਾ ਇੱਕ ਵਫ਼ਦ ਵਿਆਹਾਂ ਸਬੰਧੀ ਮੈਡਮ ਸੁਸ਼ੀਲ ਲਤਾ ਭਾਟੀਆ ਨੂੰ ਮਿਲਿਆ



**ਫਗਵਾੜਾ (ਬੀ.ਕੇ.ਰੱਤੂ)** ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵਲੋਂ 22 ਨਵੰਬਰ ਦਿਨ ਐਤਵਾਰ ਨੂੰ ਕਰਵਾਏ ਜਾ ਰਹੇ ਜ਼ਰੂਰਤਮੰਦ ਲੜਕੀਆਂ ਦੇ ਸਮੂਹਿਕ ਵਿਆਹਾਂ ਅਤੇ 24 ਨਵੰਬਰ ਦਿਨ ਮੰਗਲਵਾਰ ਨੂੰ ਮਹਾਂਮਾਈ ਜੀ ਦੀ ਚੌਕੀ ਸਬੰਧੀ ਮੈਡਮ ਸੁਸ਼ੀਲ ਲਤਾ ਭਾਟੀਆ ਸੀ.ਡੀ.ਪੀ.ਓ. ਫਗਵਾੜਾ ਨੂੰ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ 'ਚ ਮਿਲਿਆ। ਇਸ ਮੌਕੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਮੈਡਮ ਸੁਸ਼ੀਲ ਲਤਾ ਭਾਟੀਆ ਨੂੰ ਵਿਆਹਾਂ ਅਤੇ ਮਾਤਾ ਜੀ ਦੀ ਚੌਕੀ ਸਬੰਧੀ ਜਾਣਕਾਰੀ ਦਿੱਤੀ ਅਤੇ ਪ੍ਰੋ-ਗਰਾਮ 'ਚ ਸ਼ਾਮਿਲ ਹੋਣ ਦੀ ਬੇਨਤੀ ਵੀ ਕੀਤੀ। ਇਸ ਮੌਕੇ ਉਂਕਾਰ ਜਗਦੇਵ, ਕੁਲਵੀਰ ਬਾਵਾ, ਪੰਜਾਬੀ ਗਾਇਕ ਮਨਮੀਤ ਮੇਵੀ, ਹਰਵਿੰਦਰ ਸਿੰਘ ਆਦਿ ਹਾਜ਼ਰ ਸਨ।

# ਅਲੀਗੜ੍ਹ ਵਿਚ ਤਿੰਨ ਸਾਲ ਦੀ ਬੱਚੀ ਨਾਲ ਬਲਾਤਕਾਰ



**ਅਲੀਗੜ੍ਹ–** ਉਤਰ ਪ੍ਰਦੇਸ਼ ਦੇ ਅਲੀਗੜ੍ਹ ਵਿਚ ਇਕ 3 ਸਾਲ ਦੀ ਮਾਸੂਮ ਬੱਚੀ ਨਾਲ ਬਲਾਤਕਾਰ ਦੀ ਘਟਨਾ ਵਾਪਰੀ ਹੈ। ਪ੍ਰਜਾਪਤੀ ਸਮਾਜ ਨਾਲ ਸਬੰਧਤ ਇਸ ਬੱਚੀ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਸਥਾਨਕ ਲੋਕਾਂ ਵਿਚ ਭਾਰੀ ਰੋਸ ਹੈ। ਲੋਕਾਂ ਨੇ ਇਸ ਘਟਨਾ ਦੇ ਵਿਰੁੱਧ ਰੋਸ ਵਿਖਾਵੇ ਵੀ ਕੀਤੇ ਹਨ। ਵਰਣਨਯੋਗ ਹੈ ਕਿ ਯੂ. ਪੀ. ਵਿਚ ਅਜਿਹੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ।

# ਮਜ਼ਲੂਮਾਂ ਕਿਰਤੀਆਂ ਦੇ ਦਰਦੀ ਅਵਾਮੀ ਸ਼ਾਇਰ ਨਿਰਧਨ ਕਰਤਾਰਪੁਰੀ ਜੀ



ਕੁਸ਼ਲ ਕੁਮਾਰ
91-97807-78062

ਅਵਾਮੀ ਸ਼ਾਇਰ ਨਿਰਧਨ ਕਰਤਾਰਪੁਰੀ ਜੀ ਜਿਨ੍ਹਾਂ ਦਾ ਪੂਰਾ ਨਾਂ ਓਮ ਪ੍ਰਕਾਸ਼ ਥਾਪਰ ਹੈ, ਬਾਰੇ ਲਿਖਣ ਵੇਲੇ ਮੈਂ ਇਕੱਲਿਆਂ ਬੈਠ ਕੇ ਉਨ੍ਹਾਂ ਨਾਲ ਗੁਜ਼ਾਰੇ ਉਹ ਸਾਰੇ ਪਲ ਚੇਤੇ ਕੀਤੇ, ਕਿ ਕਦੋਂ ਮੈਂ ਉਨ੍ਹਾਂ ਨੂੰ ਪਹਿਲੀ ਵਾਰ ਨੇੜਤਾ ਨਾਲ ਮਿਲਿਆ। ਉਸ ਤੋਂ ਪਹਿਲਾਂ ਵੀ ਸੰਗੀਤ ਸਮਾਗਮਾਂ ਜਾਂ ਹੋਰ ਪ੍ਰੋਗਰਾਮਾਂ ਤੇ ਉਹਨਾਂ ਨੂੰ ਸਿਰਫ਼ ਸਟੇਜ ਤੋਂ ਹੀ ਸੁਣਿਆ ਸੀ।

ਮੈਨੂੰ ਯਾਦ ਹੈ ਜਦ ਮੇਰੀ ਪਹਿਲੀ ਮੁਲਾਕਾਤ ਉਨ੍ਹਾਂ ਨਾਲ 2012 ਵਿਚ ਹੋਈ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਮੁੰਡਾ ਅਧਿਆਪਕ ਹੈ ਤਾਂ ਉਹਨਾਂ ਨੇ ਮੈਨੂੰ ਕੁਝ ਸਵਾਲ ਪੁੱਛੇ ਤਾਂ ਮੈਂ ਕੁਝ ਦਾ ਹੀ ਜਵਾਬ ਦੇ ਸਕਿਆ। ਮੈਂ ਸੋਚਿਆ ਕਿ ਨਿਰਧਨ ਸਾਹਿਬ ਬਹੁਤ ਹੀ ਸੁਲਝੇ ਅਤੇ ਅਨੁਭਵੀ ਸ਼ਖਸੀਅਤ ਦੇ ਮਾਲਕ ਹਨ। ਇਹਨਾਂ ਨਾਲ ਸੰਗਤ ਕਰਨ ਨਾਲ ਮੈਂ ਉਮਰ ਦੇ ਤਜਰਬੇ ਤੋਂ ਪਹਿਲਾਂ ਬਹੁਤ ਕੁਝ ਸਿੱਖ ਲਵਾਂਗਾ। ਜਿਸ ਕਰਕੇ ਅੱਜ ਤੱਕ ਮੈਂ ਉਹਨਾਂ ਨਾਲ ਆਪਣੀ ਨੇੜਤਾ ਕਾਇਮ ਰੱਖੀ। ਨਿਰਧਨ ਸਾਹਿਬ ਨੇ ਸਮਾਜ ਦੀਆਂ ਸਮੱਸਿਆਵਾਂ ਨੂੰ ਆਪਣੀ ਲਿਖਤ ਦਾ ਮਜ਼ਮੂਨ ਬਣਾਇਆ। ਕਿਉਂਕਿ ਨਿਰਧਨ ਸਾਹਿਬ ਗੁਰਦਾਸ ਰਾਮ ਆਲਮ ਜੀ ਨਾਲ ਵੀ ਨੇੜਤਾ ਰੱਖਦੇ ਸਨ। ਗੁਰਦਾਸ ਰਾਮ ਆਲਮ ਨੇ ਵੀ ਆਪਣੀ ਕਵਿਤਾ ਦਾ ਵਿਸ਼ਾ, ਉਸ ਸਮਾਜ ਦੀ ਸਮੱਸਿਆ ਨੂੰ ਰੱਖਿਆ, ਜਿਨ੍ਹਾਂ ਨੂੰ ਸਦੀਆਂ ਤੋਂ ਹਾਸ਼ੀਏ ਤੇ ਧੱਕਿਆ ਗਿਆ ਸੀ।





ਨਿਰਧਨ ਸਾਹਿਬ ਨੇ ਭਾਗ ਮਲ ਪਾਗਲ ਜੀ ਤੋਂ ਕਵਿਤਾ ਦੀ ਸਿੱਖਿਆ ਹਾਸਲ ਕੀਤੀ। ਭਾਗ ਮੱਲ ਪਾਗਲ ਡਾ. ਬਾਬਾ ਸਾਹਿਬ ਅੰਬੇਡਕਰ ਦੇ ਸਮਕਾਲੀ ਸਨ ਅਤੇ ਉਹਨਾਂ ਦੀ ਪੰਜਾਬ ਫੇਰੀ ਵੇਲੇ ਉਹਨਾਂ ਨਾਲ ਹੀ ਰਹਿੰਦੇ ਸਨ ਅਤੇ ਭਾਗ ਮੱਲ ਪਾਗਲ ਜੀ ਕਰਕੇ ਹੀ ਨਿਰਧਨ ਸਾਹਿਬ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਮਿਲ ਸਕੇ। ਨਿਰਧਨ ਸਾਹਿਬ ਨੇ ਡਾ. ਅੰਬੇਡਕਰ ਦੀ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਆਪਣੇ ਕਬਿੱਤ ਰਾਹੀਂ ਕੀਤਾ। ਜਿਵੇਂ-

ਤੇਰਾ ਭਾਸ਼ਣ ਗਰੀਬ ਨਵਾਜ਼ ਸੁਣਕੇ,
ਜਰਿਆ ਗਿਆ ਨਾ ਬ੍ਰਾਹਮਣਵਾਦ ਕੋਲੋਂ।
ਸਹਿਮੀ ਝਿਜਕੀ ਨਾ ਡਰੀ ਡੋਲੀ,
ਗੈਰਤ ਅਣਖ ਤੇਰੀ ਜਾਬਰ ਜਲਾਦ ਕੋਲੋਂ।
ਤੇਰੇ ਕਦਮ ਕਿਆਮਤ ਨਾ ਰੋਕ ਸਕੀ,
ਰੁੱਕੀ ਕਲਮ ਨਾ ਤੇਰੀ ਵਾਦ-ਵਿਵਾਦ ਕੋਲੋਂ।
ਜ਼ੁਲਮ ਸਹਿਣਾ ਵੀ ਹੈ ਇਕ ਅਪਰਾਧ ''ਨਿਰਧਨ''
ਸਾਵਧਾਨ ਰਹਿਣਾ ਇਸ ਅਪਰਾਧ ਕੋਲੋਂ।

ਨਿਰਧਨ ਸਾਹਿਬ ਆਪਣੇ ਸਮਕਾਲੀ ਅੰਬੇਡਕਰੀ ਵਿਚਾਰਧਾਰਕ ਆਰ. ਸੀ. ਸੰਗਰ ਅਤੇ ਲਾਹੌਰੀ ਰਾਮ ਬਾਲੀ ਜੀ ਦਾ ਬਹੁਤ ਸਤਿਕਾਰ ਕਰਦੇ, ਕਿਉਂਕਿ ਪੰਜਾਬ ਵਿਚ ਇਹਨਾਂ ਦੋਹਾਂ ਸ਼ਖਸੀਅਤਾਂ ਨੇ ਡਾ. ਅੰਬੇਡਕਰ ਦੀ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਨਿਰਧਨ ਸਾਹਿਬ ਦੇ ਗੀਤਾਂ ਨੂੰ ਪੰਜਾਬ ਦੇ ਉੱਘੇ ਫਨਕਾਰਾਂ ਵੱਲੋਂ ਗਾਇਆ ਗਿਆ। ਜਿਹਨਾਂ ਵਿਚ ਉਹਨਾਂ ਦਾ ਅਜ਼ੀਜ਼ ਸਾਬਰ ਕੋਟੀ ਹੈ। ਜਿਸ ਨੇ ਸਭ ਤੋਂ ਪਹਿਲਾਂ ਉਹਨਾਂ ਦਾ ਹੀ ਗੀਤ ਗਾਇਆ ਅਤੇ ਮਕਬੂਲ ਹੋਇਆ।

ਕਰ ਗਈਂ ਏ ਸੌਦਾ, ਸਾਡਾ ਮੁੱਲ ਵੀ ਨਾ ਤਾਰਿਆ,
ਤੇਰੇ ਇਤਬਾਰ ਤੇ, ਗਰੀਬ ਗਿਆ ਮਾਰਿਆ।

ਇਸ ਤੋਂ ਇਲਾਵਾ ਪਦਮ ਸ੍ਰੀ ਪੂਰਨ ਚੰਦ ਵਡਾਲੀ, ਨੇ ਵੀ ਉਹਨਾਂ ਦਾ ਗੀਤ ਗਾਇਆ। ਪਦਮ ਸ੍ਰੀ ਹੰਸ ਰਾਜ ਹੰਸ ਅਤੇ ਸਰਬਜੀਤ ਕੌਰ ਆਦਿ ਗਾਇਕਾਂ ਨੇ ਉਹਨਾਂ ਦੇ ਗੀਤਾਂ ਨੂੰ ਗਾਇਆ।

ਨਿਰਧਨ ਕਰਤਾਰਪੁਰੀ ਜੀ ਸੁਹਿਰਦ ਪਾਠਕਾਂ ਅਤੇ ਲੇਖਕਾਂ ਲਈ ਚਾਨਣ ਮੁਨਾਰੇ ਹਨ। ਉਹਨਾਂ ਨੇ ਗੀਤਕਾਰਾਂ ਨੂੰ ਚੰਗੀਆਂ ਲਿਖਤਾਂ ਦੇ ਕੇ ਵੰਗਾਰਿਆ।

ਸਮਝ ਲੈ, ਸੋਚ ਲੈ, ਤੂੰ ਅੱਜ ਦੇ ਗੀਤਕਾਰਾ,
ਭੱਲਕੇ ਸਿਰ ਨਾ ਤੇਰੇ ਕੋਈ ਇਲਜ਼ਾਮ ਆ ਜਾਏ।
ਮਾਰ ਕਲਮ ਦੀ ਐਸੀ ਚਪੇੜ ਖਿੱਚ ਕੇ,
ਮੂੰਹ ਪਾਟੇ ਮੂੰਹ ਨੂੰ ਲਗਾਮ ਆ ਜਾਏ।
ਜਿਹਦੇ ਨਾਲ ਸਮਾਜ ਦਾ ਭਲਾ ਹੋਵੇ,
ਕਰਨੀ ਲੋਕਾਂ ਦੀ ਸੇਵਾ ਨਿਸ਼ਕਾਮ ਆ ਜਾਏ।
ਛੰਦ ਰਚਨਾ ਦੇ ਨਿਯਮਾਂ ਅਨੁਸਾਰ 'ਨਿਰਧਨ'
ਮੈਨੂੰ ਵੀ ਲਿਖਣਾ ਕਲਾਮ ਆ ਜਾਏ।

ਨਿਰਧਨ ਕਰਤਾਰਪੁਰੀ ਜੀ ਇਕ ਨਿਧੜਕ ਅਤੇ ਯਥਾਰਥਵਾਦੀ ਕਵੀ ਹਨ। ਇਹ ਸਾਰਾ ਕੁਝ ਉਹਨਾਂ ਦੀਆਂ ਰਚਨਾਵਾਂ ਤੋਂ ਭਲੀ ਭਾਂਤ ਦੇਖਣ ਨੂੰ ਮਿਲਦਾ ਹੈ।

ਹਿੰਦੂ ਕੋ ਸਿੱਖ ਸੇ, ਸਿੱਖ ਕੋ ਮੁਸਲਮਾਨ ਸੇ ਖਤਰਾ ਹੈ,
ਧਰਮ ਕੇ ਪੰਥ ਸੇ, ਪੰਥ ਕੇ ਈਮਾਨ ਸੇ ਖਤਰਾ ਹੈ।
ਨਹੀਂ ਖਤਰਾ ਕਿਸੀ ਕੇ ਕਿਸੀ ਸੇ 'ਨਿਰਧਨ'
ਸੱਚ ਕਹਿਨੇ ਵਾਲੇ ਕੀ ਜਾਨ ਕੋ ਖਤਰਾ ਹੈ।

ਅਗਲੇ ਸ਼ੇਅਰ ਵਿਚ ਉਹ ਹੋਰ ਵੀ ਸਪਸ਼ਟ ਕਰਦੇ ਹਨ।

ਮੈਂ ਆਪਣੇ ਆਪ ਨੂੰ ਹਰ ਮਜ਼ੁਬ ਤੋਂ ਨਿਰਪੱਖ ਰੱਖਦਾ ਹਾਂ,
ਸ਼ੀਸ਼ਾ ਵੱਖ ਰੱਖਦਾ ਹਾਂ, ਪੱਥਰ ਵੱਖ ਰੱਖਦਾ ਹਾਂ।
ਮੈਂ ਸ਼ਾਇਰ ਹਾਂ, ਸਮਝਦਾ ਹਾਂ, ਜੋ ਮੇਰਾ ਫਰਜ਼ ਬਣਦਾ ਹੈ,
ਮੈਂ ਹਰ ਹਰਕਤ ਸਮੇਂ ਦੀ ਤੇ, ਉਚੇਚੀ ਅੱਖ ਰੱਖਦਾ ਹਾਂ।

ਨਿਰਧਨ ਸਾਹਿਬ ਨਾਲ ਕਈ ਵਾਰ ਗੁਫ਼ਤਗੂ ਕਰਦਿਆਂ ਉਹਨਾਂ ਦੱਸਿਆ ਕਿ ਸਰਕਾਰਾਂ ਸਾਨੂੰ ਸਨਮਾਨਿਤ ਕਿਉਂ ਕਰਨ, ਅਸੀਂ ਤਾਂ ਬਾਗੀ ਹੋ ਕੇ ਉਹਨਾਂ ਨੂੰ ਨੰਗਾ ਕਰਦੇ ਹਾਂ ਤੇ ਜਿਹੜਾ ਉਹਨਾਂ ਦੇ ਪੈਂਤੜੇ ਖੋਲੂਗਾ, ਉਹਨੂੰ ਉਹ ਕਿਉਂ ਸਨਮਾਨਿਤ ਕਰਨ। ਉਹ ਲਿਖਦੇ ਹਨ-

ਕੱਠ ਕਰਕੇ ਭਾਈਚਾਰੇ ਦਾ, ਰਿਬਨ ਕਟਵਾਵੇ ਚੋਰਾਂ ਤੋਂ।
ਕੀ ਹਾਸਲ ਕਰਨਾ ਚਾਹੁੰਦਾ ਹੈ ਚਿੱਟੇ ਕਾਂ ਤੇ ਨੀਲੇ ਮੋਰਾਂ ਤੋਂ।

ਹਿੰਦੋਸਤਾਨ ਟਾਈਮਜ਼ ਅਖ਼ਬਾਰ ਦੇ ਐਡੀਟਰ ਬਾਕਸ ਵਿਚ ਨਿਰਧਨ ਸਾਹਿਬ ਬਾਰੇ ਇਕ ਆਰਟੀਕਲ ਛਾਪਿਆ, ਜਿਸ ਦਾ ਵਿਸ਼ਾ ਸੀ 'ਵਰਲਡ ਸਮਿੱਥ ਨਿਰਧਨ ਕਰਤਾਰਪੁਰੀ' ਭਾਗ 'ਸ਼ਬਦ ਘਾੜਾ ਨਿਰਧਨ ਕਰਤਾਰਪੁਰੀ'।

ਸਵਾਮੀ ਕਿਸ਼ਨ ਦਾਸ ਗੰਧਰਵ ਸੰਗੀਤ ਵਿਦਿਆਲਾ ਕਪੂਰਥਲਾ ਵੱਲੋਂ ਨਿਰਧਨ ਕਰਤਾਰਪੁਰੀ ਜੀ ਨੂੰ 'ਲਾਈਫ਼ ਟਾਈਮਜ਼ ਅਚੀਵਮੈਂਟ ਐਵਾਰਡ' ਨਾਲ 2015 ਵਿਚ ਸਨਮਾਨਿਤ ਕੀਤਾ ਗਿਆ। ਨਿਰਧਨ ਕਰਤਾਰਪੁਰੀ ਰੇਡੀਓ ਦੇ (ਏ) ਫ਼ਨਕਾਰ ਹਨ।

ਮੇਰੇ ਬਹੁਤ ਹੀ ਅਜ਼ੀਜ਼ ਦੋਸਤ ਸੋਢੀ ਸੁਲਤਾਨ ਸਿੰਘ ਜੋ ਇਸ ਵੇਲੇ ਅਮਰੀਕਾ ਕੈਲੇਫੋਰਨੀਆ ਬੈਠੇ ਹਨ। ਜਿਹਨਾਂ ਨੇ 'ਮੁਲਕੋ ਮੁਲਕ ਸਾਈਕਲਨਾਮਾ', ਹਿੰਦੂ 'ਸਾਮਰਾਜਵਾਦ ਦਾ ਇਤਿਹਾਸ' ਅਤੇ ਅਫ਼ਗਾਨ ਖਾਨਾ ਜੰਗੀ ਤੇ ਅਹਿਮਦ ਮਸੂਦ ਖਾਂ ਨਾਮਕ ਕਿਤਾਬਾਂ ਲਿਖੀਆਂ। ਨਿਰਧਨ ਸਾਹਿਬ ਨੂੰ ਆਪਣਾ ਉਸਤਾਦ ਮੰਨਦਾ ਹੈ। ਉਸ ਮੁਤਾਬਕ ਨਿਰਧਨ ਸਾਹਿਬ ਦੀ ਪ੍ਰੇਰਨਾ ਅਤੇ ਸੰਗਤ ਕਰਕੇ ਹੀ ਮੈਂ ਲਿਖਣਾ ਸ਼ੁਰੂ ਕੀਤਾ।

ਕਈ ਵਾਰ ਜਦ ਨਿਰਧਨ ਸਾਹਿਬ ਮੇਰੇ ਕੋਲ ਕਪੂਰਥਲਾ ਆਉਣ ਤਾਂ ਮੈਂ ਵੀਡੀਓ ਕਾਲ ਰਾਹੀਂ ਸੋਢੀ ਸੁਲਤਾਨ ਸਿੰਘ ਨਾਲ ਉਹਨਾਂ ਦੀ ਗੱਲਬਾਤ ਕਰਵਾਉਂਦਾ, ਪਰ ਵਡੇਰੀ ਉਮਰ ਹੋਣ ਕਾਰਨ ਉਹਨਾਂ ਨੂੰ ਉੱਚੀ ਸੁਣਦਾ ਹੈ। ਜਿਸ ਕਾਰਨ ਗੱਲਬਾਤ ਵਿਚ ਵਿਘਨ ਪੈਂਦਾ ਸੀ।

ਨਿਰਧਨ ਕਰਤਾਰਪੁਰੀ ਨੇ ਆਪਣੇ ਤਖਲੁੱਸ ਵਾਂਗ ਸਾਰੀ ਜ਼ਿੰਦਗੀ ਹੀ ਮੁਫਲਿਸੀ ਦੀ ਹਾਲਤ ਵਿਚ ਗੁਜ਼ਾਰੀ। ਆਪਣੀ ਪਰਿਵਾਰਕ ਜ਼ਿੰਦਗੀ, ਸਮਾਜ ਅਤੇ ਆਲੇ-ਦੁਆਲੇ ਦੀਆਂ ਸਮੱਸਿਆਵਾਂ ਚਾਹੇ ਉਹ ਰਿਸ਼ਵਤਖੋਰੀ, ਦਾਜ-ਦਹੇਜ, ਨਸ਼ਾ, ਏਡਜ਼, ਪਰਿਵਾਰ ਨਿਯੋਜਨ, ਪੰਜਾਬੀ ਵਿਰਸੇ ਵਿਚ ਆ ਰਹੀ ਗਿਰਾਵਟ ਹੋਵੇ, ਹਰ ਵਿਸ਼ੇ ਨੂੰ ਬਹੁਤ ਸੰਜੀਦਗੀ ਨਾਲ ਨੇੜਿਉਂ ਦੇਖ ਕੇ ਲਿਖਿਆ।

ਸਰਦਾ ਬਣਦਾ ਦਾਸ ਦੇਵੇ, ਨਾਂ ਸਮਝੋ ਆਪਣੀ ਹਾਨੀ।
ਮੁੰਡਿਆਂ ਵਾਲੇ ਮੰਗੇ ਹੁੰਦੇ, ਧੀਆਂ ਵਾਲੇ ਦਾਨੀ।।

ਨਿਰਧਨ ਕਰਤਾਰਪੁਰੀ ਜੀ ਨੇ ਆਪਣੇ ਜੀਵਨ ਵਿਚ ਬਹੁਤ ਰਚਨਾਵਾਂ, ਕਵਿਤਾ, ਰੁਬਾਈ, ਗੀਤ, ਗਜ਼ਲ, ਸ਼ੇਅਰ ਲਿਖੇ। ਜਿਹਨਾਂ ਨੂੰ ਲਿਖਣ ਤੇ ਆਈਏ ਤਾਂ ਪੂਰਾ ਇਕ ਗ੍ਰੰਥ ਤਿਆਰ ਕੀਤਾ ਜਾ ਸਕਦਾ ਹੈ। ਜਿਹਨਾਂ ਵਿਚੋਂ ਮੋਤੀਆਂ ਵਾਂਗ ਕੁਝ ਖਾਸ ਰਚਨਾਵਾਂ ਚੁਣ ਕੇ ਜਿਹਨਾਂ ਦਾ ਮਜ਼ਮੂਨ ਸਮਾਜਿਕ, ਰਾਜਨੀਤਿਕ, ਧਾਰਮਿਕ, ਆਰਥਿਕ ਅਤੇ ਸਭਿਆਚਾਰਕ ਪਹਿਲੂਆਂ ਲਈ ਮੀਲ ਦਾ ਪੱਥਰ ਹੈ।

ਉਹਨਾਂ ਦੀਆਂ ਰਚਨਾਵਾਂ ਵਿਚੋਂ ਮੈਨੂੰ ਭਵਿੱਖ ਦੀ ਪੇਸ਼ੀਨਗੋਈ ਨਜ਼ਰ ਆਉਂਦੀ ਹੈ। ਇਵੇਂ ਲੱਗਦਾ ਹੈ ਕਿ ਜਿਵੇਂ ਜੋ ਨਿਰਧਨ ਸਾਹਿਬ ਨੇ ਲਿਖ ਦਿੱਤਾ ਕਿਤੇ ਸੱਚ ਨਾ ਹੋ ਜਾਵੇ। ਦੋਸਤੋ ਸੁਹਿਰਦ ਪਾਠਕਾਂ ਨੂੰ ਮੇਰੀ ਤਾਕੀਦ ਹੈ ਕਿ ਇਸ ਪੁਸਤਕ ਵਿਚਲੀ ਹਰ ਰਚਨਾ ਨੂੰ ਬਹੁਤ ਹੀ ਸੰਜੀਦਗੀ ਅਤੇ ਅੰਤਰ ਮੁਖੀ ਹੋ ਕੇ ਪੜਿਓ ਤਾਂ ਜੋ, ਜਿਸ ਰਮਜ਼ ਨਾਲ ਲਿਖਿਆ ਗਿਆ ਹੈ, ਉਸ ਨੂੰ ਤੁਸੀਂ ਸਮਝ ਸਕੋ।

-----

# ਅਵਾਮੀ ਸ਼ਾਇਰ ਨਿਰਧਨ ਕਰਤਾਰਪੁਰੀ ਜੀ ਦੀਆਂ ਕੁਝ ਰਚਨਾਵਾਂ

ਪੰਜਾਬ ਦੇ ਨੋਜਵਾਨੋਂ ਤੁਸੀਂ ਹੀਰ ਰਾਂਝੇ ਅਤੇ ਆਸ਼ਕ ਮਸ਼ੂਕਾਂ ਦੇ ਕਿੱਸੇ ਕਵਤਾਵਾਂ ਜਰੂਰ ਸੁਣਿਆ ਹੋਣਗੀਆਂ ਲੇਕਿਨ ਇੱਕ ਨਿ-ਧੜਕ ਸਮਾਜ ਦੇ ਮਜਲੂਮਾਂ ਕਿਰਤੀਆਂ ਦੇ ਦਰਦੀ ਅਵਾਮੀ ਸ਼ਾਇਰ ਨਿਰਧਨ ਕਰਤਾਰਪੁਰੀ ਜੀ ਨੂੰ ਨਹੀਂ ਸੁਣਿਆ ਹੋਣਾ। ਇਨ੍ਹਾਂ ਦੀ ਕਲਮ ਇਨਕਲਾਬੀ ਹੈ ਦੇਸ਼ ਦੇ ਲੋਟੂ ਹੁਕਮਰਾਨਾਂ ਖਿਲਾਫ ਬਗਾਵਤ ਲਿਖਦੀ ਹੈ।

ਅੱਜ ਬਹੁਤ ਖੁਸ਼ੀ ਹੋਈ ਮਾਸਟਰ ਕੁਸ਼ਲ ਕੁਮਾਰ ਜੀ ਬਾਮਸੇਫ ਦੇ ਸੀਨਿਯਰ ਆਗੂ ਦੇ ਉਪਰਾਲੇ ਸਦਕਾ ਪੰਜਾਬ ਦੇ ਅਣਮੁੱਲੇ ਅਵਾਮੀ ਸ਼ਾਇਰ ਨਿਰਧਨ ਕਰਤਾਰਪੁਰੀ ਜੀ ਜਿਨ੍ਹਾਂ ਨੂੰ ਅਸੀਂ ਸਟੇਜਾਂ ਤੇ ਆਪਣੀਆਂ ਕਵਿਤਾਵਾਂ ਬੋਲਿਆ ਸੁਣਦੇ ਸੀ ਅੱਜ ਉਨ੍ਹਾਂ ਦੀ ਪਹਿਲੀ ਕਿਤਾਬ ਪੁਰਤਖ਼ਇਉਲ ਕਲਾਮ ਦਾ ਉਦਘਾਟਨ ਇਸਲਾਮੀਆਂ ਸਕੂਲ ਕਪੂਰਥਲਾ ਵਿਖੇ ਕੀਤਾ ਗਿਆ।

ਬਾਮਸੇਫ ਪੰਜਾਬ ਦੀ ਟੀਮ ਵਲੋਂ ਅਵਾਮੀ ਸ਼ਾਇਰ ਨਿਰਧਨ ਕਰਤਾਰਪੁਰੀ ਜੀ ਦਾ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨਾਂ ਦੀ ਪਤਨੀ ਅਤੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ।

ਸ਼ਾਇਰ ਨਿਰਧਨ ਕਰਤਾਰਪੁਰੀ ਜੀ ਦੀ ਕਿਤਾਬ ਵਿੱਚੋਂ ਕੁਝ ਸ਼ਾਇਰੀ ਪੇਸ਼ ਕਰ ਰਿਹਾ ਹਾਂ।

1. ਹਿੰਦੂ ਕੋ ਸਿੱਖ ਸੇ, ਸਿੱਖ ਕੋ ਹਿੰਦੂ ਸੇ ਖ਼ਤਰਾ ਹੈ,
ਧਰਮ ਕੋ ਪੰਥ ਸੇ, ਪੰਥ ਕੋ ਈਮਾਨ ਸੇ ਖ਼ਤਰਾ ਹੈ।
ਨਹੀਂ ਖ਼ਤਰਾ ਕਿਸੀ ਕੋ ਕਿਸੀ ਸੇ "ਨਿਰਧਨ"
ਸੱਚ ਕਹਨੇ ਵਾਲੇ ਕਿ ਜਾਨ ਕੋ ਖ਼ਤਰਾ ਹੈ।

2. ਮੈਂ ਆਪਣੇ ਆਪ ਨੂੰ ਹਰ ਮਜ਼ੁਬ ਤੋਂ ਨਿਰਪੱਖ ਰੱਖਦਾ ਹਾਂ,
ਸ਼ੀਸ਼ਾ ਵੱਖ ਰੱਖਦਾ ਹਾਂ, ਪੱਥਰ ਵੱਖ ਰੱਖਦਾ ਹਾਂ।
ਮੈਂ ਸ਼ਾਇਰ ਹਾਂ, ਸਮਝਦਾ ਹਾਂ , ਜੋ ਮੇਰਾ ਫ਼ਰਜ਼ ਬਣਦਾ ਹੈ,
ਮੈਂ ਹਰ ਹਰਕਤ ਹਰ ਸਮੇਂ ਦੀ ਤੇ, ਉਚੇਚੀ ਅੱਖ ਰੱਖਦਾ ਹਾਂ।

3. ਕੱਠ ਕਰਕੇ ਭਾਈਚਾਰੇ ਦਾ, ਰਿਬਨ ਕਟਵਾਵੇ ਚੋਰਾਂ ਤੋਂ।
ਕੀ ਹਾਸਿਲ ਕਰਨਾ ਚਾਹੁੰਦਾ ਹੈ ਚਿੱਟੇ ਕਾਂ ਤੇ ਨੀਲੇ ਮੋਰਾਂ ਤੋਂ।।

4. ਸਰਦਾ ਬਣਦਾ ਦਾਜ ਦੇਵੋ, ਨਾ ਸਮਝੋ ਆਪਣੀ ਹਾਨੀ।
ਮੁੰਡਿਆਂ ਵਾਲੇ ਮੰਗਤੇ ਹੁੰਦੇ , ਧੀਆਂ ਵਾਲੇ ਦਾਨੀ।।
ਆਦਮਖੋਰ ਸਰਕਾਰ ਦੀ ਫ਼ਿਤਰਤ

5. ਮੌਸਮ ਇੱਕ ਜਿਹਾ ਇਕਸਾਰ ਹੋਵੇ,
ਇਹ ਕੋਈ ਜਰੂਰੀ ਨਹੀਂ
ਹਰ ਬੰਦਾ ਦੁਨੀਆ ਦਾ, ਰੋਸ਼ਨ ਮੁਨਾਰ ਹੋਵੇ,
ਇਹ ਕੋਈ ਜਰੂਰੀ ਨਹੀਂ।
ਧਰਮ ਨਿਰਪੱਖ, ਲੋਕਤੰਤਰ ਹੈ ਦੇਸ਼ ਮੇਰਾ,
ਸਰਮਾਏਦਾਰਾਂ ਦੀ ਸਰਕਾਰ ਹੋਵੇ,
ਇਹ ਕੋਈ ਜ਼ਰੂਰੀ ਨਹੀਂ।
ਦੇਸ਼ ਕੌਮ ਤੇ ਸਮਾਜ ਦੀ ਬਿਹਤਰੀ ਲਈ
ਗਰੀਬ ਤਬਕੇ ਦਾ ਸ਼ਿਕਾਰ ਹੋਵੇ,
ਇਹ ਕੋਈ ਜ਼ਰੂਰੀ ਨਹੀਂ।
ਜ਼ਾਲਮ ਨੇ ਜ਼ੁਲਮ ਕਰਨ ਦਾ ਤਰੀਕਾ ਹੀ ਬਦਲ ਦਿੱਤਾ
ਕਾਤਲ ਦੇ ਹੱਥ ਤੇਜ ਤਲਵਾਰ ਹੋਵੇ,
ਇਹ ਕੋਈ ਜ਼ਰੂਰੀ ਨਹੀਂ।
ਆਫ਼ਤ ਤੇ ਕੋਈ ਵੀ ਗੱਲ ਵਿੱਚ ਪੈ ਸਕਦੀ ਹੈ
ਨੰਬਰਦਾਰ ਦਾ ਹੀ ਮੁੰਡਾ ਨੰਬਰਦਾਰ ਹੋਵੇ,
ਇਹ ਕੋਈ ਜ਼ਰੂਰੀ ਨਹੀਂ।
ਵਾਅਦਾ ਕਰਕੇ ਉਹ ਹਰ ਵਾਰ ਮੁਕਰ ਜਾਂਦੇ ਨੇ
ਜ਼ਿੰਦਗੀ ਲਾਰਿਆ ਦੇ ਉੱਤੇ ਗੁਜਾਰ ਹੋਵੇ,
ਇਹ ਕੋਈ ਜਰੂਰੀ ਨਹੀਂ।
ਤੇਰੇ ਖੂਬਸੂਰਤ ਹਸੀਨ ਵਾਆਦੇ ਦਾ
ਹਸ਼ਰ ਤੱਕ ਇੰਤਜ਼ਾਰ ਹੋਵੇ,




ਇਹ ਕੋਈ ਜ਼ਰੂਰੀ ਨਹੀਂ।
ਬੰਨ੍ਹ ਟੁੱਟ ਚੁੱਕਾ ਹੈ ਸਬਰਾਂ ਦੇ ਬੰਨ੍ਹ ਦਾ "ਨਿਰਧਨ"
ਰੋਕਣ ਵਾਸਤੇ ਕੋਈ ਦੀਵਾਰ ਹੋਵੇ
ਇਹ ਕੋਈ ਜ਼ਰੂਰੀ ਨਹੀਂ।

~ ਨਿਰਧਨ ਕਰਤਾਰਪੁਰੀ

## ਅਵਾਮੀ ਸ਼ਾਇਰ ਨਿਰਧਨ ਕਰਤਾਰਪੁਰੀ ਜੀ ਦੀ ਪਲੇਠੀ ਕਿਤਾਬ ਦੀ ਘੁੰਡ ਚੁਕਾਈ



ਜ਼ਿਲ੍ਹਾ ਕਪੂਰਥਲਾ ਵਿੱਚ ਅਵਾਮੀ ਸ਼ਾਇਰ ਨਿਰਧਨ ਕਰਤਾਰਪੁਰੀ ਜੀ ਦੀ ਪਲੇਠੀ ਕਿਤਾਬ ਦੀ ਘੁੰਡ ਚੁਕਾਈ ਕੀਤੀ ਗਈ। ਕੁਸ਼ਲ ਕੁਮਾਰ ਵੱਲੋ ਪੂਰੇ ਪ੍ਰੋਗਰਾਮ ਨੂੰ ਰਗਅਨਡਿਇ ਕੀਤਾ ਗਿਆ। ਇਸ ਵਿੱਚ ਪਹਿਲਾਂ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿਚ ਪੂਰੇ ਪੰਜਾਬ ਤੋਂ ਉੱਘੇ ਫ਼ਨਕਾਰ ਸ਼ਾਇਰਾ ਕਵੀ ਗੀਤਕਾਰਾਂ ਅਤੇ ਗ਼ਜ਼ਲਗੋ ਵੱਲੋਂ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ ਗਿਆ।ਉਸ ਉਪਰੰਤ ਰਸਮੀ ਤੌਰ ਤੇ ਕਿਤਾਬ ਦਾ ਉਦਘਾਟਨ ਕੀਤਾ ਗਿਆ।ਉਦਘਾਟਨ ਉਸਤਾਦ ਗ਼ਜ਼ਲਗੋ ਸੁਰਜੀਤ ਸਾਜਨ ਅਤੇ ਡਾਕਟਰ ਰਾਮ ਮੂਰਤੀ ਵੱਲੋ ਕੀਤਾ ਗਿਆ।




ਮੁੱਖ ਮਹਿਮਾਨ ਵਜੋਂ ਨਾਇਬ ਤਹਿਸੀਲਦਾਰ ਕੁਲਵਰਨ ਸਿੰਘ ਅਤੇ ਐਸ.ਡੀ.ਓ ਜਤਿੰਦਰ ਕੁਮਾਰ ਜੀ ਸਨ। ਇਸ ਮੌਕੇ ਕੁਸ਼ਲ ਕੁਮਾਰ , ਬਲਦੇਵ ਸਿੰਘ ,ਦੀਸ਼ ਦਬੁਰਜੀ, ਮੰਨ ਸੈਣੀ, ਰੂਪ ਦਬੁਰਜੀ, ਸੋਹਣ ਸਹਿਜਲ, ਸਤੀਸ਼ ਕੁਮਾਰ, ਸੁਰਿੰਦਰਪਾਲ ਚੀਦਾ, ਹਰਨੇਕ ਸਿੰਘ, ਮੋਹਨ ਮੁਕਬਲ, ਹਰਜਿੰਦਰ ਹੈਰੀ, ਸੁਖਵਿੰਦਰ ਸਿੰਘ, ਗੁਰਮੁੱਖ ਸਿੰਘ ਢੋਡ, ਰੌਸ਼ਨ ਲਾਲ ਸੱਭਰਵਾਲ, ਹਰਿੰਦਰ ਸ਼ੀਤਲ, ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮੁਫਤ ਮੈਡੀਕਲ ਕੈਂਪ






ਤਸਵੀਰਾ ਅਤੇ ਰਿਪੋਰਟ- ਦੇਸ ਰਾਜ ਬੰਗੜ



**ਫਰਿਜ਼ਨੋ–** ਬੀਤੇ ਐਤਵਾਰ ਗੁਰੂ ਰਵਿਦਾਸ ਟੈਂਪਲ, ਫਰਿਜ਼ਨੋ ਵਿਖੇ ਡਾ. ਸਤਨਾਮ ਸਿੰਘ ਬੰਗੜ ਦੀ ਸਮੁੱਚੀ ਮੈਡੀਕਲ ਟੀਮ ਵੱਲੋਂ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿਚ ਕੋਵਿਡ ਟੈਸਟ ਮੁਫਤ ਕੀਤਾ ਗਿਆ। ਸਵੇਰੇ 10 ਵਜੇ ਕੈਂਪ ਸ਼ੁਰੂ ਕੀਤਾ ਗਿਆ। ਮੀਂਹ ਦੇ ਬਾਵਜੂਦ ਇਲਾਕਾ ਨਿਵਾਸੀਆਂ ਨੇ ਇਸ ਕੈਂਪ ਦਾ ਵੱਧ-ਚੜ੍ਹ ਕੇ ਲਾਹਾ ਲਿਆ।

ਉਮੀਦ ਤੋਂ ਵੱਧ ਇਕੱਠ ਕਾਰਨ ਇਹ ਕੈਂਪ 12 ਵਜੇ ਤੱਕ ਹੀ ਚੱਲ ਸਕਿਆ ਅਤੇ ਸਟਾਫ ਵੱਲੋਂ ਲਿਆਂਦੀਆਂ ਸਭ ਕੋਵਿਡ ਕਿੱਟਾਂ ਵਰਤ ਲਈਆਂ ਗਈਆਂ। ਇਲਾਕਾ ਨਿਵਾਸੀਆਂ ਨੇ ਇਸ ਕੈਂਪ ਦੀ ਬਹੁਤ ਸਰਾਹਨਾ ਕੀਤੀ। ਗੁਰੂ ਘਰ ਸਮਾਗਮ ਦੌਰਾਨ ਡਾ. ਸਤਨਾਮ ਬੰਗੜ ਨੇ ਸੰਗਤਾਂ ਨੂੰ ਕਰੋਨਾ ਵਾਇਰਸ ਬਾਰੇ ਭਰਪੂਰ ਜਾਣਕਾਰੀ ਦਿੱਤੀ ਕਿ ਕਿਵੇਂ ਇਸ ਤੋਂ ਬਚਿਆ ਜਾ ਸਕਦਾ ਹੈ। ਗੁਰੂ ਘਰ ਵੱਲੋਂ ਡਾ. ਸਤਨਾਮ ਬੰਗੜ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

# ਪੰਜਾਬ ਬੁੱਧਿਸਟ ਸੁਸਾਇਟੀ ਵੱਲੋਂ ਕਠਿਨਚੀਵਰਦਾਨ ਦਿਵਸ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ







**ਜਲੰਧਰ (ਬਿਊਰੋ)–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਅਤੇ ਸਹਿਯੋਗੀ ਸੰਸਥਾਵਾਂ ਦੇ ਸਹਿਯੋਗ ਨਾਲ 'ਕਠਿਟਚੀਵਰਦਾਨ' ਦਿਵਸ ਬਹੁਤ ਸ਼ਰਧਾ ਅਤੇ ਧੂੰਮ-ਧਾਮ ਨਾਲ ਤਕਸ਼ਿਲਾ ਮਹਾਂ ਬੁੱਧ ਕਾਦੀਆਂ ਲੁਧਿਆਣਾ ਵਿਖੇ ਮਨਾਇਆ ਗਿਆ। ਭਿਖਸ਼ੂ ਪ੍ਰਗਿਆ ਬੋਧੀ ਦੀ ਅਗਵਾਈ ਵਿਚ 13 ਭਿਖਸ਼ੂ ਹਾਜਰ ਸਨ, ਜਿਹਨਾਂ ਵਿਚ ਭੰਤੇ ਸ਼ੁਗਤਾਨੰਦ ਥੇਰੋ ਮਹਾਂਰਾਸ਼ਟਰ, ਦਰਸ਼ਨਦੀਪ ਬਰੇਲੀ, ਸੰਘਪਰੀਅਸ ਸੀਤਾਪੁਰ, ਸੁਗਤਾਨੰਦ ਥੇਰੋ ਬਨਾਰਸ, ਬੁੱਧ ਰਤਨ ਚੰ-ਦਰਾਨੰਦ, ਮੁੱਦਤਾ ਬੋਧੀ, ਇੰਦਾਬਲ (ਦਿੱਲੀ), ਸੰਘਪਾਲ ਨੋਇਡਾ, ਉਪੇਖਾ ਬੋਧੀ ਹੁਸ਼ਿਆਰਪੁਰ, ਬੋਧੀ ਰਤਨ ਨਕੋਦਰ ਅਤੇ ਭਿਖਸ਼ੂ ਦੀਪੰਕਰ ਜੀ ਸ਼ਾਮਲ ਸਨ।

ਭੰਤੇ ਸ਼ੁਗਤਾਨੰਦ ਥੇਰੋ ਮਹਾਂਰਾਸ਼ਟਰ ਨੇ ਪ੍ਰਵਚਨ ਕਰਦਿਆਂ ਕਿਹਾ ਕਿ 3 ਮਹੀਨੇ ਦੇ 'ਵਰਸ਼ਾਵਾਸ' ਦੀ ਸਮਾਪਤੀ ਉਪਰੰਤ ਬਹੁਤ ਕਠਿਨ ਪ੍ਰੀਸ਼ਰਮ ਤੋਂ ਬਾਅਦ ਜੋ ਦਾਨ ਭਿਖਸ਼ੂਆਂ ਨੂੰ ਦਿੱਤਾ ਜਾਂਦਾ ਹੈ, ਉਸ ਨੂੰ 'ਕਠਿਨਚੀਵਰਦਾਨ' ਕਿਹਾ ਜਾਂਦਾ ਹੈ। ਜੋ ਤਥਾਗਤ ਬੁੱਧ ਦੇ ਸਮੇਂ ਤੋਂ ਹੀ ਚਲਦਾ ਆ ਰਿਹਾ ਹੈ। ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਨੇ ਭਿਖਸ਼ੂ ਸੰਘ ਅਤੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ। ਇਸ ਸ਼ੁਭ ਦਿਹਾੜੇ ਤੇ ਸ੍ਰੀ ਦੇਸਰਾਜ ਚੌਹਾਨ, ਰਾਮਦਾਸ ਗੁਰੂ, ਦਲਬੀਰ ਸਰੋਆ, ਬੰਸੀ ਲਾਲ ਪ੍ਰੇਮੀ, ਗੁਰਮੀਤ ਸਿੰਘ, ਇਕਲਾਬ ਸਿੰਘ, ਸੁਰਿੰਦਰ ਕੁਮਾਰ ਬੋਧ, ਡਾ. ਤਰੀਭਵਨ ਆਰੀਆ, ਰਾਜ ਕੁਮਾਰ, ਕਾਂਨਤਾ ਕੁਮਾਰੀ, ਪ੍ਰਿਅੰਕਾ ਵਿਸ਼ੇਸ਼ ਕਰਕੇ ਹਾਜ਼ਰ ਸਨ। ਅੰਤ ਵਿਚ ਲੰਗਰ ਵਰਤਾਇਆ ਗਿਆ।

# ਪੰਜਾਬੀ ਯੂਨੀਵਰਸਿਟੀ ਵਿਖੇ ਮਨਾਇਆ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ

**ਪਟਿਆਲਾ–** ਡਾ. ਅੰਬੇਡਕਰ ਕਰਮਚਾਰੀ ਮਹਾਂਸੰਘ, ਪੰਜਾਬ (ਪੰਜਾਬ ਯੂਨੀਵਰਸਿਟੀ ਇਕਾਈ) ਅਤੇ ਸਫਾਈ ਕਰਮਚਾਰੀ ਯੂਨੀਅਨ ਸੈਨੀਟੇਸ਼ਨ ਵਿਭਾਗ ਪੰਜਾਬ ਯੂਨੀਵਰਸਿਟੀ ਵੱਲੋਂ ਸਾਂਝੇ ਤੌਰ ਤੇ ਭਗਵਾਨ ਵਾਲਮੀਕ ਦੇ ਪਾਵਨ ਪ੍ਰਗਟ ਦਿਵਸ ਨੂੰ ਮਨਾਉਂਦਿਆਂ ਸਮਾਗਮ ਕੈਂਪਸ ਵਿਖੇ ਕੀਤਾ ਗਿਆ। ਇਸ ਮੌਕੇ ਸਮਾਗਮ ਦਾ ਆਰੰਭ ਸਾਬਕਾ ਡੀਨ ਅਕਾਦਮਿਕ ਮਾਮਲੇ ਡਾ. ਗੁਰਨਾਮ ਸੰਘ ਵੱਲੋਂ ਕੀਤਾ ਗਿਆ। ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਡੀਨ ਰਿਸਰਚ ਡਾ. ਜੀ. ਐਸ. ਬੱਤਰਾ, ਡਾ. ਭੀਮਇੰਦਰ ਸਿੰਘ ਅਤੇ ਸਿੰਡੀਕੇਟ ਮੈਂਬਰ ਹੈਰੀ ਮਾਨ ਨੇ ਸ਼ਿਰਕਤ ਕੀਤੀ।



ਆਪਣੇ ਸੰਬੋਧਨ ਵਿਚ ਸਿੰਡੀਕੇਟ ਮੈਂਬਰ ਹੈਰੀ ਮਾਨ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨੂੰ ਵਿੱਤੀ ਬੋਝ ਤੋਂ ਲਾਹੁਣ ਲਈ ਪੰਜਾਬ ਸਰਕਾਰ ਯਤਨਸ਼ੀਲ ਹੈ। ਜਿਸ ਤਹਿਤ ਸਰਕਾਰ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਲਗਾਤਾਰ ਇਸ ਵਿਸ਼ੇ 'ਤੇ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੀ. ਐਸ. ਟ. ਦਾ ਹਜ਼ਾਰਾਂ ਕਰੋੜ ਪੰਜਾਬ ਨੂੰ ਨਾ ਦਿੱਤੇ ਜਾਣ ਕਾਰਨ ਇਸ ਤਰ੍ਹਾਂ ਦੇ ਹਾਲਾਤ ਪੈਦਾ ਹੋਏ ਹਨ। ਇਸ ਮੌਕੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਚੇਅਰ ਦੇ ਮੁਖੀ ਡਾ. ਭੀਮਇੰਦਰ ਸਿੰਘ ਨੇ ਯੂਨੀਵਰਸਿਟੀ ਦੇ ਸਮੂਹ ਕਰਮਚਾਰੀਆਂ ਨੂੰ ਭਗਵਾਨ ਵਾਲਮੀਕ ਦੇ ਪ੍ਰਗਟ ਉਤਸਵ ਦੀ ਵਧਾਈ ਦਿੱਤੀ।

# ਸਿੱਖ ਸੇਵਾ ਫਾਊਂਡੇਸ਼ਨ ਵੱਲੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਸੈਲਮਾ 'ਚ ਬੋਰਡ ਲਗਾਏ






**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪਹਿਲੀ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਗੁਰਪੁਰਬ ਮਨਾਉਣ ਲਈ ਸੈਲਮਾ ਸ਼ਹਿਰ ਵਿਚ ਸਿੱਖ ਸੇਵਾ ਫਾਊਂਡੇਸ਼ਨ ਦੇ ਚੇਅਰਮੈਨ ਬਹਾਦਰ ਸਿੰਘ ਦੀ ਅਗਵਾਈ ਹੇਠ ਸਮੂਹ ਸੰਗਤ ਦੇ ਸਹਿਯੋਗ ਨਾਲ ਵੱਖ-ਵੱਖ ਥਾਵਾਂ ਤੇ ਹਾਈਵੇ ਤੇ ਬੋਰਡ ਲਗਾਏ ਗਏ ਹਨ। ਬਹਾਦਰ ਸਿੰਘ ਨੇ ਦੱਸਿਆ ਕਿ ਅਮਰੀਕਾ ਦੇ ਦੂਸਰੇ ਸ਼ਹਿਰਾਂ ਤੇ ਹਾਈਵੇ ਉਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਗੁਰ-ਪੁਰਬ ਮਨਾਉਣ ਲਈ ਬੋਰਡ ਲਗਾਉਣੇ ਚਾਹੀਦੇ ਹਨ।

# ਸਿਆਟਲ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਮਨਾਇਆ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਿਖੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿ। ਬਾਬਾ ਅਮਲ ਸਿੰਘ ਨੇ ਕਥਾ ਰਾਹੀਂ ਤੇ ਬਾਬਾ ਦਲਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਗੁਰੂ ਦਾ ਜੱਸ ਗਾਇਨ ਕੀਤਾ। ਜਗਰੂਪ ਸਿੰਘ ਦੇ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਤੇ ਲੰਗਰਾਂ ਦੀ ਸੇਵਾ ਤਿੰਨੇ ਦਿਨ ਬੜੀ ਸ਼ਰਧਾ ਨਾਲ ਨਿਭਾਈ। ਗੁਰੂ ਘਰ ਦੇ ਮੁੱਖ ਸੇਵਾਦਾਰ ਹਰਪਾਲ ਸਿੰਘ ਸਮਰਾ ਨੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੱਤੀ।

# ਗੁਰਸਿੱਖ ਮਹਾਂਸਭਾ ਨੇ ਕਰਵਾਇਆ ਸੰਮੇਲਨ



**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)–** ਗੁਰਸਿੱਖ ਮਹਾਂਸਭਾ ਵੈਲਫੇਅਰ ਸੁਸਾਇਟੀ ਜ਼ਿਲ੍ਹਾ ਜਲੰਧਰ ਵਲੋਂ ਪਿੰਡ ਮਸਾਣੀਆਂ ਵਿਖੇ ਗੁਰਮਤਿ ਸੰਮੇਲਨ ਕਰਵਾਇਆ ਗਿਆ। ਇਸ ਮੌਕੇ ਰੱਬੀ ਬਾਣੀ ਦੇ ਭੋਗ ਪਾਏ ਜਾਣ ਉਪਰੰਤ ਭਾਈ ਇੰਦਰਜੀਤ ਸਿੰਘ ਅਰਸ਼ੀ ਵਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਨੇ ਸੰਗਤ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ ਅਤੇ ਆਈਆਂ ਸੰਗਤਾਂ ਨੂੰ ਗੁਰਸਿੱਖ ਜੀਵਨ ਅਪਨਾਉਣ ਲਈ ਪ੍ਰੇਰਿਆ। ਇਸ ਮੌਕੇ ਬੁੱਧੀਜੀਵੀ ਭਾਈ ਅੰਮ੍ਰਿਤਪਾਲ ਸਿੰਘ, ਆਰ ਕੇ ਬੈਂਸ ਐਡਵੋਕੇਟ, ਦਰਸ਼ਨ ਲਾਲ ਜੇਠੂ ਮਜਾਰਾ, ਵਿਜੇ ਕੁਮਾਰ ਬੱਧਣ ਬਸਪਾ ਪੰਜਾਬ ਸਕੱਤਰ, ਹਲਕਾ ਪ੍ਰਧਾਨ ਲਲਿਤ ਕੁਮਾਰ ਅੰਬੇਡਕਰੀ ਹਲਕਾ ਇੰਚਾ. ਹੰਸ ਰਾਜ ਢੱਡਾ, ਧਰਮਪਾਲ ਕੂਪੁਰ, ਨੰਬਰਦਾਰ ਪ੍ਰੇਮ ਪਾਲ ਕਠਾਰ, ਡਾ. ਰਵੀ ਆਦਮਪੁਰ, ਵਿਸ਼ੇਸ਼ ਤੌਰ ਤੇ ਪੰਹੁਚੇ। ਇਸ ਤੋਂ ਇਲਾਵਾ ਗੁਰਸਿੱਖ ਮਹਾਂਸਭਾ ਦੇ ਅਹੁਦੇਦਾਰ ਪ੍ਰਧਾਨ ਧਰਮਿੰਦਰ ਸਿੰਘ ਮਸਾਣੀਆਂ, ਉਪ ਪ੍ਰਧਾਨ ਗੁਰਚਰਨ ਸਿੰਘ ਜਖਮੀਂ, ਜਨਰਲ ਸਕੱਤਰ ਪ੍ਰਸ਼ੋਤਮ ਸਿੰਘ, ਕੈਸ਼ੀਅਰ ਸੋਮ ਪਾਲ ਸਿੰਘ, ਪ੍ਰੈਸ ਸਕੱਤਰ ਸਰਬਜੀਤ ਸਿੰਘ, ਮਨਮੋਹਨ ਸਿੰਘ ਤਲਵਾੜਾ, ਜਗਤਾਰ ਸਿੰਘ ਘੁੜਿਆਲ, ਪ੍ਰਦੀਪ ਸਿੰਘ ਦੂਹੜੇ ਅਤੇ ਹੋਰ ਇਲਾਕੇ ਦੀਆਂ ਸੰਗਤਾਂ ਅਤੇ ਪਾਠੀ ਸਿੰਘਾਂ ਨੇ ਸਮਾਗਮ ਵਿਚ ਹਾਜ਼ਰੀ ਭਰੀ। ਸਟੇਜ ਦੀ ਸੇਵਾ ਗੁਰਚਰਨ ਸਿੰਘ ਜਖਮੀਂ ਵਲੋਂ ਨਿਭਾਈ ਗਈ। ਗੁਰੂ ਘਰ ਦੇ ਪ੍ਰਧਾਨ ਨਿਰਮਲ ਸਿੰਘ ਅਤੇ ਮਾ. ਜਸਪਾਲ ਸਿੰਘ ਵਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

# ਦਿੱਲੀ ਵਿਚਲਾ ਹਵਾ ਦਾ ਪ੍ਰਦੂਸ਼ਣ ਕਿਵੇਂ ਕੰਟਰੋਲ ਕੀਤਾ ਜਾਵੇ?



ਡਾ. ਗੁਰਿੰਦਰ ਕੌਰ
001-408-493-9776

ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਵਿਚ ਵਧਦੇ ਹਵਾ ਦੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ 29 ਅਕਤੂਬਰ ਨੂੰ ਇਕ ਆਰਡੀਨੈਂਸ ਜਾਰੀ ਕੀਤਾ ਜਿਸ ਉੱਤੇ ਰਾਸ਼ਟਰਪਤੀ ਨੇ ਉਸੇ ਦਿਨ ਸਹੀ ਪਾ ਦਿੱਤੀ ਸੀ। ਇਸ ਆਰਡੀਨੈਂਸ ਦੀ ਉਲੰਘਣਾ ਕਰਨ ਵਾਲਿਆਂ ਨੂੰ ਪੰਜ ਸਾਲ ਦੀ ਕੈਦ ਜਾਂ ਇਕ ਕਰੋੜ ਰੁਪਏ ਜੁਰਮਾਨਾ ਜਾਂ ਦੋਵੇਂ ਤਰ੍ਹਾਂ ਦੀਆਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ। ਕਾਨੂੰਨ ਅਤੇ ਨਿਆਂ ਮੰਤਰਾਲੇ ਵੱਲੋਂ ਜਾਰੀ ਆਰਡੀਨੈਂਸ ਤਹਿਤ ਵਾਤਾਵਰਨ ਪ੍ਰਦੂਸ਼ਣ ਕੰਟਰੋਲ ਆਥਰਟੀ ਨੂੰ ਭੰਗ ਕਰਕੇ ਉਸ ਦੀ ਥਾਂ ਉੱਤੇ 20 ਮੈਂਬਰਾਂ ਦਾ ਇਕ ਕਮਿਸ਼ਨ ਗਠਿਤ ਕਰ ਦਿਤਾ ਗਿਆ ਹੈ। ਹੁਣ ਇਸ ਕਮਿਸ਼ਨ ਕੋਲ ਨਵੇਂ ਆਰਡੀਨੈਂਸ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ ਕਾਨੂੰਨੀ ਕਰਵਾਈ ਕਰਨ ਦੀ ਸ਼ਕਤੀ ਹੈ। ਇਸ ਆਰਡੀਨੈਂਸ ਨੂੰ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਰਾਜਾਂ ਵਿਚ ਫ਼ੌਰੀ ਤੌਰ ਉੱਤੇ ਲਾਗੂ ਕਰ ਦਿੱਤਾ ਗਿਆ ਹੈ।

ਕੇਂਦਰੀ ਵਾਤਾਵਰਨ ਮੰਤਰੀ ਪ੍ਰਕਾਸ਼ ਜਾਵੇਡਕਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਨਵੇਂ ਆਰਡੀਨੈਂਸ ਨਾਲ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਵਿਚਲੇ ਹਵਾ ਦੇ ਪ੍ਰਦੂਸ਼ਣ ਵਿਚ ਭਾਰੀ ਕਮੀ ਆ ਜਾਵੇਗੀ ਜਦੋਂਕਿ ਕਿਸਾਨਾਂ ਨੇ ਇਸ ਆਰਡੀਨੈਂਸ ਨੂੰ ਕੇਂਦਰ ਸਰਕਾਰ ਦੀ ਬਦਲਾ ਲੈਣ ਵਾਲੀ ਕਰਵਾਈ ਕਰਾਰ ਦਿੱਤਾ ਹੈ ਕਿਉਂਕਿ ਕੇਂਦਰ ਸਰਕਾਰ ਨੇ ਇਹ ਆਰਡੀਨੈਂਸ ਉਸ ਸਮੇਂ ਲਾਗੂ ਕੀਤਾ ਹੈ ਜਦੋਂ ਕਿਸਾਨ ਇਕ ਪਾਸੇ ਖੇਤਾਂ ਵਿਚੋਂ ਧਾਨ ਦੀ ਫਸਲ ਚੁੱਕ ਰਹੇ ਹਨ ਅਤੇ ਕਣਕ ਬੀਜਣ ਲਈ ਧਾਨ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਖੇਤ ਖਾਲੀ ਕਰ ਰਹੇ ਅਤੇ ਦੂਜੇ ਪਾਸੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਸੰਘਰਸ਼ ਕਰ ਰਹੇ ਹਨ। ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਵਿਚ ਵਧ ਰਹੇ ਹਵਾ ਦੇ ਪ੍ਰਦੂਸ਼ਣ ਲਈ ਲਗਭਗ ਪਿਛਲੇ ਇਕ ਦਹਾਕੇ ਤੋਂ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਰਾਜਾਂ ਵਿਚ ਸਾੜੀ ਜਾਂਦੀ ਝੋਨੇ ਅਤੇ ਕਣਕ ਦੀ ਰਹਿੰਦ-ਖੂੰਹਦ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ ਕਿਉਂਕਿ 2009 ਵਿਚ ਕੇਂਦਰ ਸਰਕਾਰ ਨੇ ਪੰਜਾਬ ਵਿਚ ਧਰਤੀ ਹੇਠਲੇ ਡਿਗਦੇ ਪਾਣੀ ਦੇ ਪੱਧਰ ਨੂੰ ਦੇਖਦੇ ਹੋਏ ਧਾਨ ਦੀ 10 ਜੂਨ ਤੋਂ ਪਹਿਲਾਂ ਲਵਾਈ ਉੱਤੇ ਰੋਕ ਲਗਾਉਣ ਕਾਰਨ ਫ਼ਸਲ ਦੀ ਵਢਾਈ ਵੀ ਸਤੰਬਰ ਦੀ ਥਾਂ ਅਕਤੂਬਰ ਵਿਚ ਹੋਣ ਕਾਰਨ ਹਿਮਾਲਿਆ ਪਹਾੜ ਦੇ ਪੈਰਾਂ ਵਿਚ ਸਥਿਤ ਰਾਜਾਂ ਵਿਚ ਸਰਦੀਆਂ ਦੀ ਆਮਦ ਕਾਰਨ ਤਾਪਮਾਨ ਇਕਦਮ ਘਟਣਾ ਸ਼ੁਰੂ ਹੋ ਜਾਂਦਾ ਹੈ ਜਿਸ ਨਾਲ ਹਵਾ ਵਿਚਲੇ ਹਰ ਤਰ੍ਹਾਂ ਦੀ ਧੂੜ ਅਤੇ ਧੂੰਏ ਦੇ ਕਣਾਂ ਉੱਤੇ ਪਾਣੀ ਜੰਮਣ ਨਾਲ ਧੁੰਦ ਦਾ ਵਿਗੜਿਆ ਰੂਪ "ਧੂੰਆਂਖੀ ਧੁੰਦ" ਹੋਂਦ ਵਿਚ ਆ ਜਾਂਦਾ ਹੈ ਜੋ ਭੂਗੋਲਿਕ ਅਤੇ ਸਥਾਨਕ ਕਾਰਨਾਂ ਕਰਕੇ ਹੁੰਦਾ ਹੈ। ਪਹਿਲਾਂ ਸਤੰਬਰ ਵਿਚ ਧਾਨ ਦੀ ਵਢਾਈ ਹੋਣ ਕਾਰਨ ਤਾਪਮਾਨ ਜ਼ਿਆਦਾ ਹੋਣ ਅਤੇ ਹਵਾ ਦੀ ਤੇਜ਼ੀ ਕਾਰਨ ਇਹ ਧੂੰਆਂ ਹਵਾ ਵਿਚ ਉਡ ਜਾਂਦਾ ਸੀ ਜਿਸ ਨਾਲ ਨਾਂ ਤਾਂ ਇਨ੍ਹਾਂ ਰਾਜਾਂ ਵਿਚ ਅਤੇ ਨਾ ਹੀ ਦਿੱਲੀ ਵਿਚ ਹਵਾ ਦੇ ਪ੍ਰਦੂਸ਼ਣ ਦੀ ਸਮੱਸਿਆ ਆਉਂਦੀ ਸੀ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਿੱਲੀ ਵਿਚ ਸਰਦੀ ਦੀ ਸ਼ੁਰੂਆਤ ਹੋਣ ਨਾਲ ਹਵਾ ਦੇ ਪ੍ਰਦੂਸ਼ਣ ਵਿਚ ਵਾਧਾ ਹੋਣ ਨਾਲ ਦਿੱਲੀ ਸਰਕਾਰ ਨੇ ਆਪਣੀ ਪੀਹੜੀ ਹੇਠਾਂ ਸੋਟਾ ਫੇਰਨ ਦੀ ਥਾ ਉੱਤੇ ਦਿੱਲੀ ਦੇ ਆਲੇ-ਦੁਆਲੇ ਦੇ ਰਾਜਾਂ ਨੂੰ ਦਿੱਲੀ ਵਿਚਲੇ ਹਵਾ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਠਹਿਰਾਉਣਾ ਸ਼ੁਰੂ ਕਰ ਦਿੱਤਾ ਅਤੇ ਕੇਂਦਰ ਸਰਕਾਰ ਜੋ ਪਹਿਲਾਂ ਹੀ ਕਿਸਾਨਾਂ ਦੇ ਸੰਘਰਸ਼ ਤੋਂ ਔਖੀ ਸੀ ਉਸ ਨੇ ਮੌਕਾ ਮਿਲਦੇ ਹੀ ਇਹ ਨਵਾਂ ਆਰਡੀਨੈਂਸ ਜਾਰੀ ਕਰ ਦਿੱਤਾ ਕਿ ਦਿੱਲੀ ਦੇ ਪ੍ਰਦੂਸ਼ਣ ਲਈ ਕਿਸਾਨ ਹੀ ਜ਼ਿੰਮੇਵਾਰ ਹਨ।

ਇਸ ਪ੍ਰਦੂਸ਼ਣ ਲਈ ਅਸਲ ਵਿੱਚ ਜ਼ਿੰਮੇਵਾਰ ਕੌਣ ਹੈ ਇਸ ਦਾ ਪਤਾ ਲਗਾਉਣ ਲਈ ਸਾਨੂੰ ਥੋੜ੍ਹਾ ਜਿਹਾ ਪਿਛੋਕੜ ਵਿਚ ਜਾਣਾ ਪਵੇਗਾ। 1990-2000 ਦੇ ਦਹਾਕੇ ਵਿਚ ਵੀ ਦਿੱਲੀ ਦੀ ਹਵਾ ਬਹੁਤ ਪ੍ਰਦੂਸ਼ਿਤ ਹੋ ਗਈ ਸੀ, ਪਰ ਉਦੋਂ ਕੇਂਦਰ ਸਰਕਾਰ ਦੀ ਮਨਸਾ ਸਾਫ਼ ਸੀ ਤਾਂ ਉਸ ਨੇ ਅਸਲ ਕਾਰਨ ਲੱਭ ਕੇ ਦਿੱਲੀ ਦੀ ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਦਿੱਲੀ ਵਿਚ ਡੀਜ਼ਲ ਨਾਲ ਚੱਲਣ ਵਾਲੀਆਂ ਬੱਸਾਂ, ਆਟੋ-ਰਿਕਸ਼ਿਆਂ ਆਦਿ ਉੱਤੇ ਜੁਰਮਾਨੇ ਲਗਾਉਂਦੇ ਹੋਏ ਉਨ੍ਹਾਂ ਨੂੰ ਡੀਜ਼ਲ ਦੀ ਥਾ ਉੱਤੇ ਸੀ.ਐੱਨ.ਜੀ. ਗੈਸ ਵਰਤਣ ਲਈ ਪ੍ਰੇਰਿਤ ਕਰਕੇ ਹਵਾ ਦੇ ਪ੍ਰਦੂਸ਼ਣ ਉੱਤੇ ਕਾਬੂ ਪਾ ਲਿਆ ਸੀ। ਉਦੋਂ ਸਿਰਫ਼ ਸਥਾਨਿਕ ਬੱਸਾਂ ਅਤੇ ਆਟੋ-ਰਿਕਸ਼ੇ ਹੀ ਡੀਜ਼ਲ ਨਾਲ ਚਲਦੇ ਸਨ ਅਤੇ ਉਸ ਤੋਂ ਬਾਅਦ ਦਿੱਲੀ ਵਾਸੀ ਕਈ ਸਾਲ ਪ੍ਰਦੂਸ਼ਣ-ਰਹਿਤ ਹਵਾ ਦਾ ਆਨੰਦ ਮਾਣਦੇ ਰਹੇ।

ਪਿਛਲੇ ਇਕ ਦਹਾਕੇ ਤੋਂ ਫਿਰ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਹਵਾ ਦੇ ਪ੍ਰਦੂਸ਼ਣ ਦਾ ਭਾਰੀ ਸੰਤਾਪ ਝੱਲ ਰਿਹਾ ਹੈ। ਦਿੱਲੀ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜਨ ਲਈ ਪ੍ਰਦੂਸ਼ਣ ਦੀ ਸਮੱਸਿਆ ਨੂੰ ਗੁਆਂਢੀ ਰਾਜਾਂ ਦੇ ਸਿਰ ਮੜ ਰਹੀ ਹੈ। ਪਰ ਪ੍ਰਦੂਸ਼ਣ ਦਾ ਅਸਲ ਕਾਰਨ ਦਿੱਲੀ ਦਾ ਅਨਿਯਮਤ ਆਰਥਿਕ ਵਿਕਾਸ ਹੈ। ਪਿਛਲੇ ਸਾਲਾਂ ਵਿਚ ਦਿੱਲੀ ਵਿਚ ਆਰਥਿਕ ਵਿਕਾਸ ਦੇ ਨਾਅ ਉੱਤੇ ਕਾਰਪੋਰੇਟ ਖੇਤਰ ਨੂੰ ਉਤਸ਼ਾਹਿਤ ਕਰਨ ਕਰਕੇ ਕਾਰਾਂ (ਖ਼ਾਸ ਕਰਕੇ ਡੀਜ਼ਲ ਨਾਲ ਚੱਲਣ ਵਾਲੀਆਂ), ਮੋਟਰ ਗੱਡੀਆਂ, ਉਦਯੋਗਿਕ ਇਕਾਈਆਂ ਅਤੇ ਨਿਰਮਾਣ ਕਾਰਜਾਂ ਆਦਿ ਵਿਚ ਬੇਸ਼ੁਮਾਰ ਵਾਧਾ ਹੋਇਆ ਹੈ। ਇਕੱਲੀਆਂ ਮੋਟਰ-ਗੱਡੀਆਂ ਅਤੇ ਕਾਰਾਂ ਦੀ ਗਿਣਤੀ ਜਿਹੜੀ 2000 ਵਿਚ ਸਿਰਫ਼ 34 ਲੱਖ ਸੀ ਵਧ ਕੇ 2018 ਵਿਚ 1 ਕਰੋੜ 12 ਲੱਖ ਹੋ ਗਈ ਹੈ ਜੋ ਦਿੱਲੀ ਦੀਆਂ ਸੜਕਾਂ ਉੱਤੇ ਹਰ ਰੋਜ਼ ਕਾਰਬਨ ਡਾਇਆਕਸਾਇਡ, ਕਾਰਬਨਮੋਨੋਆਕਸਾਈਡ, ਸਲਫ਼ਰ ਡਾਇਆਕਸਾਈਡ, ਉਜ਼ੋਨ ਆਦਿ ਵਰਗੀਆਂ ਗੈਸਾਂ ਛੱਡਦੀਆਂ ਹੋਈਆਂ ਦਿੱਲੀ ਦੀ ਹਵਾ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਮੌਸਮ ਵਿਭਾਗ ਦੇ ਮਾਹਿਰਾਂ ਅਤੇ ਵਿਗਿਆਨ ਅਤੇ ਵਾਤਾਵਰਨ ਸੰਸਥਾ ਨੇ ਆਪਣੀ ਇੱਕ ਖੋਜ ਦੇ ਅਧਾਰ ਉੱਤੇ ਦੱਸਿਆ ਸੀ ਕਿ ਦਿੱਲੀ ਵਿਚ 70 ਫ਼ੀਸਦ ਹਵਾ ਦਾ ਪ੍ਰਦੂਸ਼ਣ ਸਿਰਫ਼ ਵਾਹਨਾਂ ਕਰਕੇ ਹੁੰਦਾ ਹੈ। ਆਈ.ਆਈ.ਟੀ. ਕਾਨਪੁਰ ਦੀ ਇਕ ਖੋਜ ਅਨੁਸਾਰ, ਦਿੱਲੀ ਵਿਚ ਹਰ ਰੋਜ਼ ਵੱਖ ਵੱਖ ਤਰ੍ਹਾਂ ਦੇ ਸਰੋਤਾਂ ਤੋਂ 312 ਟਨ ਸਲਫ਼ਰਡਾਇਆਕਸਾਈਡ, 142 ਟਨ ਨਾਈਟਰੋਜਨ ਆਕਸਾਈਡ, 59 ਟਨ ਪੀ.ਐੱਮ. 2.5 ਅਤੇ 143 ਟਨ ਪੀ.ਐੱਮ. 10 ਹਵਾ ਵਿਚ ਦਾਖ਼ਲ ਹੁੰਦਾ ਹੈ ਜਿਸ ਵਿਚ 98 ਫ਼ੀਸਦ ਨਾਈਟਰੋਜਨ ਆਕਸਾਈਡ, 60 ਫ਼ੀਸਦ ਸਲਫ਼ਰਡਾਇਆਕਸਾਈਡ, 14 ਫ਼ੀਸਦ ਪੀ.ਐੱਮ. 10 ਅਤੇ 10 ਫ਼ੀਸਦ ਪੀ.ਐੱਮ. 2.5 ਇਕੱਲੀਆਂ ਉਦਯੋਗਿਕ ਇਕਾਈਆਂ ਛੱਡਦੀਆਂ ਹਨ। ਇਸ ਦੇ ਨਾਲ ਨਾਲ ਦਿੱਲੀ ਵਿਚ ਪਹਾੜਾਂ ਦੀ ਉਚਾਈ ਦੇ ਬਰਾਬਰ ਦੇ ਵੱਡੇ-ਵੱਡੇ ਜਲਦੇ-ਬਲਦੇ ਕੂੜੇ ਦੇ ਢੇਰ ਸਾਰਾ ਸਾਲ ਮਣਾਂ-ਮੂੰਹੀ ਗੰਦੀਆਂ ਗੈਸਾਂ ਅਤੇ ਧੂੰਏਂ ਅਤੇ ਧੂੜ ਦੇ ਕਣ ਵਾਤਾਵਰਨ ਵਿਚ ਸੁੱਟਕੇ ਦਿੱਲੀ ਦੀ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ। ਦਿੱਲੀ ਵਿਚ ਲਗਾਤਾਰ ਚੱਲਦੇ ਉਸਾਰੀ ਦੇ ਕੰਮ ਅਤੇ ਥਰਮਲ ਪਲਾਂਟ ਵੀ ਹਵਾ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਹਨ। ਇਸ ਗੱਲ ਤੋਂ ਨਾ ਤਾਂ ਕੇਂਦਰ ਸਰਕਾਰ ਅਤੇ ਨਾ ਹੀ ਦਿੱਲੀ ਸਰਕਾਰ ਇਨਕਾਰੀ ਹੋ ਸਕਦੀ ਹੈ ਕਿ ਦਿੱਲੀ ਵਿਚਲਾ ਹਵਾ ਦਾ ਪ੍ਰਦੂਸ਼ਣ ਦਿੱਲੀ ਸ਼ਹਿਰ ਦੀਆਂ ਆਪਣੀਆਂ ਗਤੀਵਿਧੀਆਂ ਕਾਰਨ ਹੈ ਕਿਉਂਕਿ ਕਰੋਨਾ ਮਹਾਂਮਾਰੀ ਸਮੇਂ ਹੋਏ ਲੌਕਡਾਊਨ ਵੇਲੇ ਦਿੱਲੀ ਦਾ ਅਸਮਾਨ ਬਿਲਕੁਲ ਸਾਫ਼ ਹੋ ਗਿਆ ਸੀ ਜਦੋਂਕਿ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿਚ ਕਿਸਾਨ ਹਾੜ੍ਹੀ ਦੀ ਫ਼ਸਲ ਚੁੱਕਕੇ ਕਣਕ ਦੀ ਰਹਿੰਦ-ਖੂੰਹਦ ਨੂੰ ਅੱਗ ਲਾ ਰਹੇ ਸਨ।



ਹਾਲ ਵਿਚ ਆਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ (ਪੀ.ਏ.ਯੂ.) ਦੀ ਇਕ ਖੋਜ ਅਨੁਸਾਰ ਪਰਾਲੀ ਸਾੜਨ ਕਾਰਨ ਜਿਹੜਾ ਧੂੰਆਂ ਉੱਠਦਾ ਹੈ ਉਹ ਪੰਜਾਬ ਵਿਚ ਹੀ ਰਹਿ ਜਾਂਦਾ ਹੈ ਕਿਉਂਕਿ ਹਵਾ ਵਿਚਲਾ ਪ੍ਰਦੂਸ਼ਣ ਦੂਰ-ਦੁਰਾਡੀਆਂ ਥਾਵਾਂ ਉੱਪਰ ਉਦੋਂ ਹੀ ਪਹੁੰਚਦਾ ਹੈ ਜਦੋਂ ਹਵਾ ਦੀ ਚੱਲਣ ਦੀ ਰਫ਼ਤਾਰ ਜ਼ਿਆਦਾ ਹੋਵੇ, ਪਰ ਜਦੋਂ ਧੂੰਆਂਖੀ ਧੁੰਦ ਬਣਦੀ ਹੈ ਤਾਂ ਉਸ ਦਾ ਮੁੱਢਲਾ ਕਾਰਨ ਹਵਾ ਦੀ ਸਥਿਰਤਾ ਹੈ ਭਾਵ ਹਵਾ ਚੱਲਦੀ ਹੀ ਨਹੀਂ ਹੈ ਅਤੇ ਹਵਾ ਵਿਚਲਾ ਪ੍ਰਦੂਸ਼ਣ ਉਸੇ ਥਾਂ ਨੂੰ ਪ੍ਰਦੂਸ਼ਿਤ ਕਰਦਾ ਹੈ ਜਿੱਥੇ ਪੈਦਾ ਹੁੰਦਾ ਹੈ। ਪੀ.ਏ.ਯੂ. ਦੇ ਉਪਰੋਕਤ ਅਧਿਐਨ ਅਨੁਸਾਰ 2017, 2018 ਅਤੇ 2019 ਦੇ ਤਿੰਨ ਸਾਲ ਹਵਾ ਦੀ ਗਤੀ ਇਕ ਅਕਤੂਬਰ ਤੋਂ ਲੈ ਕੇ 16 ਦਸੰਬਰ ਤੱਕ ਭਾਵ 77 ਦਿਨ 5 ਕਿਲੋਮੀਟਰ ਪ੍ਰਤਿ ਘੰਟਾ ਤੋਂ ਘੱਟ ਹੀ ਰਹੀ ਹੈ ਜੋ ਪੰਜਾਬ ਦੀ ਪ੍ਰਦੂਸ਼ਿਤ ਹਵਾ ਨੂੰ 300-350 ਕਿਲੋਮੀਟਰ ਦੂਰ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਤੱਕ ਲਿਜਾ ਹੀ ਨਹੀਂ ਸਕਦੀ। ਇਸ ਤੋਂ ਇਲਾਵਾ ਰਾਜਸਥਾਨ ਵਿਚ ਕਣਕ ਦੀ ਫ਼ਸਲ ਵੈਸੇ ਹੀ ਬਹੁਤ ਘੱਟ ਹੁੰਦੀ ਅਤੇ ਧਾਨ ਦੀ ਫ਼ਸਲ ਪਾਣੀ ਦੀ ਥੁੜ੍ਹ ਹੋਣ ਕਰਕੇ ਹੋ ਹੀ ਨਹੀਂ ਸਕਦੀ। ਰਹੀ ਉੱਤਰ ਪ੍ਰਦੇਸ਼ ਦੀ ਗੱਲ ਉਹ ਦਿੱਲੀ ਤੋਂ ਬਾਅਦ ਆਉਂਦਾ ਹੈ ਇਸ ਲਈ ਦਿੱਲੀ ਦੀ ਪ੍ਰਦੂਸ਼ਿਤ ਹਵਾ ਉੱਤਰ ਪ੍ਰਦੇਸ਼ ਨੂੰ ਪ੍ਰਦੂਸ਼ਿਤ ਕਰ ਸਕਦੀ ਹੈ। ਜੇਕਰ ਹਵਾ ਉੱਤਰ-ਪੱਛਮ ਦਿਸ਼ਾ ਤੋਂ ਆਉਂਦੀ ਹੈ ਤਾਂ ਦਿੱਲੀ ਨੂੰ ਪ੍ਰਦੂਸ਼ਿਤ ਕਰ ਸਕਦੀ ਹੈ, ਪਰ ਜੇਕਰ ਹਵਾ ਦੱਖਣ-ਪੂਰਬ ਦਿਸ਼ਾ ਤੋਂ ਆਉਂਦੀ ਹੈ ਤਾਂ ਦਿੱਲੀ ਦੀ ਪ੍ਰਦੂਸ਼ਿਤ ਹਵਾ ਹਰਿਆਣਾ ਅਤੇ ਪੰਜਾਬ ਦੀ ਹਵਾ ਨੂੰ ਵੀ ਪ੍ਰਦੂਸ਼ਿਤ ਕਰ ਦੇਵੇਗੀ ਕਿਉਂਕਿ ਹਵਾ ਵਗਣ ਲਈ ਹੱਦਾਂ ਦੀ ਮੁਹਤਾਜ਼ ਨਹੀਂ ਹੁੰਦੀ। ਸੋ, ਜਿੰਨੇ ਇਹ ਰਾਜ ਦਿੱਲੀ ਦੀ ਹਵਾ ਨੂੰ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹਨ ਉਸ ਤੋਂ ਵੀ ਕਿਧਰੇ ਵੱਧ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਇਨ੍ਹਾਂ ਰਾਜਾਂ ਦੀ ਹਵਾ ਨੂੰ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹਨ। ਇਸ ਲਈ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਵਿਚ ਰਹਿੰਦੇ ਆਰਡੀਨੈਂਸ ਦੀ ਉਲੰਘਣਾ ਕਰਨ ਵਾਲਿਆਂ ਨੂੰ ਜੁਰਮਾਨਾ ਅਤੇ ਸਜ਼ਾ ਹੋਣੀ ਚਾਹੀਦੀ ਕਿਉਂਕਿ ਇੱਥੋਂ ਦੇ ਲੋਕ ਹਵਾ ਵਿਚ ਪ੍ਰਦੂਸ਼ਣ ਵਧ ਮੁਨਾਫ਼ੇ ਅਤੇ ਜ਼ਿਆਦਾ ਸੁਖ-ਸੁਵਿਧਾਵਾਂ ਜੁਟਾਉਣ ਅਤੇ ਮੌਜ-ਮਸਤੀ ਲਈ ਪੈਦਾ ਕਰਦੇ ਹਨ, ਜਦੋਂਕਿ ਕਿਸਾਨ ਦੇਸ਼ ਵਾਸੀਆਂ ਲਈ ਅਨਾਜ ਪੈਦਾ ਕਰਨ ਲਈ ਸਾਧਨਾਂ ਦੀ ਥੁੜ੍ਹ ਕਾਰਨ ਮਜ਼ਬੂਰੀਵੱਸ ਪ੍ਰਦੂਸ਼ਣ ਪੈਦਾ ਕਰਦੇ ਹਨ। ਇਸ ਤੋਂ ਬਿਨਾਂ ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ ਪਰਾਲੀ ਅਤੇ ਨਾੜ ਸਾੜਣ ਨਾਲ ਮੌਸਮ ਮਾਹਿਰਾਂ ਅਨੁਸਾਰ ਦਿੱਲੀ ਵਿਚ ਸਿਰਫ਼ 15-20 ਦਿਨਾਂ ਲਈ 6 ਫ਼ੀਸਦ ਪ੍ਰਦੂਸ਼ਣ ਪਹੁੰਚਦਾ ਹੈ ਉਹ ਵੀ ਜੇਕਰ ਹਵਾ ਉੱਤਰ-ਪੱਛਮ ਦਿਸ਼ਾ ਤੋਂ ਆਉਂਦੀ ਹੈ। ਆਮ ਹਾਲਤਾਂ ਵਿਚ ਸਾਰਾ ਪ੍ਰਦੂਸ਼ਣ ਪੈਦਾ ਕਰਨ ਲਈ ਦਿੱਲੀ ਆਪ ਹੀ ਜ਼ਿੰਮੇਵਾਰ ਹੈ। ਸੋ ਇਸ ਲਈ ਦਿੱਲੀ ਅਤੇ ਕੇਂਦਰ ਸਰਕਾਰ ਨੂੰ ਦਿੱਲੀ ਦੀ ਹਵਾ ਨੂੰ ਸਾਫ਼ ਕਰਨ ਲਈ ਸਾਲ 2000 ਵਾਂਗ ਸਥਾਨਕ ਪੱਧਰ ਉੱਤੇ ਉਪਰਾਲੇ ਕਰਨੇ ਚਾਹੀਦੇ ਹਨ ਨਾ ਕਿ ਗ਼ਰੀਬ ਕਿਸਾਨਾਂ ਨੂੰ ਸਜ਼ਾ ਦੇ ਕੇ ਡਾਢੇ ਦਾ ਸਤੀਂ ਵੀਹੀਂ ਸੌ ਵਾਲੀ ਕਹਾਵਤ ਦੀ ਸਚਾਈ ਨੂੰ ਪਰਤੱਖ ਰੂਪ ਵਿਚ ਲਾਗੂ ਕਰਨਾ ਚਾਹੀਦਾ ਹੈ।

ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਜਦੋਂ ਵੀ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ ਦੀ ਹਵਾ ਦੇ ਪ੍ਰਦੂਸ਼ਣ ਸੰਬੰਧੀ ਦਿੱਲੀ ਜਾਂ ਦੇਸ਼ ਦੇ ਦਰਜ਼ੇ ਸੰਬੰਧੀ ਕੋਈ ਵੀ ਰਿਪੋਰਟ ਆਉਂਦੀ ਹੈ ਤਾਂ ਉਸ ਨੂੰ ਨਕਾਰਨ ਅਤੇ ਦੂਜਿਆਂ ਸਿਰ ਮੜ੍ਹਣ ਦੀ ਥਾਂ ਉੱਤੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਚੰਗੀ ਵਿਉਂਤਬੰਦੀ ਨਾਲ ਉਪਰਾਲੇ ਕਰੇ। ਹਵਾ ਦਾ ਪ੍ਰਦੂਸ਼ਣ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ ਵਿਚ ਹੀ ਨਹੀਂ ਬਲਕਿ ਦੇਸ਼ ਦੇ ਸਾਰੇ ਸ਼ਹਿਰਾਂ ਵਿਚ ਹੀ ਵਧ ਰਿਹਾ ਹੈ। 21 ਜਨਵਰੀ, 2020 ਨੂੰ ਭਾਰਤ ਦੀ ਗਰੀਨਪੀਸ ਸੰਸਥਾ ਅਨੁਸਾਰ ਰਾਸ਼ਟਰੀ ਮਾਪਦੰਡਾਂ ਤਹਿਤ ਦੇਸ਼ ਦੇ 80 ਫ਼ੀਸਦ ਸ਼ਹਿਰਾਂ ਦੀ ਹਵਾ ਪ੍ਰਦੂਸ਼ਿਤ ਹੈ ਅਤੇ ਅੰਤਰ-ਰਾਸ਼ਟਰੀ ਮਾਪਦੰਡ ਅਨੁਸਾਰ ਦੇਸ਼ ਦਾ ਇਕੋ-ਇਕ ਸ਼ਹਿਰ ਲੂੰਗਲੇਈ (ਮਿਜ਼ੋਰਮ) ਪ੍ਰਦੂਸ਼ਣ ਰਹਿਤ ਹੈ। ਹਾਲ ਵਿਚ ਆਈ ਸਟੇਟ ਆਫ਼ ਗੋਲਬਲ ਏਅਰ 2020 ਦੀ ਇਕ ਰਿਪੋਰਟ ਅਨੁਸਾਰ ਭਾਰਤ ਵਿਚ 2019 ਵਿਚ 16.7 ਲੱਖ ਲੋਕਾਂ ਦੀ ਮੌਤ ਹਵਾ ਦੇ ਪ੍ਰਦੂਸ਼ਣ ਕਾਰਨ ਹੋਈ ਜਿਨ੍ਹਾਂ ਵਿਚੋਂ 1 ਲੱਖ 16 ਹਜ਼ਾਰ ਬੱਚੇ ਸਨ ਜੋ ਜਨਮ ਤੋਂ ਬਾਅਦ ਇਕ ਮਹੀਨੇ ਦੇ ਵਿਚਲੇ ਅਰਸੇ ਵਿਚ ਹੀ ਮਰ ਗਏ।

ਕੇਂਦਰ ਸਰਕਾਰ ਨੂੰ ਇਹੋ ਜਿਹੇ ਪੱਖਪਾਤੀ ਆਰਡੀਨੈਂਸ/ਕਾਨੂੰਨ ਬਣਾਉਣ ਦੀ ਥਾਂ ਉੱਤੇ ਦਿੱਲੀ ਵਿਚ ਜਨਤਕ ਵਾਹਨਾਂ ਦੀ ਗਿਣਤੀ ਵਧਾਉਣ ਦੇ ਨਾਲ ਨਾਲ ਉਨ੍ਹਾਂ ਨੂੰ ਇੰਨਾ ਚੁਸਤ-ਦੁਰਸਤ ਬਣਾਏ ਕਿ ਲੋਕ ਨਿੰਜੀ ਵਾਹਨਾਂ ਨੂੰ ਛੱਡ ਕੇ ਜਨਤਕ ਵਾਹਨਾਂ ਦੀ ਆਵਾਜਾਈ ਲਈ ਵਰਤੋਂ ਕਰਨ ਲੱਗ ਜਾਣ। ਨਿੰਜੀ ਵਾਹਨਾਂ ਦੀ ਗਿਣਤੀ ਘਟਾਉਣ ਲਈ ਸਮਾਂ-ਨਿਰਧਾਰਤ ਉਪਰਾਲੇ ਕੀਤੇ ਜਾਣ। ਪੈਦਲ ਚੱਲਣ ਅਤੇ ਸਾਈਕਲਾਂ ਦੀ ਵਰਤੋਂ ਕਰਨ ਵਾਲਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਉਦਯੋਗਿਕ ਇਕਾਈਆਂ ਵਿਚ ਹਵਾ-ਸ਼ੁੱਧਤਾ ਯੰਤਰ ਲਗਾਉਣੇ ਯਕੀਨੀ ਬਣਾਏ ਜਾਣ। ਬਿਜਲੀ ਪੈਦਾ ਕਰਨ ਲਈ ਥਰਮਲ ਪਲਾਂਟਾਂ ਦੀ ਥਾਂ ਉੱਤੇ ਕੋਈ ਹੋਰ ਸੁਰੱਖਿਅਤ ਵਿਧੀ ਅਪਣਾਈ ਜਾਵੇ।

ਉਸਾਰੀ ਦੇ ਕੰਮਾਂ ਵਿਚ ਵਧੇਰੇ ਸਾਵਧਾਨੀ ਵਰਤੀ ਜਾਵੇ ਅਤੇ ਕੂੜੇ ਦੇ ਢੇਰਾਂ ਨੂੰ ਨਜਿੱਠਣ ਲਈ ਸੁਰੱਖਿਅਤ ਵਿਗਿਆਨਕ ਢੰਗ ਅਪਣਾਏ ਜਾਣ। ਇਸ ਦੇ ਨਾਲ ਨਾਲ ਕਿਸਾਨਾਂ ਨੂੰ ਫ਼ਸਲਾਂ ਦੀ ਰਹਿੰਦ-ਖੂੰਹਦ ਨਾਲ ਨਜਿੱਠਣ ਆਧੁਨਿਕ ਮਸ਼ੀਨਰੀ ਸਸਤੀਆਂ ਕੀਮਤਾਂ ਉੱਤੇ ਮੁਹੱਈਆ ਕਾਰਵਾਈ ਜਾਵੇ। ਕੇਂਦਰ ਸਰਕਾਰ ਉਨ੍ਹਾਂ ਕਿਸਾਨਾਂ ਨੂੰ ਸਜ਼ਾ ਦੇਣ ਦੀ ਬਜਾਇ ਸੁਹਿਰਦਤਾ ਵਾਲਾ ਰਵਈਆ ਅਪਣਾ ਕੇ ਉਨ੍ਹਾਂ ਦੀ ਮੁਸ਼ਕਲਾਂ ਨੂੰ ਹੱਲ ਕਰਨ ਦੇ ਨਾਲ ਨਾਲ ਦੇਸ਼ ਦੀ ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੇ ਉਪਰਾਲੇ ਕਰੇ।

# ਬਿਹਾਰ ’ਚ ਐੱਨਡੀਏ ਨੂੰ ਪੂਰਨ ਬਹੁਮਤ, ਆਰਜੇਡੀ ਬਣੀ ਸਭ ਤੋਂ ਵੱਡੀ ਪਾਰਟੀ

**ਪਟਨਾ–** ਬਿਹਾਰ ਵਿਧਾਨ ਸਭਾ ਚੋਣਾਂ ਵਿਚ ਇਕ ਬਹੁਤ ਹੀ ਦਿਲਚਸਪ ਮੁਕਾਬਲੇ ਵਿਚ ਨਿਤੀਸ਼ ਕੁਮਾਰ ਦੀ ਅਗਵਾਈ ਵਾਲੇ ਐੱਨਡੀਏ ਨੇ 243 ਸੀਟਾਂ ਵਿਚੋਂ 125 ਸੀਟਾਂ ਜਿੱਤ ਕੇ ਬਹੁਮਤ ਦਾ ਜਾਦੂਈ ਅੰਕੜਾ ਪਾਰ ਕਰ ਲਿਆ, ਜਦੋਂ ਕਿ ਮਹਾਗਠਜੋੜ ਨੂੰ 110 ਸੀਟਾਂ ਮਿਲੀਆਂ। ਐੱਨਡੀਏ ਦੇ ਮੁੱਖ ਮੰਤਰੀ ਲਈ ਉਮੀਦਵਾਰ ਨਿਤੀਸ਼ ਕੁਮਾਰ ਹਨ ਤੇ ਭਾਜਪਾ ਨੇ ਚੋਣਾਂ ਦੌਰਾਨ ਸਪਸ਼ਟ ਕਰ ਦਿੱਤਾ ਸੀ ਕਿ ਚਾਹੇ ਜੇਡੀਯੂ ਦੀਆਂ ਸੀਟਾਂ ਘੱਟ ਆਉਣ ਮੁੱਖ ਮੰਤਰੀ ਨਿਤੀਸ਼ ਹੀ ਹੋਣਗੇ। ਚੋਣਾਂ ਵਿੱਚ ਆਰਜੇਡੀ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਹੈ ਤੇ ਭਾਜਪਾ ਦੂਜੇ ਨੰਬਰ ’ਤੇ ਰਹੀ। ਚੋਣਾਂ ਵਿੱਚ ਜੇਡੀਯੂ ਤੇ ਕਾਂਗਰਸ ਨੂੰ ਨੁਕਸਾਨ ਹੋਇਆ ਹੈ। ਚੋਣਾਂ ਵਿੱਚ ਭਾਜਪਾ 74, ਜੇਡੀ (ਯੂ) 43, ਹਮ 4, ਵੀਆਈਪੀ 4, ਮਹਾਗਠਜੋੜ ਵਿੱਚ ਆਰਜੇਡੀ 75, ਕਾਂਗਰਸ 19, ਸੀਪੀਆਈ-ਐੱਮਐੱਲ 12, ਸੀਪੀਆਈ 2, ਸੀਪੀਆਈਐੱਮ 2, ਏਆਈਐੱਮਆਈਐੱਮ 5, ਬਸਪਾ 1, ਐੱਲਜੇਪੀ 1 ਤੇ ਆਜ਼ਾਦ ਉਮੀਦਵਾਰ 1 ਸੀਟ ’ਤੇ ਜਿੱਤੇ।

**ਐਨਡੀਏ – ਕੁੱਲ ਸੀਟਾਂ – 125**

ਭਾਜਪਾ – 74 (ਪਿਛਲੀ ਵਾਰ ਨਾਲੋਂ 21 ਸੀਟਾਂ ਵੱਧ)
ਜਨਤਾਦਲ ਯੂ – 43 (ਪਿਛਲੀ ਵਾਰ ਨਾਲੋਂ 28 ਸੀਟਾਂ ਘੱਟ)
ਹਮ – 4 (ਪਿਛਲੀ ਵਾਰ ਨਾਲੋਂ 3 ਸੀਟਾਂ ਵੱਧ)
ਵੀਆਈਪੀ – 4 (ਪਿਛਲੀ ਵਾਰ ਨਾਲੋਂ 4 ਸੀਟਾਂ ਵੱਧ)

**ਯੂਪੀਏ – 110**

ਰਾਜਦ – 75 (ਪਿਛਲੀ ਵਾਰ ਨਾਲੋਂ 5 ਸੀਟਾਂ ਘੱਟ)
ਕਾਂਗਰਸ – 19 (ਪਿਛਲੀ ਵਾਰ ਨਾਲੋਂ 8 ਸੀਟਾਂ ਘੱਟ)
ਭਾਕਪਾ (ਮਾਲੇ) – 12 (ਪਿਛਲੀ ਵਾਰ ਨਾਲੋਂ 12 ਸੀਟਾਂ ਵੱਧ)
ਭਾਕਪਾ –2 (ਪਿਛਲੀ ਵਾਰ ਨਾਲੋਂ 2 ਸੀਟਾਂ ਵੱਧ)
ਮਾਕਪਾ – 2 (ਪਿਛਲੀ ਵਾਰ ਨਾਲੋਂ 2 ਸੀਟਾਂ ਵੱਧ)
ਬਸਪਾ– 1
ਹੋਰ – 7



ਬਿਹਾਰ ’ਚ ਇੱਕ ਵਾਰ ਫਿਰ ਨਿਤੀਸ਼ ਕੁਮਾਰ ਨੇ ਸਾਬਤ ਕਰ ਦਿੱਤਾ ਕਿ ਉਨ੍ਹਾਂ ਦਾ ਸ਼ਾਸਨ ਬਿਹਾਰ ਦੀ ਜਨਤਾ ਦੀ ਪਹਿਲੀ ਪਸੰਦ ਹੈ ਅਤੇ ਉੱਥੇ ਦੇ ਲੋਕ ਅਜੇ ਵੀ ਉਨ੍ਹਾਂ ’ਤੇ ਭਰੋਸਾ ਕਰਦੇ ਹਨ। ਹਾਲਾਂਕਿ ਇਸ ਚੋਣ ਨੂੰ ਪੂਰੀ ਤਰ੍ਹਾਂ ਨਿਤੀਸ਼ ਕੁਮਾਰ ਦੇ ਪੱਖ ’ਚ ਕਰਨ ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਿਸ ਤਰ੍ਹਾਂ ਬਿਹਾਰ ’ਚ ਚੋਣ ਰੈਲੀਆਂ ਕੀਤੀਆਂ ਉਸ ਤੋਂ ਬਾਅਦ ਐੱਨ.ਡੀ.ਏ. ’ਤੇ ਬਿਹਾਰ ਦੀ ਜਨਤਾ ਦਾ ਭਰੋਸਾ ਵੱਧ ਗਿਆ। ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਦਾ ਵੋਟ ਇੱਕ ਵਾਰ ਫਿਰ ਬਿਹਾਰ ’ਚ ਜੰਗਲਰਾਜ ਲਿਆ ਸਕਦਾ ਹੈ। ਪ੍ਰਧਾਨ ਮੰਤਰੀ ਦੀ ਇਹੀ ਗੱਲ ਸ਼ਾਇਦ ਬਿਹਾਰ ਦੀ ਜਨਤਾ ਦੇ ਦਿਲ ’ਚ ਘਰ ਕਰ ਗਈ। ਇਸ ਤੋਂ ਬਾਅਦ ਚੋਣ ਦੇ ਦਿਨ ਜੋ ਹੋਇਆ ਉਹ ਅੱਜ ਸਭ ਦੇ ਸਾਹਮਣੇ ਹੈ। ਇਸ ਜਿੱਤ ਨੇ ਨਾਲ ਬਿਹਾਰ ਦੀ ਸੱਤਾ ’ਚ ਐਨਡੀਏ ਲਗਾਤਾਰ ਚੌਥੀ ਵਾਰ ਵਿਰਾਜਮਾਨ ਹੋ ਜਾਵੇਗੀ।ਬਿਹਾਰ ’ਚ 243 ਵਿਧਾਨ ਸਭਾ ਦੀਆਂ ਸੀਟਾਂ ਹਨ ਅਤੇ ਬਹੁਮਤ ਹਾਸਲ ਕਰਨ ਲਈ 122 ਸੀਟਾਂ ਦੀ ਜ਼ਰੂਰਤ ਸੀ। ਜਿਸ ’ਤੇ ਐਨਡੀਏ ਨੇ ਕਬਜ਼ਾ ਕਰ ਲਿਆ ਹੈ।

ਵੋਟਾਂ ਦੀ ਗਿਣਤੀ ਸਵੇਰੇ 8 ਵਜੇ ਸ਼ੁਰੂ ਹੋਈ ਸੀ ਜੋ ਦੇਰ ਰਾਤ ਤੱਕ ਜਾਰੀ ਰਹੀ। ਸ਼ੁਰੂਆਤੀ ਰੁਝਾਨਾ ’ਚ ਸਭ ਤੋਂ ਪਹਿਲਾਂ ਯੂਪੀਏ ਨੇ ਬਹੁਮਤ ਹਾਸਲ ਕੀਤਾ ਪਰ ਜਿਵੇਂ ਜਿਵੇਂ ਓਡੰ ਮਸ਼ੀਨਾਂ ਦੀ ਗਿਣਤੀ ਵਧੀ ਤੇਜਸਵੀ ਯਾਦਵ ਦੀ ਪਾਰਟੀ ਹੇਠਾਂ ਆਉਂਦੀ ਗਈ। ਇਸ ਤੋਂ ਬਾਅਦ ਬੀਜੇਪੀ ਤੇ ਉਸ ਦੀ ਸਹਿਯੋਗੀ ਪਾਰਟੀਆਂ ਨੇ ਰੁਝਾਨਾਂ ’ਚ ਬਹੁਮਤ ਦਾ ਅੰਕੜਾ ਹਾਸਲ ਕਰ ਲਿਆ। ਇਸ ਦੌਰਾਨ ਚੋਣ ਕਮੀਸ਼ਨ ਨੂੰ ਵੀ ਸਹਾਮਣੇ ਆਉਣਾ ਪਿਆ ਤੇ ਚੋਣਾਂ ਦੀ ਗਿਣਤੀ ’ਚ ਦੇਰੀ ਦਾ ਕਾਰਨ ਦੱਸਣਾ ਪਿਆ। ਬਿਹਾਰ ਵਿਧਾਨ ਸਭਾ ਚੋਣਾਂ ’ਚ 4.12 ਕਰੋੜ ਦੇ ਕਰੀਬ ਵੋਟਾਂ ਪਈਆਂ ਸੀ।ਚੋਣਾਂ ਦੀ ਗਿਣਤੀ ’ਚ ਦੇਰੀ ਹੋ ਰਹੀ ਸੀ ਜਿਸ ਕਾਰਨ ਦੁਪਹਿਰ ਤਕ ਸਿਰਫ਼ 1 ਕਰੋੜ ਤੋਂ ਵੱਧ ਦੀ ਹੀ ਗਿਣਤੀ ਹੋ ਸਕੀ। ਗਿਣਤੀ ਲਈ 55 ਸੈਂਟਰ ’ਚ 414 ਹਾਲ ਬਣਾਏ ਗਏ ਸੀ। ਆਰਜੇਡੀ ਨੇ ਨਿਤੀਸ਼ ਕੁਮਾਰ ’ਤੇ ਧਾਂਦਲੀ ਕਰਨ ਦੇ ਵੀ ਇਲਜਾਮ ਲੱਗੇ। ਮੋਦੀ ਲਹਿਰ ਤੇ ਪਿਛਲੇ 15 ਸਾਲਾਂ ਤੋਂ ਨਿਤੀਸ਼ ਕੁਮਾਰ ਦੇ ਰਾਜ ਨੂੰ ਬਿਹਾਰ ਤੋਂ ਦੂਰ ਕਰਨ ਲਈ ਚੋਣਾਂ ਤੋਂ ਪਹਿਲਾਂ ਮਹਾਗੱਠਜੋੜ ਬਣਾਇਆ ਗਿਆ ਸੀ। ਜਿਸ ’ਚ ਸਹਿਮਤੀ ਬਣੀ ਸੀ ਕਿ ਆਰਜੇਡੀ 144 ਤੇ ਕਾਂਗਰਸ 70 ਸੀਟਾਂ ’ਤੇ ਚੋਣ ਲੜੇਗੀ। ਹਲਾਂਕਿ ਬਾਕੀ ਸੀਟਾਂ ਯੂਪੀਏ ਗਠਜੋੜ ’ਚ ਵੰਡ ਦਿੱਤੀਆਂ ਜਾਣਗੀਆਂ।

# ਆਈਏਐਸ ਦੀ ਤਿਆਰੀ ਦੌਰਾਨ ਕਿਵੇਂ ਪ੍ਰੇਰਿਤ ਰਹੋ ?



ਵਿਜੈ ਗਰਗ
ਐਕਸ ਪੀਈਐਸ-1

ਸਵਲ ਸੇਵਾਵਾਂ ਆਈਏਐਸ ਦੀ ਪ੍ਰੀਖਿਆ ਨੂੰ ਵਿਸ਼ਵ ਦੀ ਸਭ ਤੋਂ ਮੁਸ਼ਕਿਲ ਪ੍ਰੀਖਿਆਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ. ਇਹ ਸਿਰਫ ਪਰਖ ਕੀਤੇ ਜਾਣ ਵਾਲੇ ਵੱਖ ਵੱਖ ਵਿਸ਼ਿਆਂ ਦੇ ਗਿਆਨ ਦੇ ਕਾਰਨ ਹੀ ਨਹੀਂ, ਬਲਕਿ ਪੂਰੇ ਪ੍ਰੀਖਿਆ ਚੱਕਰ ਦੇ ਅਰਸੇ ਦੇ ਕਾਰਨ ਵੀ ਹੈ. ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐਸਸੀ) ਦੁਆਰਾ ਨੋਟੀਫਿਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਲੈ ਕੇ ਅੰਤਮ ਮੈਰਿਟ ਸੂਚੀ ਜਾਰੀ ਹੋਣ ਤੱਕ ਘੱਟੋ ਘੱਟ 15 ਮਹੀਨੇ ਲੱਗਦੇ ਹਨ. ਹੋਰ ਚੁਣੌਤੀਆਂ ਦੇ ਵਿੱਚ, ਆਪਣੀ ਪ੍ਰੇਰਣਾ ਨੂੰ ਕਾਇਮ ਰੱਖਣਾ, ਇਸ ਯਾਤਰਾ ਦੇ ਦੌਰਾਨ ਆਈਏਐਸ ਦੀ ਪ੍ਰੀਖਿਆ ਵਿੱਚ ਸਫਲਤਾ ਦਾ ਮੁੱਖ ਨਿਰਧਾਰਕ ਹੈ.

**1. ਉਦੇਸ਼ ਲੱਭੋ**

ਆਪਣੇ ਆਪ ਨੂੰ ਪ੍ਰਸ਼ਨ ਕਰੋ - "ਮੈਨੂੰ ਆਈਏਐਸ ਅਧਿਕਾਰੀ ਕਿਉਂ ਬਣਨਾ ਚਾਹੀਦਾ ਹੈ"? ਚੰਗੀ ਤਨਖਾਹ ਅਤੇ ਸਮਾਜਿਕ ਵੱਕਾਰ ਤੋਂ ਇਲਾਵਾ, ਭਾਰਤੀ ਪ੍ਰਬੰਧਕੀ ਸੇਵਾ (ਆਈ.ਏ.ਐੱਸ.) ਤੁਹਾਨੂੰ ਸਮਾਜ ਦੇ ਨੁਕਸਾਨ ਦੇ ਭਾਗਾਂ ਦੀ ਸੇਵਾ ਕਰਨ ਦੇ ਕਾਫ਼ੀ ਮੌਕੇ ਪ੍ਰਦਾਨ ਕਰਦੀ ਹੈ. ਬਹੁਤਿਆਂ ਲਈ, ਆਈਏਐਸ ਦੁਆਰਾ ਪੇਸ਼ ਕੀਤੇ ਗਏ ਇਹ ਅਵਸਰ ਪ੍ਰੇਰਕ ਵਜੋਂ ਕੰਮ ਕਰਦੇ ਹਨ.

**2. ਦਿਨ ਦੇ ਸੁਪਨੇ ਵੇਖਣ ਤੋਂ ਪਰਹੇਜ਼ ਕਰੋ**

ਬਹੁਤੇ ਵਾਰੀ, ਚਾਹਵਾਨ ਇੱਕ ਪੱਕਾ ਰਸਤਾ ਉਸਾਰਨ ਦੀ ਬਜਾਏ ਆਪਣੇ ਟੀਚਿਆਂ ਦੀ ਪ੍ਰਾਪਤੀ ਦੀ ਪਰੀ ਕਹਾਣੀ ਬਾਰੇ ਸੁਪਨੇ ਦੇਖਦੇ ਹਨ. ਆਈਏਐਸ ਅਧਿਕਾਰੀ ਹੋਣ ਬਾਰੇ ਕਲਪਨਾ ਕਰਨਾ ਚੀਜ਼ਾਂ ਨੂੰ ਬਦਲਣ ਵਾਲਾ ਨਹੀਂ ਹੈ. ਇਮਤਿਹਾਨ ਵਿੱਚ ਸਫਲ ਹੋਣ ਲਈ, ਇੱਕ ਲਾਜ਼ਮੀ ਯੋਜਨਾ ਅਤੇ ਇੱਕ ਚੱਲਣ ਵਾਲੀ ਤਿਆਰੀ ਰਣਨੀਤੀ ਹੋਣੀ ਚਾਹੀਦੀ ਹੈ. ਇੱਕ ਕਾਰਜਕਾਰੀ ਰਣਨੀਤੀ ਅਭਿਲਾਸ਼ਾ ਲਈ ਨਿਰੰਤਰ ਪ੍ਰੇਰਕ ਵਜੋਂ ਕੰਮ ਕਰਦੀ ਹੈ

**3. ਆਪਣੇ ਟੀਚੇ ਨੂੰ ਛੋਟੇ ਹਿੱਸਿਆਂ ਵਿਚ ਵੰਡੋ**

ਉਦਾਹਰਣ ਦੇ ਲਈ, ਜੇ ਤੁਹਾਡਾ ਟੀਚਾ 100 ਤੋਂ ਘੱਟ ਰੈਂਕ ਨੂੰ ਸੁਰੱਖਿਅਤ ਕਰਨਾ ਹੈ, ਤਾਂ ਤੁਹਾਡੇ ਕੋਲ ਵਿਸ਼ੇ ਅਨੁਸਾਰ ਨਿਸ਼ਾਨਾ ਵੀ ਹੋਣੇ ਚਾਹੀਦੇ ਹਨ. ਆਪਣੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦੇ ਅਧਾਰ ਤੇ, ਆਮ ਅਧਿਐਨ, ਵਿਕਲਪਿਕ ਵਿਸ਼ਾ ਅਤੇ ਇੰਟਰਵਿ. ਲਈ ਆਪਣੇ ਟੀਚਿਆਂ ਨੂੰ ਸਹੀ ਕਰੋ. ਟੀਚੇ ਨੂੰ ਕਾਗਜ਼ ਦੇ ਅਨੁਸਾਰ ਵੰਡੋ. ਇਹ ਤੁਹਾਨੂੰ ਪ੍ਰੀਖਿਆ ਦੀ ਤਿਆਰੀ ਦੇ ਪ੍ਰਬੰਧਨ ਵਿਚ ਹੀ ਨਹੀਂ ਬਲਕਿ ਲੰਬੇ ਸਮੇਂ ਲਈ ਪ੍ਰੇਰਣਾ ਨੂੰ ਕਾਇਮ ਰੱਖਣ ਵਿਚ ਵੀ ਸਹਾਇਤਾ ਕਰੇਗਾ.

**4. ਆਪਣੇ ਆਪ ਨੂੰ ਨਿਯਮਤ ਰੂਪ ਵਿੱਚ ਮੁਲਾਂਕਣ ਕਰੋ**

ਤੁਹਾਨੂੰ ਨਿਯਮਤ ਅੰਤਰਾਲਾਂ ਤੇ ਆਪਣੇ ਆਪ ਦਾ ਮੁਲਾਂਕਣ ਕਰਨਾ ਲਾਜ਼ਮੀ ਹੈ. ਆਪਣੇ ਆਪ ਨੂੰ ਰੋਜ਼ਾਨਾ, ਹਫਤਾਵਾਰੀ ਅਤੇ ਮਾਸਿਕ ਅਧਾਰ 'ਤੇ ਅਭਿਆਸ ਅਤੇ ਮਖੌਲ ਦੇ ਟੈਸਟਾਂ ਦੁਆਰਾ ਟੈਸਟ ਕਰਨ ਲਈ ਲੋੜੀਂਦਾ ਸਮਾਂ ਨਿਰਧਾਰਤ ਕਰੋ. ਇਹ ਤੁਹਾਡੀ ਤਿਆਰੀ ਲਈ ਫੀਡਬੈਕ ਵਿਧੀ ਵਜੋਂ ਕੰਮ ਕਰੇਗਾ ਅਤੇ ਤੁਹਾਡੀਆਂ ਗਲਤੀਆਂ ਨੂੰ ਦੂਰ ਕਰਨ ਵਿਚ ਸਹਾਇਤਾ ਕਰੇਗਾ. ਜਦੋਂ ਤੁਸੀਂ ਆਪਣੀ ਤਿਆਰੀ ਵਿਚ ਤਰੱਕੀ ਦੇਖਦੇ ਹੋ, ਤਾਂ ਇਹ ਤੁਹਾਡੇ ਲਈ ਪ੍ਰੇਰਕ ਵਜੋਂ ਕੰਮ ਕਰੇਗਾ.

**5. 'ਹੁਣ' 'ਤੇ ਧਿਆਨ ਦਿਓ**

'ਹੁਣ' ਦੀ ਸ਼ਕਤੀ ਦਾ ਅਹਿਸਾਸ ਕਰੋ। ਆਪਣੇ ਵਿਚਾਰਾਂ ਨੂੰ ਮੌਜੂਦਾ ਸਮੇਂ ਵਿੱਚ ਲਗਾਓ. ਜਦੋਂ ਕਿ ਪਿਛਲੇ ਸਮੇਂ ਦੀਆਂ ਅਸਫਲਤਾਵਾਂ ਬਾਰੇ ਸੋਚਣਾ ਤਣਾਅ ਦਾ ਕਾਰਨ ਬਣਦਾ ਹੈ, ਭਵਿੱਖ ਬਾਰੇ ਬਹੁਤ ਸਾਰੇ ਵਿਚਾਰ ਚਿੰਤਾ ਵੱਲ ਲੈ ਜਾਂਦੇ ਹਨ. ਇਸ ਲਈ, ਚਾਹਵਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਮੌਜੂਦ ਰਹਿਣ ਅਤੇ ਦਿਨ ਦੇ ਸ਼ਡਿਊਲ ਤੇ ਰਹਿਣ. ਜੇ ਤੁਸੀਂ ਇਸ ਨੂੰ ਧਾਰਮਿਕ ਢੰਗ ਨਾਲ ਕਰਦੇ ਹੋ, ਤਾਂ ਤਿਆਰੀ ਦਾ ਕੰਮ ਖੁਦ ਤੁਹਾਡੇ ਲਈ ਪ੍ਰੇਰਕ ਬਣ ਜਾਵੇਗਾ. ਜਦ ਕਿ, ਤਿਆਰੀ ਦਾ ਨਤੀਜਾ ਤੁਹਾਡੇ ਲਈ ਘੱਟੋ ਘੱਟ ਚਿੰਤਾ ਨਹੀਂ ਹੋਵੇਗਾ.

**6. ਸਿਹਤ ਧਨ ਹੈ**

ਆਪਣੇ ਸਰੀਰ ਅਤੇ ਦਿਮਾਗ ਨੂੰ ਨਿਰੰਤਰ ਅਧਾਰ ਤੇ ਪ੍ਰੀਖਿਆ ਲਈ ਤਿਆਰ ਕਰੋ. ਯਾਦ ਰੱਖੋ ਕਿ ਇੱਕ ਮਜ਼ਬੂਤ ਮਨ ਸਿਰਫ ਇੱਕ ਮਜ਼ਬੂਤ ਸਰੀਰ ਵਿੱਚ ਹੁੰਦਾ ਹੈ. ਦਿਨ ਵਿਚ ਘੱਟੋ ਘੱਟ 45 ਮਿੰਟ ਸਰੀਰਕ ਅਤੇ ਮਾਨਸਿਕ ਅਭਿਆਸਾਂ ਲਈ ਬਤੀਤ ਕਰੋ. ਚੰਗੀ ਸਿਹਤ ਤੁਹਾਨੂੰ ਚੰਗੀ ਰੂਹ ਵਿਚ ਰੱਖਦੀ ਹੈ ਅਤੇ ਹਰ ਸਮੇਂ ਭਿਆਨਕ ਆਈਏਐਸ ਪ੍ਰੀਖਿਆ ਦੀ ਤਿਆਰੀ ਲਈ ਪ੍ਰੇਰਣਾ ਬਣਾਈ ਰੱਖਣ ਵਿਚ ਤੁਹਾਡੀ ਮਦਦ ਕਰਦੀ ਹੈ।

ਹਮੇਸ਼ਾਂ ਯਾਦ ਰੱਖੋ ਕਿ ਆਈਏਐਸ ਪ੍ਰੀਖਿਆ ਨੂੰ ਪਾਸ ਕਰਨ ਲਈ ਗਿਆਨ ਕਾਫ਼ੀ ਨਹੀਂ ਹੈ. ਭਰਤੀ ਪ੍ਰਕਿਰਿਆ ਦੋ ਸਾਲਾਂ ਦੀ ਮਿਆਦ ਵਿੱਚ ਤੁਹਾਡੇ ਧੀਰਜ ਅਤੇ ਅਨੁਸ਼ਾਸਨ ਦੀ ਜਾਂਚ ਲਈ ਤਿਆਰ ਕੀਤੀ ਗਈ ਹੈ ਜਿਸ ਲਈ ਪ੍ਰੇਰਣਾ ਜ਼ਰੂਰੀ ਹੈ. ਅਸੀਂ ਆਸ ਕਰਦੇ ਹਾਂ ਕਿ ਉਪਰੋਕਤ ਦੱਸੇ ਗਏ ਸੁਝਾਅ ਆਈਏਐਸ ਪ੍ਰੀਖਿਆ ਦੀ ਤਿਆਰੀ ਦੌਰਾਨ ਤੁਹਾਨੂੰ ਪ੍ਰੇਰਿਤ ਰਹਿਣ ਵਿੱਚ ਸਹਾਇਤਾ ਕਰਨਗੇ.

# ਐਨਟੀਐਸਈ ਸਕਾਲਰ ਬਣਨ ਲਈ ਬਿਹਤਰ ਕਾਰਗੁਜ਼ਾਰੀ ਦੇ ਨਾਲ ਪ੍ਰੇਰਣਾ ਦੀ ਕਿਉ ਲੋੜ ਹੈ? ਵਿਜੈ ਗਰਗ

ਰਾਸ਼ਟਰੀ ਪ੍ਰਤਿਭਾ ਖੋਜ ਪ੍ਰੀਖਿਆ (ਐਨਟੀਐਸਈ) ਭਾਰਤ ਵਿੱਚ ਇੱਕ ਰਾਸ਼ਟਰੀ ਪੱਧਰੀ ਸਕਾਲਰਸ਼ਿਪ ਪ੍ਰੋਗਰਾਮ ਹੈ. ਇਹ ਵਿਦਿਆਰਥੀਆਂ ਦੀ ਸਮਰੱਥਾ ਨੂੰ ਪਛਾਣਨ ਅਤੇ ਟੈਪ ਕਰਨ ਦੀ ਕੋਸ਼ਿਸ਼ ਹੈ. . ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਨਸੀਈਆਰਟੀ) ਆਯੋਜਿਤ ਕਰਦੀ ਹੈ ਇਸ ਨੂੰ ਇਕ ਬਹੁਤ ਹੀ ਵੱਕਾਰੀ ਪ੍ਰੀਖਿਆ ਮੰਨਿਆ ਜਾਂਦਾ ਹੈ. ਹਰ ਸਾਲ ਇਸ ਸਕਾਲਰਸ਼ਿਪ ਦੀ ਪ੍ਰੀਖਿਆ ਲਈ ਤਕਰੀਬਨ 80 ਲੱਖ ਵਿਦਿਆਰਥੀ ਆਉਂਦੇ ਹਨ, ਜਿਨ੍ਹਾਂ ਵਿਚੋਂ 2000 ਸਕ-ਾਲਰਸ਼ਿਪ ਦਿੱਤੀ ਜਾਂਦੀ ਹੈ। ਵਜ਼ੀਫ਼ਾ ਸਿਰਫ ਭਾਰਤੀ ਕੌਮੀਅਤ ਦੇ ਵਿਦਿਆਰਥੀਆਂ ਲਈ ਖੁੱਲ੍ਹਾ ਹੈ. ਦਸਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਸ਼ਾਮਲ ਹੋਣ ਦੇ ਯੋਗ ਹਨ। ਇਸ ਲੇਖ ਵਿਚ, ਅਸੀਂ ਤੁਹਾਡੇ ਨਾਲ ਐਨਟੀਐਸਈ ਟੌਪਰ ਬਣਨ ਲਈ ਚੋਟੀ ਦੇ ਸੁਝਾਅ ਸਾਂਝੇ ਕਰਾਂਗੇ।

ਇਸ ਤੋਂ ਪਹਿਲਾਂ ਕਿ ਅਸੀਂ ਇਨ੍ਹਾਂ ਇਮਤਿਹਾਨਾਂ ਨੂੰ ਪੱਕਾ ਕਰਨ ਦੀਆਂ ਚਾਲਾਂ ਵਿਚ ਡੂੰਘੀ ਡੁੱਬ ਸਕੀਏ, ਆਓ ਜਲਦੀ ਆਓ ਆਪਾਂ ਬੇਸਿਕ ਗੱਲਾਂ ਨੂੰ ਸਮਝਣ ਵਿਚ ਸਹਾਇਤਾ ਲਈ ਵੱਖ ਵੱਖ ਐਨਟੀਐਸਈ ਟੈਸਟਾਂ ਵੱਲ ਝਾਤ ਮਾਰੀਏ.

ਦਸਵੀਂ ਜਮਾਤ ਲਈ ਪ੍ਰੀਖਿਆਵਾਂ ਦੋ ਪੱਧਰਾਂ 'ਤੇ ਕਰਵਾਈਆਂ ਜਾਂਦੀਆਂ ਹਨ:

ਪਹਿਲਾ ਪੱਧਰ

**ਸਕਾਲਿਸਟਿਕ ਐਪਟੀਟਿਉਚ ਟੈਸਟ (ਂਓਠ)**

ਇਸ ਪਰੀਖਿਆ ਵਿੱਚ ਮਲਟੀਪਲ-ਵਿਕਲਪ ਪ੍ਰਸ਼ਨ ਹਨ, ਜਿੱਥੇ ਇੱਕ ਵਿਕਲਪ ਸਹੀ ਹੈ. ਹਾਲਾਂਕਿ, ਇਸਦਾ ਮੇਲ ਵੀ ਹੋ ਸਕਦਾ ਹੈ, ਕ੍ਰਮ ਦਾ ਪ੍ਰਬੰਧ ਕਰੋ, ਸਹੀ ਅਤੇ ਗਲਤ ਬਿਆਨ ਅਤੇ ਅੰਸ਼ਾਂ ਦੇ ਅਧਾਰ ਤੇ ਪ੍ਰਸ਼ਨ. ਇਹ ਵਿਚਾਰ ਉ-ਮੀਦਵਾਰਾਂ ਦੀ ਤਰਕ ਯੋਗਤਾ ਅਤੇ ਤਰਕਸ਼ੀਲ ਸੋਚ ਦਾ ਮੁਲਾਂਕਣ ਕਰਨਾ ਹੈ.

**ਮਾਨਸਿਕ ਯੋਗਤਾ ਟੈਸਟ (ਮੈਟ)**

ਇਸ ਵਿਚ ਐਨਾਲਾਗ, ਵਰਗੀਕਰਣ, ਲੜੀਵਾਰ, ਪੈਟਰਨ ਧਾਰਣਾ, ਲੁਕਵੇਂ ਅੰਕੜੇ, ਕੋਡਿੰਗ-ਡੀਕੋਡਿੰਗ, ਬਲਾਕ ਅਸੈਂਬਲੀ, ਸਮੱਸਿਆ ਹੱਲ ਕਰਨਾ ਆਦਿ ਬਾਰੇ ਕਈ ਤਰ੍ਹਾਂ ਦੇ ਪ੍ਰਸ਼ਨ ਹਨ. ਇਥੇ, ਟੀਚਾ ਤਰਕ ਦੀ ਸ਼ਕਤੀ, ਨਿਰਣਾ ਕਰਨ ਦੀ ਯੋਗਤਾ, ਮੁਲਾਂਕਣ, ਉਮੀਦਵਾਰਾਂ ਦੇ ਸਥਾਨ, ਸਥਾਨਿਕ ਰੁਝਾਨ, ਆਦਿ ਵਿੱਚ ਕਲਪਨਾ ਕਰੋ.

ਦੂਜਾ ਪੱਧਰ

ਐਨ.ਸੀ.ਈ.ਆਰ.ਟੀ. ਦੁਆਰਾ ਸਟੇਜ 2 ਦੀਆਂ ਪ੍ਰੀਖਿਆਵਾਂ ਦੇ ਇੱਕ ਨਵੇਂ ਪੈਟਰਨ ਦੀ ਘੋਸ਼ਣਾ ਕੀਤੀ ਗਈ ਹੈ. ਇਮਤਿਹਾਨ ਦਾ ਇਹ ਪੱਧਰ ਵਿਦਿਆਰਥੀਆਂ ਦੀਆਂ ਉਨ੍ਹਾਂ ਦੀਆਂ ਮਾਨਸਿਕ ਯੋਗਤਾਵਾਂ, , ਵਿਦਿਅਕ ਰੁਝਾਨਾਂ ਅਤੇ ਸਮਾਜਿਕ ਵਿਗਿਆਨ ਸੰਬੰਧੀ ਸਮਰੱਥਾ ਦੀ ਪਰਖ ਕਰਦਾ ਹੈ

ਸਕਾਲਰਸ਼ਿਪ ਇਨਾਮ

ਵਿਦਿਆਰਥੀ ਜੋ ਦੂਜੇ ਪੜਾਅ ਦੀਆਂ ਪ੍ਰੀਖਿਆਵਾਂ ਨੂੰ ਖਤਮ ਕਰਦੇ ਹਨ ਉਹ ਐਨਟੀਐਸਈ ਸਕਾਲਰਸ਼ਿਪ ਲਈ ਯੋਗ ਹਨ. ਇਸ ਤੋਂ ਇਲਾਵਾ, ਇੱਥੇ ਮਾਪਿਆਂ ਦੀ ਆਮਦਨੀ, ਸਰਕਾਰੀ ਸਕੂਲ, ਨਿਵਾਸ, ਆਦਿ ਵਰਗੀਆਂ ਕੋਈ ਪਾਬੰਦੀਆਂ ਨਹੀਂ ਹਨ. ਹਾਲਾਂਕਿ, ਜੇ ਵਿਦਿਆਰਥੀ ਪੜ੍ਹਾਈ ਲਈ ਵਿਦੇਸ਼ ਜਾਂਦਾ ਹੈ, ਤਾਂ ਵਜ਼ੀਫ਼ਾ ਨਹੀਂ ਦਿੱਤਾ ਜਾਵੇਗਾ।

ਇੰਨੇ ਉੱਚੇ ਹਿੱਸੇਦਾਰੀ ਅਤੇ ਮੁਕਾਬਲਾ ਇੰਨਾ ਸਖਤ ਹੋਣ ਦੇ ਨਾਲ, ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਕੁਝ ਸੁਝਾਅ ਇਹ ਹਨ ਕਿ ਕਿਵੇਂ ਐਨਟੀਐਸਈ ਦੀਆਂ ਪ੍ਰੀਖਿਆਵਾਂ ਨੂੰ ਕ੍ਰੈਕ ਕਰਨਾ ਹੈ.

**ਐਨਟੀਐਸਈ ਸਕਾਲਰ ਬਣਨ ਦੇ ਸੁਝਾਅ**

**ਆਪਣੀਆਂ ਤਾਕਤਾਂ ਅਤੇ ਕਮਜ਼ੋਰੀਆਂ ਨੂੰ ਜਾਣੋ**

ਆਪਣੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਨੂੰ ਜਾਣਨਾ ਜ਼ਰੂਰੀ ਹੈ. ਜਿਵੇਂ ਕਿ ਜੇ ਤੁਸੀਂ ਗਣਿਤ ਅਤੇ ਵਿਗਿਆਨ ਵਿੱਚ ਮਜ਼ਬੂਤ ਹੋ ਪਰ ਸਮਾਜਿਕ ਵਿਗਿਆਨ ਵਿੱਚ ਕਮਜ਼ੋਰ ਹੈ ਤਾਂ ਤੁਸੀਂ ਆਪਣੀਆਂ ਕਮਜ਼ੋਰੀਆਂ ਨੂੰ ਸਮੁੱਚੇ ਚੰਗੇ ਅੰਕ ਲਈ ਤਾਕਤ ਵਿੱਚ ਬਦਲ ਸਕਦੇ ਹੋ।

ਐਨਸੀਈਆਰਟੀ ਦੀਆਂ ਕਿਤਾਬਾਂ ਦੀ ਪਾਲਣਾ ਕਰੋ

ਐਨਟੀਐਸਈ ਦੀ ਤਿਆਰੀ ਲਈ ਨੌਵੀਂ ਅਤੇ ਦਸਵੀਂ ਜਮਾਤ ਦੀਆਂ ਐਨਸੀਈਆਰਟੀ ਦੀਆਂ ਕਿਤਾਬਾਂ ਦੀ ਪਾਲਣਾ ਕਰੋ. ਜੀਵ ਵਿਗਿਆਨ ਦੀਆਂ ਕੁਝ ਧਾਰਨਾਵਾਂ ਲਈ, ਐਨਸੀਈਆਰਟੀ ਕਲਾਸ ਬਾਰ੍ਹਵੀਂ ਜੀਵ ਵਿਗਿਆਨ ਦੀ ਪਾਠ ਪੁਸਤਕ ਵੇਖੋ (ਸਿਰਫ ਉਹ ਹਿੱਸੇ ਜੋ ਾਂਯ ਅਤੇ ਯ ਕਲਾਸ ਦੇ ਪਾਠਕ੍ਰਮ ਨਾਲ ਸੰਬੰਧਿਤ ਹਨ). ਇਹ ਜ਼ਰੂਰੀ ਹੈ ਕਿ ਐਨਟੀ-ਐਸਈ ਲਈ ਸੋਸ਼ਲ ਸਟੱਡੀਜ਼ ਐਨਸੀਈਆਰਟੀ ਕਿਤਾਬ ਦੀ ਪੂਰੀ ਤਰ੍ਹਾਂ ਅਧਿਐਨ ਕਰਨਾ.

**ਆਪਣੇ ਮੈਟ ਸੈਕਸ਼ਨ ਨੂੰ ਮਜ਼ਬੂਤ ਕਰੋ**

ਮੈਟ ਸੈਕਸ਼ਨ ਤੁਹਾਡੀ ਮਾਨਸਿਕ ਯੋਗਤਾ ਦੀ ਜਾਂਚ ਕਰਦਾ ਹੈ. ਇਸ ਲਈ, ਤੁਹਾਨੂੰ ਇਸ ਭਾਗ ਦੀ ਤਿਆਰੀ ਲਈ ਲੋੜੀਂਦਾ ਸਮਾਂ ਦੇਣਾ ਚਾਹੀਦਾ ਹੈ.

**ਤੁਹਾਡੇ ਸੈੱਟ ਭਾਗ ਤੇ ਕੰਮ ਕਰੋ**

ਐਨਟੀਐਸਈ ਦੇ ਵਿਦਿਅਕ ਯੋਗਤਾ ਭਾਗ ਲਈ ਐਨਸੀਈਆਰਟੀ ਦੀ ਪਾਲਣਾ ਕਰੋ. 'ਕੋਰਸ ਤੋਂ ਬਾਹਰ' ਪ੍ਰਸ਼ਨਾਂ ਲਈ ਤੁਹਾਨੂੰ ਇੱਕ ਚੰਗੀ ਆਮ ਗਿਆਨ ਦੀ ਕਿਤਾਬ ਜ਼ਰੂਰ ਪੜਨੀ ਚਾਹੀਦੀ ਹੈ

**ਨਮੂਨੇ ਦੇ ਪੇਪਰ ਹੱਲ ਕਰੋ**

ਤੁਹਾਨੂੰ ਹਫਤੇ ਵਿੱਚ ਘੱਟੋ ਘੱਟ ਤਿੰਨ ਵਾਰ ਨਮੂਨੇ ਦੇ ਬਹੁਤ ਸਾਰੇ ਪੇਪਰਾਂ ਅਤੇ ਮਖੌਲ ਦੇ ਟੈਸਟਾਂ ਨੂੰ ਹੱਲ ਕਰਨਾ ਚਾਹੀਦਾ ਹੈ. ਇੰਟਰਨੈਟ ਤੇ ਬਹੁਤ ਸਾਰੇ ਐਨਟੀਐਸਈ ਦੇ ਮਖੌਲ ਪੱਤਰ ਉਪਲਬਧ ਹਨ. ਤੁਹਾਨੂੰ ਇਨ੍ਹਾਂ ਕਾਗਜ਼ਾਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਹੱਲ ਕਰਨ ਦਾ ਟੀਚਾ ਰੱਖਣਾ ਚਾਹੀਦਾ ਹੈ ਤਾਂ ਜੋ ਤੁਸੀਂ ਆਪਣੀ ਗਤੀ ਨੂੰ ਬਿਹਤਰ ਬਣਾ ਸਕੋ ਅਤੇ ਉਨ੍ਹਾਂ ਭਾਗਾਂ ਨੂੰ ਜਾਣ ਸਕੋ ਜੋ ਵਧੇਰੇ ਸਮੇਂ ਦੀ ਖਪਤ ਕਰਦੇ ਹਨ.

**ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰੋ**

ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਮਿੰਟ ਦਾ ਮੁਲਾਂਕਣ ਕਰੋ ਕਿ ਤੁਸੀਂ ਕੀ ਕਰ ਸਕਦੇ ਹੋ ਅਤੇ ਤੁਹਾਨੂੰ ਕਿਹੜਾ ਮੁਸ਼ਕਲ ਹੋਇਆ ਸੀ. ਕੀ ਇਹ ਵਿਸ਼ਾ ਸਮਝਣ ਦੀ ਤੁਹਾਡੀ ਘਾਟ ਸੀ? ਜਾਂ ਕੀ ਤੁਸੀਂ ਬੇਵਕੂਫ਼ੀਆਂ ਗ਼ਲਤੀਆਂ ਕਰਕੇ ਸਕੋਰ ਨੂੰ ਗੁਆ ਲਿਆ ਹੈ? ਇਹ ਜੋ ਵੀ ਹੈ, ਸਿਰਫ ਆਪਣੀ ਕਾਰਗੁਜ਼ਾਰੀ ਦਾ ਬਹੁਤ ਆਲੋਚਨਾਤਮਕ ਵਿਸ਼ਲੇਸ਼ਣ ਕਰੋ।

ਖੋਜ ਲਾਗੂ ਕਰੋ

ਇਕ ਵਾਰ ਜਦੋਂ ਤੁਸੀਂ ਆਪਣੇ ਕਮਜ਼ੋਰ ਬਿੰਦੂਆਂ ਨੂੰ ਜਾਣ ਲੈਂਦੇ ਹੋ, ਤਾਂ ਯੋਜਨਾ ਬਣਾਓ. ਜੇ ਲੋੜ ਪਵੇ ਤਾਂ ਵਿਸ਼ੇ ਦੇ ਅਧਿਐਨ ਅਤੇ ਸੰਸ਼ੋਧਨ ਕਰੋ. ਪ੍ਰੀਖਿਆ ਦੇ ਵੱਖ ਵੱਖ ਭਾਗਾਂ ਲਈ ਸਮਾਂ ਨਿਰਧਾਰਤ ਕਰੋ.

**ਸਵੈ-ਅਧਿਐਨ ਮਹੱਤਵਪੂਰਨ ਹੈ**

ਕਿਸੇ ਵੀ ਪ੍ਰੀਖਿਆ ਨੂੰ ਸਾਫ ਕਰਨ ਲਈ, ਸਵੈ-ਅਧਿਐਨ ਦੀ ਇੱਕ ਵਿਨੀਤ ਮਾਤਰਾ ਮਹੱਤਵਪੂਰਨ ਹੈ. ਇਹ ਇਕ ਐਨਟੀਐਸਈ ਵਿਦਵਾਨ ਬਣਨ ਦੇ ਸਾਰੇ ਸੁਝਾਆਂ ਵਿਚੋਂ ਇਕ ਸਭ ਤੋਂ ਮੁਢੱਲਾ ਅਤੇ ਮਹੱਤਵਪੂਰਣ ਹੈ।

ਕਿਸੇ ਨੂੰ ਇਸ ਮੁਕਾਬਲੇ ਵਾਲੀ ਪ੍ਰੀਖਿਆ ਨੂੰ ਦਰਸਾਉਣ ਲਈ ਘੱਟੋ ਘੱਟ 3-4 ਘੰਟੇ ਸਵੈ-ਸਿਖਲਾਈ ਲਈ ਲਗਾਉਣੇ ਚਾਹੀਦੇ ਹਨ.

**ਅਭਿਆਸ, ਅਭਿਆਸ ਅਤੇ ਹੋਰ ਅਭਿਆਸ**

ਅੰਤ ਵਿੱਚ, ਨਿਯਮਤ ਅਭਿਆਸ ਉਹ ਹੈ ਜੋ ਤੁਹਾਨੂੰ ਪ੍ਰਾਪਤ ਕਰੇਗਾ. ਮਾਨਸਿਕ ਯੋਗਤਾ ਦੇ ਵੱਧ ਤੋਂ ਵੱਧ ਪ੍ਰਸ਼ਨਾਂ ਨੂੰ ਹੱਲ ਕਰੋ ਤਾਂ ਜੋ ਪ੍ਰੀਖਿਆ ਵਾਲੇ ਦਿਨ ਤੁਹਾਨੂੰ ਹੈਰਾਨ ਨਾ ਹੋਵੇ. ਆਪਣੇ ਸਕੂਲ ਬਜ਼ੁਰਗਾਂ ਅਤੇ ਅਧਿਆਪਕਾਂ ਦੀ ਸਹਾਇਤਾ ਲਓ. ਅਭਿਆਸ ਦੇ ਨਾਲ, ਤੁਸੀਂ ਆਪਣੀ ਗਤੀ, ਵਿਸ਼ਾ ਗਿਆਨ ਅਤੇ ਸ਼ੁੱਧਤਾ ਬਾਰੇ ਵੀ ਵਧੇਰੇ ਵਿਸ਼ਵਾਸ ਪ੍ਰਾਪਤ ਕਰੋਗੇ।

ਬੱਸ ਯਾਦ ਰੱਖੋ ਕਿ ਤੁਹਾਨੂੰ ਮੁਕਾਬਲਾ ਕਰਨ ਅਤੇ ਉੱਤਮਤਾ ਪ੍ਰਾਪਤ ਕਰਨ ਲਈ ਸਭ ਜਾਣਨ ਦੀ ਜ਼ਰੂਰਤ ਨਹੀਂ ਹੈ. ਤੁਸੀਂ ਸਿਰਫ ਇੱਕ ਸਧਾਰਣ ਉਮੀਦਵਾਰ ਹੋ ਸਕਦੇ ਹੋ ਅਤੇ ਐਨਟੀਐਸਈ ਸਕਾਲਰ ਬਣਨ ਲਈ ਇਨ੍ਹਾਂ ਸੁਝਾਆਂ ਦੀ ਪਾਲਣਾ ਕਰੋ. ਕਈ ਵਾਰ, ਜ਼ਿੰਦਗੀ ਵਿਚ ਸਫਲ ਹੋਣ ਲਈ ਹਰ ਰੋਜ਼ ਦੀਆਂ ਆਦਤਾਂ ਵਿਚ ਥੋੜ੍ਹਾ ਬਦਲਾਅ ਆਉਂਦਾ ਹੈ।

# ਮਾਂ-ਬੋਲੀ ਹੀ ਹਰ ਵਿਅਕਤੀ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਸਭ ਤੋਂ ਉੱਤਮ ਜਰੀਆ ਵਿਜੈ ਗਰਗ

ਮਾਂ ਬੋਲੀ ਉਹ ਭਾਸ਼ਾ ਹੁੰਦੀ ਹੈ ਜਿਸ ਨੂੰ ਇਨਸਾਨ ਜਨਮ ਤੋਂ ਸਿੱਖਦਾ ਹੈ। ਜਾਂ ਜਿਸ ਨੂੰ ਇਨਸਾਨ ਆਪਣੀ ਮਾਂ ਤੋਂ ਸਿਖਦਾ ਹੈ। ਜਾਂ ਜਿਸ ਨੂੰ ਓਹ ਸਭ ਤੋਂ ਚੰਗੀ ਤਰ੍ਹਾਂ ਜਾਣਦਾ ਹੈ। ਕਈ ਮੁਲਕਾਂ ਵਿੱਚ ਮਾਂ ਬੋਲੀ ਕਿਸੇ ਖ਼ਾਸ ਲੋਕ-ਸਮੂਹ ਦੀ ਬੋਲੀ ਨੂੰ ਵੀ ਕਿਹਾ ਜਾਂਦਾ ਹੈ। ਕਦੇ-ਕਦੇ, "ਮਾਤ ਭਾਸ਼ਾ" ਜਾਂ "ਮਾਂ ਦੀ ਭਾਸ਼ਾ" ਦੀ ਵਰਤੋਂ ਉਸ ਭਾਸ਼ਾ ਲਈ ਕੀਤੀ ਜਾਂਦੀ ਹੈ ਜੋ ਇੱਕ ਵਿਅਕਤੀ ਨੇ ਘਰ ਵਿੱਚ ਬੱਚੇ (ਆਮ ਤੌਰ ਤੇ ਆਪਣੇ ਮਾਤਾ-ਪਿਤਾ ਤੋਂ) ਦੇ ਤੌਰ ਤੇ ਸਿੱਖੀ ਹੁੰਦੀ ਹੈ। ਦੋਭਾਸ਼ੀ ਘਰਾਂ ਵਿੱਚ ਵੱਡੇ ਹੋ ਰਹੇ ਬੱਚਿਆਂ ਦੀਆਂ, ਇਸ ਪਰਿਭਾਸ਼ਾ ਦੇ ਅਨੁਸਾਰ, ਇੱਕ ਤੋਂ ਜਿਆਦਾ ਮਾਤ ਭਾਸ਼ਾਵਾਂ ਜਾਂ ਮੂਲ ਭਾਸ਼ਾਵਾਂ ਹੋ ਸਕਦੀਆਂ ਹਨ।

ਮਾਂ ਬੋਲੀ ਤੋਂ ਬਿਨਾਂ ਜੋ ਬੋਲੀ ਇਨਸਾਨ ਬੋਲਦਾ ਹੈ ਉਸਨੂੰ ਦੂਜੀ ਭਾਸ਼ਾ ਆਖਦੇ ਹਨ।

**ਅਹਿਮੀਅਤ ਸੋਧੋ**

ਮਾਂ ਬੋਲੀ ਕਿਸੇ ਇਨਸਾਨ ਦੀ ਨਿੱਜੀ, ਸਮਾਜਿਕ ਅਤੇ ਸੱਭਿਆਚਾਰਕ ਪਛਾਣ ਹੁੰਦੀ ਹੈ। ਮਾਂ ਬੋਲੀ ਕਿਸੇ ਦੀ ਸਿੱਖਿਆ ਦਾ ਹਿੱਸਾ ਹੀ ਨਹੀਂ ਸਗੋਂ ਚਾਰੇ ਪਾਸੇ ਤੋਂ ਉਸ 'ਤੇ ਭਾਰੂ ਹੁੰਦੀ ਹੈ।

ਮਨੁੱਖੀ ਸਮਾਜਾਂ ਦੀ ਚੇਤਨਾ ਦੇ ਤੇਜ਼ੀ ਨਾਲ ਵਿਕਾਸ ਦੀਆਂ ਸੰਭਾਵਨਾਵਾਂ ਉਨ੍ਹਾਂ ਦੀਆਂ ਮਾਤ ਭਾਸ਼ਾਵਾਂ ਰਾਹੀਂ ਹੀ ਵਧੇਰੇ ਪਨਪਦੀਆਂ ਹਨ। ਮਾਤ ਭਾਸ਼ਾ ਰਾਹੀਂ ਹੀ ਮਨੁੱਖ ਆਪਣੇ ਕੌਮੀ ਇਤਿਹਾਸ ਤੇ ਮਿਥਿਹਾਸ ਤੋਂ ਜਾਣੂ ਹੁੰਦਾ ਹੈ। ਮਾਤ ਭਾਸ਼ਾ ਹੀ ਬੱਚੇ ਨੂੰ ਆਪਣੇ ਘਰ, ਪਰਿਵਾਰ, ਭਾਈਚਾਰੇ ਅਤੇ ਮੁਲਕKਕੌਮ ਨਾਲ ਜੋੜਦੀ ਹੈ। ਮਾਂ ਦੀ ਤਰ੍ਹਾਂ ਹੀ ਮਾਂ-ਬੋਲੀ ਹੀ ਹਰ ਵਿਅਕਤੀ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਸਭ ਤੋਂ ਉੱਤਮ ਵਸੀਲਾ ਹੈ।

# ਡਾ. ਅੰਬੇਡਕਰ ਸਪੋਰਟਸ ਕਲੱਬ ਧੁਦਿਆਲ ਵਲੋਂ ਪਹਿਲੀ ਫੁੱਟਬਾਲ ਲੀਗ ਸੰਪੰਨ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)-** ਡਾ. ਬੀ ਆਰ ਅੰਬੇਡਕਰ ਸਪੋਰਟਸ ਕਲੱਬ ਧੁਦਿਆਲ ਵਲੋਂ ਪਹਿਲੀ ਫੁੱਟਬਾਲ ਲੀਗ ਧੂਮਧਾਮ ਨਾਲ ਕਰਵਾਈ ਗਈ। ਕਲੱਬ ਮੈਂਬਰ ਬੰਟੀ, ਲੱਕੀ, ਅਮਨਾ, ਬੌਬੀ, ਅਵੀ, ਪਵਨ, ਰਾਣਾ, ਸਤਨਾਮ, ਕੁਲਦੀਪ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ। ਇਸ ਫੁੱਟਬਾਲ ਲੀਗ ਵਿਚ 8 ਟੀਮਾਂ ਨੇ ਭਾਗ ਲਿਆ। ਫਾਈਨਲ ਮੁਕਾਬਲਾ ਕੌਹਜਾ ਅਤੇ ਪੰਡੋਰੀ ਨਿੱਝਰਾਂ ਵਿਚਕਾਰ ਹੋਇਆ, ਜਿਸ ਵਿਚ ਕੌਹਜਾ ਦੀ ਟੀਮ ਵਿਨਰ ਟਰਾਫੀ ਦੇ ਕਾਬਜ ਹੋਈ, ਜਿਸ ਨੂੰ 5100/ ਅਤੇ ਸੈਕਿੰਡ ਟੀਮ ਨੂੰ 3100/ ਦੀ



ਨਗਦ ਰਾਸ਼ੀ ਨਾਲ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਮੇਜਬਾਨ ਧੁਦਿਆਲ ਦੀ ਟੀਮ ਤੀਜੇ ਸਥਾਨ ਤੇ ਰਹੀ। ਇਨਾਮਾਂ ਦੀ ਵੰਡ ਸਰਪੰਚ ਸਾਬੀ ਹੁੰਦਲ ਅਤੇ ਸਾਬਕਾ ਸਰਪੰਚ ਕੈਪਟਨ ਗੁਰਮੇਲ ਪਾਲ ਸਿੰਘ ਵਲੋਂ ਕੀਤੀ ਗਈ। ਇਸ ਮੌਕੇ ਇੰਜ. ਜੀਤ ਸਿੰਘ, ਡਾ. ਜਸਵੀਰ ਪੰਚ, ਡਾ. ਜਸਪਾਲ ਪੰਚ, ਤਰਲੋਚਨ ਤੋਚੀ ਕੋਟਲਾ, ਸੁਖਵੀਰ ਸਿੰਘ ਸਮੇਤ ਕਈ ਹੋਰ ਹਾਜ਼ਰ ਸਨ। ਇਸ ਮੌਕੇ ਬੁਲਾਰਿਆਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਇਸੇ ਤਰ੍ਹਾਂ ਹੀ ਉਤਸ਼ਾਹਿਤ ਹੋਣ ਦੀ ਪ੍ਰੇਰਨਾ ਕੀਤੀ।

# ਸੂਫ਼ੀ ਲੇਖਕ ਰਾਮ ਜੀ ਦੀ 'ਤੱਕੀਏ ਤੇਰੀਆਂ ਰਾਹਾਂ' ਸੂਫ਼ੀ ਪੁਸਤਕ ਦੀ ਘੁੰਡ ਚੁਕਾਈ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)-** ਸੂਫ਼ੀ ਲੇਖਕ ਬਾਬਾ ਰਾਮ ਜੀ ਗੱਦੀ ਨਸ਼ੀਨ ਦਰਬਾਰ ਸ਼੍ਰੀ ਬਾਲਾ ਜੀ ਪਿੰਡ ਬਾਹਟੀਵਾਲ ਦੀ ਲਿਖੀ ਹੋਈ ਸੂਫ਼ੀ ਕਿਤਾਬ 'ਤੱਕੀਏ ਤੇਰੀਆਂ ਰਾਹਾਂ' ਸ਼੍ਰੀਮਾਨ ਸੰਤ ਗੁਰਬਚਨ ਦਾਸ ਜੀ ਚੱਕ ਲਾਦੀਆਂ ਵਾਲਿਆਂ ਵਲੋਂ ਲੋਕ ਅਰਪਿਤ ਕੀਤੀ ਗਈ। ਇਸ ਮੌਕੇ ਬਾਬਾ ਰਾਮ ਜੀ ਬਾਹਟੀਵਾਲ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਉਹ 'ਇਸ਼ਕੇ ਦਾ ਦਰਦ, ਯਾਦਾਂ ਯਾਰ ਦੀਆਂ, ਇਸ਼ਕ ਫ਼ਕੀਰਾਂ ਵਾਲਾਂ, ਵਿਛੋੜਾ ਸੱਜਣਾਂ ਦਾ' ਆਦਿ



ਪੁਸਤਕਾਂ ਸੂਫ਼ੀ ਮੱਤ ਨਾਲ ਪਿਆਰ ਕਰਨ ਵਾਲੀਆਂ ਰੂਹਾਂ ਨੂੰ ਪ੍ਰਦਾਨ ਕਰ ਚੁੱਕੇ ਹਨ। ਇਸ ਪੁਸਤਕ ਨੂੰ ਰਿਲੀਜ਼ ਕਰਨ ਉਪਰੰਤ ਮਹਾਂਪੁਰਸ਼ਾਂ ਨੇ ਕਿਹਾ ਕਿ ਅਜਿਹੀਆਂ ਸੂਫ਼ੀ ਪੁਸਤਕਾਂ ਨਾਲ ਰੂਹਾਨੀ ਇਸ਼ਕ ਦੀ ਤਰਜਮਾਨੀ ਹੁੰਦੀ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਦਰਬਾਰ ਦੇ ਸੇਵਾਦਾਰ ਵਿਜੇ ਕੁਮਾਰ, ਅਮਨਦੀਪ ਸਿੰਘ, ਜਸਵਿੰਦਰ ਸਿੰਘ, ਕਰਨਵੀਰ ਸਿੰਘ, ਅਤੇ ਸੁਖਵਿੰਦਰ ਸਿੰਘ, ਸਾਬਕਾ ਮੈਨੇਜਰ ਮਲਕੀਤ ਸਿੰਘ, ਕੁਲਦੀਪ ਚੁੰਬਰ ਸਮੇਤ ਕਈ ਹੋਰ ਹਾਜ਼ਰ ਸਨ।

# ਹਿੰਦੂ ਦਾ ਰਾਸ਼ਟਰਵਾਦ ਸਦੀ ਦਾ ਸਭ ਤੋਂ ਬੜਾ ਝੂਠ!



ਕੇ. ਸੀ. ਸੁਲੇਖ
0172-4623503

ਰਾਸ਼ਟਰਵਾਦ ਉਸ ਸਮੂਹਿਕ ਜਜ਼ਬੇ ਦਾ ਨਾਮ ਹੈ ਜੋ ਇਕ ਦੇਸ਼/ਖਿੱਤੇ ਦੇ ਵਸਨੀਕਾਂ ਨੂੰ ਆਪਣੇ ਸਾਂਝੇ ਹਿੱਤਾਂ ਦੀ ਸੁਰੱਖਿਆ ਲਈ ਜੋੜ ਕੇ ਰੱਖਦਾ ਹੈ। ਵੱਖ-ਵੱਖ ਦੇਸ਼ਾਂ 'ਚ ਰਹਿਣ ਵਾਲੇ ਲੋਕਾਂ ਦੇ ਸਥਾਨਕ ਹਾਲਾਤ ਦੇ ਮੁਤਾਬਕ ਧਾਰਮਿਕ, ਸਮਾਜਿਕ, ਸਭਿਆਚਾਰਕ, ਆਰਥਿਕ ਅਤੇ ਸੁਰੱਖਿਆਤਮਕ ਹਿੱਤ ਵੱਖ-ਵੱਖ ਹੋ ਸਕਦੇ ਹਨ ਜੋ ਕਈ ਵੇਰ ਆਪਸੀ ਝਗੜੇ ਅਤੇ ਜੰਗ ਦਾ ਕਾਰਨ ਵੀ ਬਣ ਸਕਦੇ ਹਨ ਪਰ ਜੇ ਆਪਣੇ ਹੀ ਦੇਸ਼ ਵਿਚ ਲੋਕ ਕੁਝ ਮਤਭੇਦਾਂ ਨੂੰ ਲੈ ਕੇ ਇਕ-ਦੂਜੇ ਦਾ ਸਿਰ ਭੰਨਣ ਲੱਗ ਪੈਣ ਤਾਂ ਇਸ ਨਾਲੋਂ ਵੱਧ ਬਦਕਿਸਮਤੀ ਦੀ ਗੱਲ ਹੋਰ ਕੀ ਹੋ ਸਕਦੀ ਹੈ? ਮੁੱਦਾ ਚਿੰਤਾਜਨਕ ਹੈ ਕੁਝ ਚਰਚਾ ਜ਼ਰੂਰ ਹੋਣੀ ਚਾਹੀਦੀ ਹੈ।

ਅੰਗਰੇਜ਼ ਹਕੂਮਤ ਤੋਂ ਪਹਿਲਾਂ ਭਾਰਤ ਦੇਸ਼ 699 ਤੋਂ ਵੱਧ ਛੋਟੀਆਂ-ਬੜੀਆਂ ਰਿਆਸਤਾਂ 'ਚ ਵੰਡਿਆ ਹੋਇਆ ਸੀ, ਜਿੱਥੇ ਪੀੜ੍ਹੀ ਦਰ ਪੀੜ੍ਹੀ ਰਾਜਿਆਂ, ਮਹਾਰਾਜਿਆਂ, ਨਵਾਬਾਂ ਦਾ ਰਾਜ ਚਲਦਾ ਸੀ, ਜਿਹਨਾਂ ਦੇ ਆਪਣੇ ਕਾਨੂੰਨ, ਆਪਣੀ ਰਾਜ ਪ੍ਰਣਾਲੀ, ਆਪਣੀ ਭਾਸ਼ਾ, ਆਪਣੇ ਹੀ ਸਭਿਆਚਾਰਕ ਰਸਮਾਂ-ਰਿਵਾਜ਼ ਵੱਖ-ਵੱਖ ਹੋਣ ਕਰਕੇ ਕੋਈ ਸਾਂਝੀ ਸੋਚ ਜਾਂ ਸਾਂਝੇ ਨਫੇ ਨੁਕਸਾਨ ਦੀ ਭਾਵਨਾ ਨਹੀਂ ਸੀ। ਰਾਸ਼ਟਰਵਾਦ ਦੀ ਭਾਵਨਾ ਤਾਂ ਬਹੁਤ ਦੂਰ ਦੀ ਗੱਲ ਹੈ।

ਬਾਹਰ ਦੇਸ਼ਾਂ ਤੋਂ ਆਏ ਮੁਸਲਮਾਨ ਧਾੜਵੀਆਂ ਦੇ ਹਮਲਿਆਂ ਵੇਲੇ ਤਾਂ ਹਾਲਤ ਇਸ ਤੋਂ ਵੀ ਭੈੜੀ ਸੀ, ਜਦ ਵਰਨ ਵਿਵਸਥਾ ਕਾਰਨ ਅਤੇ ਫੌਜ ਇਕੋ ਲੜਾਕੂ ਸ਼੍ਰੇਣੀ ਦੇ ਹੱਥ ਹੋਣ ਕਰਕੇ ਇਕੱਲਾ-ਇਕੱਲਾ ਰਾਜਾ ਵਿਦੇਸ਼. ਹਮਲਾਵਰਾਂ ਨਾਲ ਲੜਦਾ ਅਤੇ ਮਰਦਾ ਰਿਹਾ। 1857 ਦਾ ਗਦਰ ਵੀ ਰਾਜਿਆਂ ਨਵਾਬਾਂ ਦੀ ਬਹੁਤਾ ਕਰਕੇ ਆਪਣੇ ਆਪਣੇ ਰਾਜ ਨੂੰ ਬਚਾਉਣ ਲਈ ਲੜੀ ਗਈ ਲੜਾਈ ਸੀ। ਅੰਗਰੇਜ਼ ਹਕੂਮਤ ਵਿਰੁੱਧ ਉਸ ਸਮੇਂ ਜੋ ਵਿਦਰੋਹ ਦਾ ਕਾਰਨ ਬਣਿਆ, ਉਹ ਨਵੀਂ ਰੌਸ਼ਨੀ 'ਚ ਪੜ੍ਹੇ-ਲਿਖੇ ਤਰੱਕੀ ਪਸੰਦ ਲੋਕਾਂ ਦਾ ਸੰਘਰਸ਼ ਅਤੇ ਵਿਰੋਧ ਸੀ ਕਿ ਬਾਹਰਲੇ ਦੇਸ਼ ਦੇ ਮੁੱਠੀ ਭਰ ਲੋਕ ਸਾਡੇ ਤੇ ਕਿਉਂ ਹਕੂਮਤ ਕਰ ਰਹੇ ਹਨ? ਕਿਉਂ ਇਥੋਂ ਦਾ ਧਨ ਦੌਲਤ ਮਾਲ ਲੁੱਟ ਕੇ ਆਪਣੇ ਦੇਸ਼ ਲੈ ਜਾ ਰਹੇ ਹਨ? ਅਜਿਹੀ ਸੋਚ ਨੂੰ ਕਿਸੇ ਹੱਦ ਤੱਕ ਸੀਮਤ ਭਾਵ ਵਿਚ ਦੇਸ਼ ਭਗਤੀ ਤਾਂ ਕਿਹਾ ਜਾ ਸਕਦਾ ਹੈ ਪਰ ਰਾਸ਼ਟਰਵਾਦ ਬਿਲਕੁਲ ਨਹੀਂ। ਅੰਗਰੇਜ਼ਾਂ ਨੂੰ ਅਖੀਰ ਦੇਸ਼ ਛੱਡਣਾ ਪਿਆ ਅਤੇ ਹਕੂਮਤ ਭਾਰਤੀ ਲੋਕਾਂ ਦੇ ਹੱਥ ਆ ਗਈ। ਆਜ਼ਾਦੀ ਸੰਗਰਾਮ ਦੀ ਵਾਗਡੋਰ ਮੁੱਖ ਤੌਰ 'ਤੇ ਕਾਂਗਰਸ ਪਾਰਟੀ ਦੇ ਹੱਥ ਹੋਣ ਕਰਕੇ ਪਹਿਲੀ ਹਕੂਮਤ ਬਣਾਉਣ/ਚਲਾਉਣ ਦਾ ਨੰਬਰ ਵੀ ਉਸੇ ਦਾ ਬਣਦਾ ਸੀ, ਜਿਸਨੇ ਆਪਣੇ ਸਿਧਾਂਤਾਂ ਅਨੁਸਾਰ ਦੇਸ਼ ਵਿਚ ਮਿਲੇ-ਜੁਲੇ ਸਭਿਆਚਾਰ (ਸੰਸਕ੍ਰਿਤੀ) ਤੇ ਆਧਾਰਿਤ ਹਕੂਮਤ ਸਥਾਪਤ ਕੀਤੀ ਅਤੇ ਪੰਡਤ ਨਹਿਰੂ ਦੀ ਅਗਵਾਈ ਵਿਚ ਜੋ ਪਹਿਲਾ ਮੰਤਰੀ ਮੰਡਲ ਗਠਿਤ ਕੀਤਾ ਗਿਆ, ਉਸ ਵਿਚ ਕਾਂਗਰਸੀ ਨੇਤਾਵਾਂ ਤੋਂ ਇਲਾਵਾ ਡਾ. ਅੰਬੇਡਕਰ, ਡਾ. ਸ਼ਿਆਮਾ ਪ੍ਰਸਾਦ ਮੁਖਰਜੀ, ਕੇ. ਸੀ. ਨਿ-ਯੋਗੀ ਵਰਗੇ ਮੰਤਰੀ ਸ਼ਾਮਲ ਕੀਤੇ ਗਏ, ਜਿਹਨਾਂ ਦੀ ਆਪਸ ਵਿਚ ਮੁਢਲੀ ਵਿਚਾਰਧਾਰਾ ਪੱਖੋਂ ਜ਼ਮੀਨ ਅਸਮਾਨ ਦਾ ਫਰਕ ਸੀ। ਅਜਿਹੇ ਸੁਭਾਂਤੀ ਏ ਮੰਤਰੀ ਮੰਡਲ ਗਠਿਤ ਕਰਨ ਦਾ ਮਕਸਦ ਵੀ ਕੇਵਲ ਇਕੋ ਸੀ ਕਿ ਨਵੇਂ ਨਵੇਂ ਆਜ਼ਾਦ ਹੋਏ ਦੇਸ਼ ਨੂੰ ਮਜ਼ਬੂਤ ਅਤੇ ਇੱਕਮੁਠ ਬਣਾਈ ਰੱਖਣ ਲਈ ਬੁੱਧੀਮਾਨ ਵਿਅਕਤੀਆਂ ਦੇ ਗਿਆਨ, ਸਿਆਣਪ ਅਤੇ ਤਜ਼ਰਬੇ ਤੋਂ ਲਾਭ ਲਿਆ ਜਾਵੇ। ਇਸ ਤਰ੍ਹਾਂ ਇਸ ਹਕੂਮਤ ਨੂੰ ਸਭ ਤਬਕਿਆਂ ਦੀ ਨੁਮਾਇੰਦਗੀ ਕਰਨ ਵਾਲੀ ਰਾਸ਼ਟਰੀ ਹਕੂਮਤ ਦੇ ਰੂਪ ਵਿਚ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਇਹ ਕੋਸ਼ਿਸ਼ ਓਪਰੀ ਜਿਹੀ ਹੀ ਸਿੱਧ ਹੋਈ। ਰਾਸ਼ਟਰਵਾਦ ਦਾ ਜਜ਼ਬਾ ਨਾ ਪਹਿਲਾਂ ਸੀ ਨਾ ਬਾਅਦ ਵਿਚ ਪੈਦਾ ਹੋ ਸਕਿਆ।

ਇਸ ਦਾ ਕਾਰਨ ਹਕੂਮਤਾਂ ਦੀ ਸਥਾਪਤੀ ਜਾਂ ਅਦਲਾ-ਬਦਲੀ ਤੋਂ ਵੀ ਕਿਤੇ ਵੱਰਾ ਅਤੇ ਡੂੰਘਾ ਸੀ ਜਿਹਾ ਕਿ ਇੰਦਰਾ ਗਾਂਧੀ ਦੀ ਹਕੂਮਤ ਦਾ ਤਖਤਾ ਪਲਟ ਉਪਰੰਤ ਬਣੀ ਮੁਰਾਰਜੀ ਡਿਸਾਈ ਦੀ ਹਕੂਮਤ ਵੇਲੇ ਦੇਖਣ 'ਚ ਆਇਆ ਜਦ ਥੋੜ੍ਹੇ ਸਮੇਂ ਬਾਅਦ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਦੇ ਸੰਘ (ਆਰ. ਐਸ. ਐਸ.) ਨਾਲ ਜੁੜੇ ਰਹਿਣ ਦੇ ਸਵਾਲ ਤੇ ਮੁਰਾਰਜੀ ਹਕੂਮਤ ਟੁੱਟ ਕੇ ਡਿੱਗ ਗਈ ਸੀ। ਇਕ ਤੋਂ ਬਾਅਦ ਇਕ ਘਟਨਾ ਨੇ ਸਾਬਤ ਕਰ ਦਿੱਤਾ ਕਿ ਸੰਘ ਦੇ ਬੁਨਿਆਦੀ ਏਜੰਡੇ ਮੁਤਾਬਕ ਵਿਚਾਰਧਾਰਾ ਦੀ ਪੂਰਤੀ ਲਈ ਹਕੂਮਤ ਕੇਵਲ ਸਾਧਨ ਮਾਤਰ ਹੀ ਹੈ, ਆਖਰੀ ਮੰਜ਼ਿਲ ਨਹੀਂ।



ਆਜ਼ਾਦੀ ਤੋਂ ਬਾਅਦ ਦੇਸ਼ ਦਾ ਬਾਬਾ ਸਾਹਿਬ ਅੰਬੇਡਕਰ ਦੀ ਪ੍ਰਧਾਨਗੀ ਹੇਠ ਸੰਵਿਧਾਨ ਬਣਿਆ ਜੋ ਵੱਖ-ਵੱਖ ਧਰਮਾਂ, ਜਾਤਾਂ, ਖੇਤਰਾਂ ਅਤੇ ਭਾਸ਼ਾਵਾਂ 'ਚ ਵੰਡੇ ਹੋਏ ਦੇਸ਼ ਨੂੰ ਇੱਕਜੁਟ ਬਣਾਉਣ ਵਾਲਾ ਬਿਹਤਰੀਨ ਆਦਰਸ਼ ਕਾਨੂੰਨੀ ਦਸਤਾਵੇਜ਼ ਦੇ ਰੂਪ ਵਿਚ ਚਲਦਾ ਆ ਰਿਹਾ ਹੈ। ਉਸ ਦੇ ਇੱਕ-ਇੱਕ ਪ੍ਰਾਵਧਾਨ ਇਕ ਇਕ ਵਾਕ ਵਿਚ ਦੇਸ਼ ਪ੍ਰਤੀ ਵਫਾਦਾਰੀ, ਨਾਗਰਿਕਾਂ ਦੇ ਅਧਿਕਾਰਾਂ, ਉਹਨਾਂ ਦੀਆਂ ਜ਼ਿੰਮੇਵਾਰੀਆਂ, ਸੁਤੰਤਰਤਾ, ਸਮਾਨਤਾ, ਭ੍ਰਾਤਰੀ ਭਾਵ ਜਿਹੇ ਸਦਗੁਣਾਂ ਨਾਲ ਭਰਿਆ ਪਿਆ ਹੈ ਪਰ ਦੁੱਖ ਦੀ ਗੱਲ ਹੈ ਕਿ ਜਿੱਥੇ ਸੰਵਿਧਾਨ ਦੇਸ਼ ਅਤੇ ਸਮਾਜ ਨੂੰ ਤਰੱਕੀ ਅਤੇ ਵਿਕਾਸ ਦੀਆਂ ਸਿਖਰਾਂ ਵੱਲ ਲੈ ਜਾਣ ਦੀ ਸੇਧ ਦਿੰਦਾ ਹੈ, ਉਥੇ ਹਿੰਦੂ ਪੁਰਾਤਨ ਪੰਥੀਆਂ ਨੇ ਇਸ ਨੂੰ ਦਿਲ ਤੋਂ ਕਦੇ ਵੀ ਮਾਨਤਾ ਨਹੀਂ ਦਿੱਤੀ। ਹਰ ਪੈਰ ਤੇ ਇਸ ਦੀ ਵਿਰੋਧਤਾ ਕੀਤੀ, ਜਿਸ ਦੀ ਵਿਰੋਧਤਾ ਅਤੇ ਉਲੰਘਣਾ ਕਰਨਾ ਉਹ ਆਪਣਾ ਫਰਜ਼ ਅਤੇ ਅਧਿਕਾਰ ਸਮਝਦੇ ਹਨ। ਇਸ ਸਪਸ਼ਟ ਅਤੇ ਮੂਲ ਕਾਰਨ ਉਹਨਾਂ ਦਾ ਆਪਣੇ ਧਰਮ ਸ਼ਾਸਤਰਾਂ ਪ੍ਰਤੀ ਅਟੁੱਟ ਵਿਸ਼ਵਾਸ, ਸ਼ਰਧਾ ਅਤੇ ਆਸਥਾ ਹੈ, ਜਿਹਨਾਂ ਨੂੰ ਉਹ ਆਪਣੇ ਪ੍ਰਾਣਾਂ ਤੋਂ ਵੀ ਵੱਧ ਪਿਆਰੇ ਸਮਝਦੇ ਹਨ। ਬ੍ਰਾਹਮਣੀ ਸਮਾਜਿਕ ਵਿਵਸਥਾ ਦੇ ਅੰਤਰਗਤ ਜੋ ਇਨਸਾਨਾਂ ਇਨਸਾਨਾਂ ਦਰਮਿਆਨ ਊਚ-ਨੀਚ, ਪਵਿੱਤਰ-ਅਪਵਿੱਤਰ, ਛੂਤ-ਛਾਤ, ਜਾਤਾਂ ਮੁਤਾਬਕ ਪੇਸ਼ਿਆਂ ਦੀ ਵੰਡ, ਬ੍ਰਾਹਮਣ ਅਤਿ ਸ਼੍ਰੇਸ਼ਟ ਅਤੇ ਸ਼ੂਦਰ ਅਛੂਤ ਪਾਪ ਯੋਨੀ ਜਿਹੀਆਂ ਧਾਰਨਾਵਾਂ ਪ੍ਰਚੱਲਿਤ ਸਨ, ਉਹ ਸਪਸ਼ਟ ਰੂਪ ਵਿਚ ਕਿਸੇ ਤਰ੍ਹਾਂ ਵੀ ਨਵੇਂ ਸੰਵਿਧਾਨ ਨਾਲ ਮੇਲ ਨਹੀਂ ਖਾਂਦੇ। ਧਾਰਾ 13 ਨੇ ਤਾਂ ਹਿੰਦੂ ਗ੍ਰੰਥਾਂ, ਸਮ੍ਰਿਤੀਆਂ ਆਦਿ ਦੇ ਉਹਨਾਂ ਸਭ ਆਦੇਸ਼ਾਂ, ਨਿਰਦੇਸ਼ਾਂ ਅਤੇ ਹੋਰ ਕਾਨੂੰਨਾਂ ਅਤੇ ਰੀਤੀ ਰਿਵਾਜਾਂ ਦੀ ਧਾਰਮਿਕਤਾ ਨੂੰ ਹੀ ਰੱਦ ਕਰ ਦਿੱਤਾ ਜੋ ਸੰਵਿਧਾਨ ਦੀ ਮੂਲ ਧਾਰਾ ਦੇ ਉਲਟ ਬੇਮੇਲ ਹੋਣ। ਸੰਵਿਧਾਨ ਵਿਚ ਦਿੱਤੇ ਗਏ ਅਧਿਕਾਰ ਸਮਾਨਤਾ (ਧਾਰਾ 14), ਮਤ ਪ੍ਰਗਟਾਵੇ ਦੀ ਆਜ਼ਾਦੀ (19), ਪ੍ਰਤਿਸ਼ਟਾਂ ਸਹਿਤ ਜਿਊਣ ਦੀ ਆਜ਼ਾਂਦੀ(21) ਅਤੇ ਧਰਮ ਦੀ ਆਜ਼ਾਦੀ (25) ਦਲਿਤ ਰਿਜ਼ਰਵੇਸ਼ਨ (16) ਦੇ ਸਿਧਾਂਤ ਉਹਨਾਂ ਦੇ ਗਲੇ ਕਿਵੇਂ ਉਤਰ ਸਕਦੇ ਹਨ? ਜਿਹਨਾਂ ਦੇ ਦਿਮਾਗਾਂ 'ਵਿਚ ਹਾਲੇ ਤੱਕ ਦਲਿਤ ਨੂੰ ਨੀਚ ਅਤੇ ਭਾਰ ਢੋਊ ਜਾਨਵਰ ਸਮਝਣ ਦਾ ਕੂੜਾ ਭਰਿਆ ਹੋਇਆ ਹੈ?

ਪਿੰਡਾਂ, ਸ਼ਹਿਰਾਂ ਵਿਚ ਦਲਿਤ ਕਮਜ਼ੋਰ ਵਰਗਾਂ ਤੇ ਜ਼ੁਲਮ ਅੱਤਿਆਚਾਰਾਂ, ਦਲਿਤ ਔਰਤਾਂ ਦੇ ਗੈਂਗ ਰੇਪ ਅਤੇ ਕਤਲ ਦੀਆਂ ਹੌਲਨਾਕ ਵਾਰਦਾਤਾਂ ਖੁੱਲ੍ਹੇਆਮ ਵਾਪਰ ਰਹੀਆਂ ਹਨ। ਯੂ. ਪੀ. ਦੇ ਹਾਥਰਸ ਵਿਖੇ ਹੋਈ ਦਲਿਤ ਲੜਕੀ ਪ੍ਰਿਆਂਕਾ ਦੀ ਗੈਂਗ ਰੇਪ ਅਤੇ ਕਤਲ ਦੀ ਘਟਨਾ ਦਿੱਲੀ ਦੀ ਨਿਰਭੈਆ (2912) ਨਾਲੋਂ ਕਿਸੇ ਤਰ੍ਹਾਂ ਵੀ ਘੱਟ ਦੁਖਦਾਇਕ ਨਹੀਂ ਹੈ, ਬਲਕਿ ਉਸ ਨਾਲੋਂ ਵੀ ਅਮਾਨਵੀ ਬਰਬਰਤਾ ਪੱਖੋਂ ਵੱਧ ਸੰਗੀਨ ਹੈ। ਉਥੇ ਦੀ ਮਹੰਤ ਯੋਗੀ ਸਰਕਾਰ ਦੇ ਇਨਸਾਫ ਦੀ ਧਾਰ ਅਤੇ ਰਫਤਾਰ ਦੇਖੋ, ਲੜਕੀ ਦੀ ਲਾਸ਼ ਨੂੰ ਬਿਨਾਂ ਮਾਂ-ਬਾਪ, ਭਾਈ-ਭੈਣ ਨੂੰ ਦਿਖਾਏ ਅੱਧੀ ਰਾਤ ਨੂੰ ਪੈਟਰੋਲ ਨਾਲ ਸਾੜ ਦਿੱਤਾ ਜਾਂਦਾ ਹੈ। ਇਸ ਤਰ੍ਹਾ ਸਬੂਤ ਮਿਟਾ ਕੇ ਅਤੇ ਪਰਿਵਾਰ ਨੂੰ ਡਰਾ-ਧਮਕਾ ਕੇ ਕੇਸ ਨੂੰ ਹੀ ਘੱਟੇ ਮਿੱਟੀ ਵਿਚ ਰੋਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕੀ ਇਹੀ ਉਸ ਹਿੰਦੂ ਰਾਸ਼ਟਰਵਾਦ ਦੀ ਤਸਵੀਰ ਹੈ, ਜਿਸ ਦਾ ਢੰਡੋਰਾ ਇਹ ਲੋਕ ਆਪਣੇ ਆਗਿਆਕਾਰੀ ਮੀਡੀਆ ਰਾਹੀਂ ਰਾਤ-ਦਿਨ ਪਿੱਟ ਰਹੇ ਹਨ? ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੀਆਂ ਫਟਕਾਰਾਂ ਸਿਰ ਮੱਥੇ ਤੇ ਪਰ ਪ੍ਰਨਾਲਾ ਥਾਂਹ ਦੀ ਥਾਂਹ।

ਰਾਸ਼ਟਰਵਾਦ ਬਾਰੇ ਚਰਚਾ ਕਰਨ ਲੱਗਿਆਂ ਆਪਦਾ ਇਸ ਸਵਾਲ ਬਾਰੇ ਸਪਸ਼ਟ ਹੋਣਾ ਵੀ ਜ਼ਰੂਰੀ ਹੈ ਕਿ ਦੇਸ਼ ਵਿਚ ਰਾਸ਼ਟਰ ਨਾਂ ਦੀ ਕੋਈ ਚੀਜ਼ ਹੈ ਵੀ ਜਾਂ ਨਹੀਂ? ਦੇਸ਼ ਦਾ ਇਸ ਗੰਭੀਰ ਸਵਾਲ ਤੇ ਸਪਸ਼ਟ ਹੋਣਾ ਕਿਉਂ ਜ਼ਰੂਰੀ ਹੈ, ਉਸ ਦਾ ਮਹੱਤਵ ਬਾਬਾ ਸਾਹਿਬ ਦੇ ਉਸ ਇਤਿਹਾਸਕ ਭਾਸ਼ਣ ਤੋਂ ਹੀ ਸਮਝਿਆ ਜਾ ਸਕਦਾ ਹੈ ਜਿਹੜਾ ਉਹਨਾਂ ਨੇ ਸੰਵਿਧਾਨ ਸਭਾ ਵਿਚ 25 ਨਵੰਬਰ 1949 ਨੂੰ ਦਿੱਤਾ ਸੀ। ਉਸ ਭਾਸ਼ਣ ਵਿਚ ਜਿੱਥੇ ਉਹਨਾਂ ਨੇ ਦੇਸ਼ ਨੂੰ ਦਰਪੇਸ਼ ਖਤਰਿਆਂ ਬਾਰੇ ਆਪਣੇ ਅੰਦੇਸ਼ਿਆਂ ਅਤੇ ਸਾਵਧਾਨੀਆਂ ਦਾ ਜ਼ਿਕਰ ਕੀਤਾ ਸੀ, ਉਥੇ ਉਹਨਾਂ ਨੇ ਦੇਸ਼ ਲਈ ਸਹੀ ਰਾਸ਼ਟਰਵਾਦ ਦੀ ਰੂਪ-ਰੇਖਾ ਦੀ ਵੀ ਵਿਆਖਿਆ ਖੁੱਲ੍ਹ ਕੇ ਕੀਤੀ। ਸ਼ੁਰੂ-ਸ਼ੁਰੂ ਵਿਚ ਰਾਸ਼ਟਰਵਾਦ ਦਾ ਚਰਚਾ ਕਾਂਗਰਸ ਮਾਰਕਾ ਰਾਸ਼ਟਰਵਾਦ ਦਾ ਸੀ, ਜਿਸ ਨੇ ਬਾਅਦ ਵਿਚ ਹੁਣ ਆਰ. ਐਸ. ਐਸ. ਦੇ ਪ੍ਰਭਾਵ ਥੱਲੇ ਭਗਵਾਂ ਰੰਗ ਧਾਰ ਲਿਆ ਹੈ, ਜਦਕਿ ਇਹ ਦੋਵੇਂ ਰੰਗ ਅਸਲ ਰਾਸ਼ਟਰਵਾਦ ਦੇ ਨੇੜੇ-ਤੇੜੇ ਵੀ ਨਹੀਂ ਢੁੱਕਦੇ। ਬਾਬਾ ਸਾਹਿਬ ਨੇ ਆਦਰਸ਼ ਰਾਸ਼ਟਰਵਾਦੀ ਵਿਆਖਿਆ ਕਰਦਿਆਂ ਕਿਹਾ ਸੀ:- ''ਜੇ ਅਸੀਂ (ਭਾਰਤੀ ਲੋਕ) ਆਪਣੇ ਆਪ ਨੂੰ ਇਕ ਨੇਸ਼ਨ (ਕੌਮ-ਰਾਸ਼ਟਰ) ਸਮਝਦੇ ਹਾਂ ਤਾਂ ਅਸੀਂ ਲੋਕ ਬਹੁਤ ਬੜਾ ਭਰਮ ਪਾਲ ਰਹੇ ਹਾਂ। ਹਜ਼ਾਰਾਂ ਜਾਤਾਂ ਵਿਚ ਵੰਡੇ ਹੋਏ ਲੋਕ ਇਕ ਰਾਸ਼ਟਰ ਕਿਵੇਂ ਹੋ ਸਕਦੇ ਹਨ? ਇਸ ਲਈ ਜਿੰਨੀ ਜਲਦੀ ਅਸੀਂ ਇਹ ਸਮਝ ਲਵਾਂਗੇ ਕਿ ਹਾਲੇ ਅਸੀਂ ਸਮਾਜਿਕ ਅਤੇ ਮਨੋ-ਵਿਗਿਆਨਕ ਮਾਅਨਿਆਂ ਵਿਚ ਇਕ ਰਾਸ਼ਟਰ ਨਹੀਂ ਹਾਂ, ਉਨਾ ਹੀ ਇਹ ਸਾਡੇ ਹਿੱਤ ਵਿਚ ਹੋਵੇਗਾ।

ਇਸ ਤੋਂ ਬਾਅਦ ਹੀ ਇਕ ਰਾਸ਼ਟਰ ਬਣਨ ਦੀ ਜ਼ਰੂਰਤ ਅਤੇ ਉਸ ਲਈ ਜ਼ਰੂਰੀ ਸਾਧਨ ਅਤੇ ਰਸਤੇ ਜੁਟਾਣ ਦੇ ਉਪਾਅ ਲੱਭ ਸਕਾਂਗੇ।'' ਜਾਤਾਂ ਦੀ ਹੋਂਦ ਨੂੰ ਰਸਤੇ ਦਾ ਸਭ ਤੋਂ ਵੱਡਾ ਰੋੜਾ ਕਰਾਰ ਦਿੰਦੇ ਹੋਏ ਉਹ ਕਹਿੰਦੇ ਹਨ ਕਿ 'ਜਾਤਾਂ ਰਾਸ਼ਟਰ ਵਿਰੋਧੀ ਹਨ ਕਿਉਂਕਿ ਉਹ ਪਹਿਲਾਂ ਤਾਂ ਸਮਾਜਿਕ ਜੀਵਨ ਵਿਚ ਅਲਹਿਦਗੀ ਦਾ ਕਾਰਨ ਬਣਦੀਆਂ ਹਨ, ਦੂਜੇ ਜਾਤਾਂ ਜਾਤਾਂ ਦਰਮਿਆਨ ਈਰਖਾ, ਦੁਸ਼ਮਣੀ ਅਤੇ ਨਫਰਤ ਪੈਦਾ ਕਰਦੀਆਂ ਹਨ।' ਕੀ ਇਸ ਵਿਆਖਿਆ ਦੀ ਰੋਸ਼ਨੀ ਵਿਚ ਆਰ. ਐਸ. ਐਸ. ਦਾ ਹਿੰਦੂ ਰਾਸ਼ਟਰਵਾਦ ਅਸਲ ਰਾਸ਼ਟਰਵਾਦ ਨਾਲ ਕਿਸੇ ਤਰ੍ਹਾ ਵੀ ਮੇਲ ਖਾਂਦਾ ਹੈ?

ਜਿਸ ਵਿਚ ਸਾਂਪ੍ਰਦਾਹਿਕ ਨਫਰਤ ਅਲਹਿਦਗੀ ਅਤੇ ਦਵੈਸ਼ ਤੋਂ ਹੋਰ ਕੁਝ ਵੀ ਨਹੀਂ - ਨਾ ਸਮਾਜਿਕ ਏਕਤਾ ਦਾ ਜਜ਼ਬਾ, ਨਾ ਮਨੋਵਿਗਿਆਨਕ ਨੇੜਤੇ ਦੇ ਲੱਛਣ। ਜੇ ਦੇਸ਼ ਦੇ ਦੂਰਦਰਸ਼ੀ ਬੁੱਧੀਮਾਨ ਮਹਾਂਪੁਰਸ਼ਾਂ ਨੇ ਦੇਸ਼ ਵਾਸੀਆਂ ਦੇ ਦਿਲਾਂ ਵਿਚ ਨਵੇਂ ਸੰਵਿਧਾਨ ਰਾਹੀਂ ਦੇਸ਼ ਪ੍ਰੇਮ ਅਤੇ ਭ੍ਰਾਤਰੀ ਭਾਵ ਦੇ ਸੂਖਮ ਜਜ਼ਬਾਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਇਸ ਜਨੂੰਨੀ ਰਾਸ਼ਟਰਵਾਦ ਦੇ ਝੰਡੇ ਬਰਦਾਰਾਂ ਨੇ ਉਸੇ ਸੰਵਿਧਾਨ ਦੀ ਹੱਡੀ ਪਸਲੀ ਤੋੜਨ ਵਿਚ ਵੀ ਕੋਈ ਕਸਰ ਨਹੀਂ ਛੱਡੀ, ਕਿਤੇ ਗਊ ਰੱਖਿਆ ਦੇ ਨਾਂ ਤੇ, ਕਿਤੇ ਲਵ ਜਿਹਾਦ ਲਿੰਚਿੰਗ, ਕਿਤੇ ਰੋਮੀਓ ਦਸਤੇ, ਕਿਤੇ ਜਾਤ ਨਫਰਤ ਕਾਰਨ ਗਰੀਬ ਤਬਕਿਆਂ ਤੇ ਜ਼ੁਲਮ-ਅੱਤਿਆਚਾਰ। ਜੇ ਦੇਸ਼ ਦਾ ਹਰ ਤਬਕਾ ਹਰ ਟੋਲਾ ਸੰਵਿਧਾਨ ਦੀਆਂ ਮਾਣ-ਮਰਿਆਦਾਵਾਂ ਅਤੇ ਬੰਦਸ਼ਾਂ ਨੂੰ ਤੋੜ ਕੇ ਬਹੁਮਤ ਜਾਂ ਮਾਫੀਆ, ਮੀਡੀਆ ਅਤੇ ਮਾਇਆ ਦੇ ਜ਼ੋਰ ਤੇ ਹਕੂਮਤ ਕਰਨੀ ਚਾਹੇ ਤਾਂ ਅਨਾਰਕੀ (ਅਰਾਜਕਤਾ) ਕਿਸ ਨੂੰ ਕਹਿੰਦੇ ਹਨ? ਅਰਾਜਕਤਾ ਦਾ ਹੀ ਤਾਂ ਦੂਜਾ ਨਾਮ ਬਦਅਮਨੀ ਅਤੇ ਵਿਨਾਸ਼ ਹੈ। ਕੀ ਦੇਸ਼ ਅਤੇ ਸਮਾਜ ਅਜਿਹੇ ਰਾਸ਼ਟਰਵਾਦ ਦਾ ਸਵਾਗਤ ਕਰਨ ਲਈ ਤਿਆਰ ਹੈ? ਭੱਠ ਪਏ ਸੋਨਾ ਜਿਹੜਾ ਕੰਨਾਂ ਨੂੰ ਖਾਵੇ।

# ਕਿੰਨੇ ਕੁ ਕਾਰਗਰ ਹਨ ਨਵੇਂ ਪ੍ਰਦੂਸ਼ਣ ਕੰਟਰੋਲ ਕਾਨੂੰਨ



ਹਰਕੀਰਤ ਕੌਰ ਸਭਰਾ
9779118066

ਪ੍ਰਦੂਸ਼ਣ ਮੋਜੂਦਾ ਸਮੇਂ ਦੀ ਇੱਕ ਬਹੁਤ ਵੱਡੀ ਸਮੱਸਿਆ ਬਣ ਚੁਕਿਆ ਹੈ। ਪ੍ਰਦੂਸ਼ਣ ਦੀਆਂ ਵੱਖ ਵੱਖ ਕਿਸਮਾਂ ਵਿੱਚੋਂ ਹਵਾ ਪ੍ਰਦੂਸ਼ਣ ਸਭ ਤੋਂ ਵੱਧ ਘਾਤਕ ਸਾਬਿਤ ਹੋ ਰਿਹਾ ਹੈ। ਮੋਜੂਦਾ ਦਿਨਾਂ ਵਿੱਚ ਦਿੱਲੀ ਐਨ ਸੀ ਆਰ ਵਿੱਚ ਹਵਾ ਪ੍ਰਦੂਸ਼ਣ ਦਾ ਪੱਧਰ ਏਨਾ ਜਿਆਦਾ ਵੱਧ ਗਿਆ ਹੈ ਕਿ, ਹਰ ਪ੍ਰਾਣੀ ਮਾਤਰ ਦਾ ਹਵਾ ਵਿੱਚ ਸਾਹ ਲੈਣਾ ਮੁਸ਼ਕਿਲ ਹੋ ਚੁੱਕਾ ਹੈ। ਸਿੱਧੇ ਅਸਿੱਧੇ ਤੌਰ ਤੇ ਕੇਂਦਰ ਸਰਕਾਰ ਇਸ ਵੱਧ ਰਹੇ ਪ੍ਰਦੂਸ਼ਣ ਦਾ ਕਾਰਣ ਕਿਸਾਨਾਂ ਦੁਆਰਾ ਪਰਾਲੀ ਨੂੰ ਲਗਾਈਆਂ ਜਾ ਰਹੀਆਂ ਅੱਗਾ ਨੂੰ ਮੰਨ ਰਹੀ ਹੈ। ਇਸੇ ਅਲਾਮਤ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਨੇ ਇੱਕ ਵਾਰ ਫਿਰ ਤੋਂ ਆਰਡੀਨੈਂਸ ਦੇ ਰੂਪ ਵਿੱਚ ਇੱਕ ਨਵਾਂ ਕਾਨੂੰਨ ਜਾਰੀ ਕੀਤਾ ਹੈ ।

ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ ਪੰਜ ਸਾਲ ਤੱਕ ਦੀ ਕੈਦ ਅਤੇ ਇੱਕ ਕਰੋੜ ਰੁਪਏ ਤੱਕ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਇਸ ਕਾਨੂੰਨ ਤਹਿਤ ਨਿਆਂ ਮੰਤਰਾਲੇ ਦੁਆਰਾ ਵਾਤਾਵਰਣ ਪ੍ਰਦੂਸ਼ਣ ਰੋਕ ਅਥਾਰਿਟੀ ਨੂੰ ਭੰਗ ਕਰਕੇ ਇਸ ਦੀ ਜਗ੍ਹਾ 20 ਮੈਂਬਰੀ ਕਮਿਸ਼ਨ ਗਠਿਤ ਕੀਤਾ ਗਿਆ ਹੈ। ਇਸ ਕਾਨੂੰਨ ਨੂੰ ਖਾਸ ਕਰ ਪੰਜਾਬ, ਹਰਿਆਣਾ, ਰਾਜਸਥਾਨ, ਯੂ ਪੀ, ਦਿੱਲੀ ਵਿੱਚ ਜਲਦ ਤੋਂ ਜਲਦ ਲਾਗੂ ਕਰਨ ਦੇ ਆਦੇਸ਼ ਜਾਰੀ ਹੋਏ ਹਨ। ਇਸ ਤੋਂ ਇਲਾਵਾ ਇਸ ਕਾਨੂੰਨ ਵਿੱਚ ਸਾਫ ਸਾਫ ਲਿਖਿਆ ਗਿਆ ਹੈ ਕਿ ਜਿੰਨਾ ਫੈਕਟਰੀਆਂ ਨਾਲ ਵਾਤਾਵਰਣ ਦੂਸ਼ਿਤ ਹੋਣ ਦਾ ਸ਼ੰਕਾ ਪੈਦਾ ਹੁੰਦਾ ਹੈ, ਉਹਨਾਂ ਫੈਕਟਰੀਆਂ ਨੂੰ ਬੰਦ ਕਰ ਦਿੱਤਾ ਜਾਵੇ।

ਇਸ ਸਾਰੀ ਖਬਰ ਨੂੰ ਬਹੁਤ ਗਹਿਰਾਈ ਨਾਲ ਵਿਚਾਰਨ ਤੋਂ ਬਾਅਦ ਮੈਂ ਇਸ ਨਤੀਜੇ ਤੇ ਪਹੁੰਚੀ ਅਤੇ ਸਭ ਤੋਂ ਪਹਿਲਾਂ ਇਹ ਸੋਚਿਆ ਕਿ ਕਾਨੂੰਨ ਤਾਂ ਭਾਰਤ ਵਿੱਚ ਹੋਰ ਵੀ ਬਹੁਤ ਸਾਰੇ ਬਣਾਏ ਹੋਏ ਹਨ? ਪਰ ਕੀ ਇਕੱਲੇ ਕਾਨੂੰਨ ਬਣਾਉਣ ਨਾਲ ਕੋਈ ਹੱਲ ਨਿਕਲ ਸਕਦਾ ਹੈ।

ਕਾਨੂੰਨ ਤਾਂ ਭਾਰਤ ਵਿੱਚ ਕਤਲ ਦੇ ਵੀ ਬਣੇ ਹੋਏ ਨੇ, ਬਲਾਤਕਾਰੀਆਂ ਲਈ ਵੀ ਬਣੇ ਹੋਏ ਹਨ ਪਰ ਕੀ ਉਹਨਾਂ ਕਾਨੂੰਨਾ ਤਹਿਤ ਕਿਸੇ ਨੂੰ ਸਜ਼ਾ ਮਿਲਦੀ ਹੈ? ਭਾਰਤੀ ਸਿਸਟਮ ਦੀ ਇਹ ਕਮੀ ਰਹੀ ਹੈ ਕਿ ਇੱਥੇ ਲਿਖਤੀ ਰੂਪ ਵਿੱਚ ਕਾਪੀਆਂ ਜਿੰਨੀਆਂ ਮਰਜ਼ੀ ਕਾਲੀਆਂ ਕਰਵਾ ਲਵੋ, ਪਰ ਉਸ ਨੂੰ ਅਮਲੀ ਰੂਪ ਦੇਣ ਵਾਲਾ ਅਤੇ ਮੁਸ਼ਕਿਲ ਦਾ ਠੋਸ ਹੱਲ ਕੱਢਣ ਵਾਲਾ ਕੋਈ ਵੀ ਨਹੀ ਹੈ।

ਜੇਕਰ ਕੇਂਦਰ ਸਰਕਾਰ ਨੂੰ ਲੱਗਦਾ ਹੈ ਕਿ ਖੇਤੀ ਪ੍ਰਧਾਨ ਸੂਬੇ ਜਿਵੇਂ ਕਿ ਪੰਜਾਬ, ਹਰਿਆਣਾ, ਯੂ ਪੀ ਆਦਿ ਕਾਰਣ ਦਿੱਲੀ ਵਿੱਚ ਪ੍ਰਦੂਸ਼ਣ ਵੱਧ ਰਿਹਾ ਹੈਂ ਤਾਂ, ਸਰਕਾਰ ਨੂੰ ਚੰਗੀ ਤਰ੍ਹਾਂ ਬਰੀਕੀ ਨਾਲ ਸੋਚ ਕੇ ਇਹ ਫੋਕੇ ਕਾਨੂੰਨ ਬਣਾਉਣ ਦੀ ਬਜਾਇ ਅਜਿਹੇ ਤਰੀਕਿਆਂ ਨੂੰ ਲੱਭਣ ਦਾ ਯਤਨ ਕਰਨਾ ਚਾਹੀਦਾ ਸੀ ਕਿ ਜਿੰਨਾ ਨਾਲ ਕਿਸਾਨ ਵੀਰ ਬਿਨਾ ਵਾਤਾਵਰਣ ਨੂੰ ਕੋਈ ਨੁਕਸਾਨ ਪੁੰਹਚਾਏ ਪਰਾਲੀ ਨੂੰ ਸੰਭਾਲ ਸਕਣ। ਜੇਕਰ ਦੇਖਿਆ ਜਾਵੇ ਤਾਂ ਦੋਗਲੀ ਨੀਤੀ ਵਾਲੀਆਂ ਸਰਕਾਰਾਂ ਪਹਿਲਾਂ ਹੀ ਕਿਸਾਨਾਂ ਨਾਲ ਕਾਫੀ ਵਧੀਕੀਆਂ ਕਰ ਚੁੱਕੀ ਹੈ, ਤੇ ਜੇਕਰ ਇਸ ਕਾਨੂੰਨ ਤਹਿਤ ਕਿਸੇ ਵੀ ਰਾਜ ਦੇ ਕਿਸਾਨ ਨੂੰ ਕੋਈ ਜੁਰਮਾਨਾ ਭਰਨਾ ਪੈਂਦਾ ਹੈ ਜਾਂ ਸਜ਼ਾ ਕੱਟਣੀ ਪੈਂਦੀ ਹੈ ਤਾਂ ਇਹ ਸਰਾਸਰ ਬੇਇਨਸਾਫ਼ੀ ਹੋਵੇਗੀ।

ਕੁਝ ਦਿਨ ਪਹਿਲਾਂ ਜਦ ਪ੍ਰਦੂਸ਼ਣ ਬਾਰੇ ਵਿਚਾਰ ਚਰਚਾ ਕੀਤੀ ਤਾਂ ਬਹੁਤ ਸਾਰੇ ਕਿਸਾਨ ਵੀਰਾਂ ਦੇ ਸੁਝਾਅ ਸਨ ਕਿ ਹਰ ਕਿਸਾਨ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੈ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਦੂਸ਼ਿਤ ਹੁੰਦਾ ਹੈ, ਪਰ ਅਸੀਂ ਕਿਸਾਨ ਮਜਬੂਰ ਹਾਂ ਕਿਉਂਕਿ ਸਾਡੇ ਕੋਲ ਅੱਗ ਲਗਾਉਣ ਤੋਂ ਇਲਾਵਾ ਹੋਰ ਕੋਈ ਰਾਸਤਾ ਨਹੀਂ ਬੱਚਦਾ। ਕਿਉਂਕਿ ਪੰਜਾਬ ਦੇ ਕਿਸਾਨਾਂ ਕੋਲ ਨਾ ਤਾਂ ਏਨੀ ਪੂੰਜੀ ਹੈ ਕਿ ਉਹ ਅਧੁਨਿਕ ਤਕਨੀਕੀ ਯੰਤਰਾਂ ਨੂੰ ਖਰੀਦ ਕੇ ਪਰਾਲੀ ਨੂੰ ਸੰਭਾਲ ਸਕਣ ਅਤੇ ਨਾ ਹੀ ਅਜਿਹੇ ਹੋਰ ਸਸਤੇ ਸਾਧਨ ਜਿੰਨਾ ਨਾਲ ਵਾਤਾਵਰਣ ਨੂੰ ਘੱਟ ਨੁਕਸਾਨ ਪੁੰਹਚ ਸਕੇ।

ਮੈਂ ਹੈਰਾਨ ਹਾਂ ਕਾਨੂੰਨ ਬਣਾਉਣ ਵਾਲਿਆਂ ਤੇ ਕਿ ਏਨਾ ਵੱਡਾ ਜੁਰਮਾਨਾ ਲਗਾਉਣ ਤੋਂ ਪਹਿਲਾਂ ਨਿਆਂ ਕਾਰਕੁੰਨਾਂ ਨੇ ਇੱਕ ਵਾਰ ਇਹ ਦੇਖਣ ਦਾ ਯਤਨ ਨਹੀਂ ਕੀਤਾ ਕਿ ਕਿਸਾਨਾਂ ਕੋਲ ਤਾਂ ਆਪਣੀ ਜ਼ਮੀਨ ਵਿੱਚ ਉਗਾਉਣ ਲਈ ਬੀਜ ਖਾਦ ਆਦਿ ਲਈ ਤਾਂ ਪੈਸੇ ਨਹੀਂ ਹਨ ਤਾਂ ਜੁਰਮਾਨੇ ਦੀਆਂ ਏਨੀਆਂ ਵੱਡੀਆਂ ਰਕਮਾਂ ਕਿਵੇ ਚੁਕਾਵੇਗਾ। ਇੱਕ ਗੱਲ ਹੋਰ ਵਿਚਾਰ ਹਿੱਤ ਲਿਆਉਣ ਵਾਲੀ ਹੈ ਕਿ ਸਾਡੇ ਦੇਸ਼ ਦੀ 70% ਤੋਂ ਵੱਧ ਅਬਾਦੀ ਖੇਤੀਬਾੜੀ ਉੱਪਰ ਸਿੱਧੇ ਅਤੇ ਅਸਿੱਧੇ ਤੌਰ ਤੇ ਨਿਰਭਰ ਹੈ।ਜਿਸ ਨੂੰ ਮੱਦੇਨਜ਼ਰ ਰੱਖਦੇ ਹੋਏ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਕੁਝ ਅਜਿਹੇ ਕਾਨੂੰਨ ਬਣਾਏ ਜਾਣ ਜਿਸ ਨਾਲ ਕਿਸਾਨਾਂ ਨੂੰ ਮਦਦ ਮਿਲ ਸਕੇ ਪਰ ਸਾਡੇ ਦੇਸ਼ ਵਿੱਚ ਬਿਲਕੁਲ ਇਸ ਦੇ ਉਲਟ ਹੋ ਰਿਹਾ ਹੈ। ਮੁਕਦੀ ਗੱਲ ਪਰਾਲੀ ਦੀ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਸਾਡੇ ਕਿਸਾਨ ਏਨੇ ਅਮੀਰ ਤਾਂ ਹੈ ਨਹੀ ਕਿ ਉਹ ਮਹਿੰਗੀ ਮਹਿੰਗੀ ਮਸ਼ੀਨਰੀ ਖਰੀਦ ਸਕਣ। ਇਸ ਸਮੱਸਿਆ ਦੇ ਹੱਲ ਸਰਕਾਰ ਨੂੰ ਚਾਹੀਦਾ ਹੈ ਕਿ ਕੁਝ ਵਾਜਿਬ ਹੱਲ ਕੱਢੇ ਜਾਣ। ਪਿਛਲੇ ਕੁਝ ਸਮੇਂ ਵਿੱਚ ਸਰਕਾਰ ਵੱਲੋਂ ਬਠਿੰਡੇ ਵਿਖੇ ਸਥਿੱਤ ਥਰਮਲ ਪਲਾਂਟ ਨੂੰ ਕੋਲੇ ਦੀ ਜਗ੍ਹਾ ਤੇ ਪਰਾਲੀ ਨਾਲ ਚਲਾਉਣ ਦੀ ਯੋਜਨਾ ਬਣਾਈ ਗਈ ਸੀ, ਪਰ ਉਹ ਯੋਜਨਾ ਕੇਵਲ ਯੋਜਨਾ ਬਣ ਕੇ ਹੀ ਰਹਿ ਗਈ। ਜੇਕਰ ਕਿਤੇ ਉਸ ਯੋਜਨਾ ਨੂੰ ਅਮਲੀ ਰੂਪ ਦਿੱਤਾ ਹੁੰਦਾ ਤਾਂ ਪਰਾਲੀ ਨੂੰ ਸਾਂਭਣ ਵਿੱਚ ਆ ਰਹੀ ਔਕੜ ਨਾਲ ਅਰਾਮ ਨਾਲ ਨਜਿੱਠਿਆ ਜਾ ਸਕਦਾ ਸੀ।

ਅੰਤ ਵਿੱਚ ਇਹੀ ਕਹਿ ਸਕਦੇ ਹਾਂ ਕਿ ਸਰਕਾਰਾਂ ਨੂੰ ਚਾਹੀਦਾ ਹੈ ਕਿ ਹਰ ਵਾਰ ਕਿਸਾਨਾਂ ਦੀ ਪਿੱਠ ਵਿੱਚ ਹੀ ਛੁਰਾ ਨਾ ਖੁਭਾਇਆ ਜਾਵੇ, ਬਲਕਿ ਕਿਸਾਨਾਂ ਦੇ ਹਮਦਰਦ ਬਣ ਕਿਸਾਨਾਂ ਦੇ ਹੱਕ ਵਿੱਚ ਕਾਨੂੰਨ ਬਣਾਏ ਜਾਣ।

# ਭਾਰਤ ਵਿਚ ਭੁੱਖਮਰੀ ਉੱਪਰ ਕਾਬੂ ਕਿਵੇਂ ਪਾਇਆ ਜਾਵੇ?



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

16 ਅਕਤੂਬਰ, 2020 ਨੂੰ 'ਕਨਸਰਨ ਵਰਲਡਵਾਈਡ' ਅਤੇ 'ਵੈਲਟਹੰਗਰਹਾਈਫ਼' ਸੰਸਥਾਵਾਂ ਵੱਲੋਂ ਜਾਰੀ ਕੀਤੀ ਗਈ 'ਗਲੋਬਲ ਹੰਗਰ ਇੰਡੈਕਸ' (ਜੀ.ਐੱਚ.ਆਈ.) ਰਿਪੋਰਟ ਤੋਂ ਬਹੁਤ ਹੀ ਦੁੱਖਦਾਈ ਅਤੇ ਨਿਰਾਸ਼ਾਜਨਕ ਤੱਥ ਸਾਹਮਣੇ ਆਇਆ ਕਿ ਇਨ੍ਹਾਂ ਦੋਵਾਂ ਸੰਸਥਾਵਾਂ ਵੱਲੋਂ 107 ਮੁਲਕਾਂ ਲਈ ਤਿਆਰ ਕੀਤੇ ਗਏ ਭੁੱਖਮਰੀ ਦੇ ਇੰਡੈਕਸ ਵਿਚ ਭਾਰਤ ਦਾ ਸਥਾਨ 94ਵਾਂ ਆਇਆ ਹੈ। ਇਸ ਦਾ ਭਾਵ ਇਹ ਹੈ ਕਿ ਕੌਮਾਂਤਰੀ ਪੱਧਰ ਉੱਤੇ ਭੁੱਖਮਰੀ ਸੰਬੰਧੀ ਸਿਰਫ਼ 13 ਮੁਲਕਾਂ ਵਿਚ ਹੀ ਸਾਡੇ ਨਾਲੋਂ ਵੱਧ ਮਾੜੀ ਅਤੇ 93 ਮੁਲਕਾਂ ਸਾਡੇ ਨਾਲੋਂ ਘੱਟ ਮਾੜੀ ਹਾਲਤ ਹੈ। ਭੁੱਖਮਰੀ ਦੇ ਸੰਬੰਧ ਵਿਚ ਭਾਰਤ ਸਿਰਫ਼ 'ਬਰਿਕਸ' ਮੁਲਕਾਂ ਬਰਾਜ਼ੀਲ (ਪਹਿਲਾ), ਰੂਸ (18ਵਾਂ), ਭਾਰਤ (94ਵਾਂ), ਚੀਨ (ਪਹਿਲਾ) ਅਤੇ ਦੱਖਣੀ ਅਫ਼ਰੀਕਾ (60ਵਾਂ) ਵਿਚੋਂ ਹੀ ਪਿੱਛੇ ਨਹੀਂ, ਸਗੋਂ ਸਾਡੇ ਗੁਵਾਂਢੀ ਛੋਟੇ ਮੁਲਕਾਂ ਨੇਪਾਲ (73ਵਾਂ), ਬੰਗਲਾਦੇਸ਼ (75ਵਾਂ) ਅਤੇ ਪਾਕਿਸਤਾਨ (80ਵਾਂ) ਵਿਚ ਵੀ ਸਾਡੇ ਨਾਲੋਂ ਘੱਟ ਮਾੜੀ ਹਾਲਤ ਹੈ। ਭੁੱਖਮਰੀ ਦੀ ਦਰਜਾਬੰਦੀ ਕਰਨ ਵਾਲ਼ੀਆਂ ਸੰਸਥਾਵਾਂ ਨੇ ਭੁੱਖਮਰੀ ਦੇ ਸੰਬੰਧ ਵਿਚ ਭਾਰਤ ਨੂੰ 'ਚਿੰਤਾਜਨਕ ਸ਼੍ਰੇਣੀ' ਵਿਚ ਰੱਖਿਆ ਹੈ ਜੋ ਸਾਡੇ ਲਈ ਬਹੁਤ ਹੀ ਚਿੰਤਾ ਵਾਲ਼ਾ ਅਤੇ ਭਾਰਤ ਦੇ ਹੁਕਮਰਾਨਾਂ ਅਤੇ ਭਾਰਤੀ ਸਮਾਜ ਦੇ ਜਾਗਣ ਦੇ ਵੇਲੇ ਨੂੰ ਸਾਹਮਣੇ ਲਿਆਉਂਦਾ ਹੈ।

ਇਨ੍ਹਾਂ ਦੋਵਾਂ ਸੰਸਥਾਵਾਂ ਵੱਲੋਂ 'ਗਲੋਬਲ ਹੰਗਰ ਇੰਡੈਕਸ' ਦੁਨੀਆ ਵਿਚ ਭੁੱਖਮਰੀ ਖਿਲਾਫ਼ ਜਾਗਰੂਕਤਾ ਅਤੇ ਸਮਝ ਨੂੰ ਵਧਾਉਣ ਲਈ ਹਰ ਸਾਲ ਬਣਾਇਆ ਅਤੇ ਜਾਰੀ ਕੀਤਾ ਜਾਂਦਾ ਹੈ। ਭੁੱਖਮਰੀ ਦੀ ਬਹੁ-ਦ੍ਰਿਸ਼ਾਵੀ ਪ੍ਰਕ੍ਰਿਤੀ ਨੂੰ ਸਮਝਣ ਲਈ ਇਸ ਦੀ ਦਰਜਾਬੰਦੀ 4 ਸੂਚਕਾਂ ਦੇ ਅਧਾਰ ਉੱਪਰ ਤਿਆਰ ਕੀਤੀ ਜਾਂਦੀ ਹੈ। ਪਹਿਲਾ ਸੂਚਕ ਉਨ੍ਹਾਂ ਲੋਕਾਂ ਨਾ਼ਲ ਸੰਬੰਧਿਤ ਹੈ ਜਿਨ੍ਹਾਂ ਨੂੰ ਅਪੂਰਨ ਖੁਰਾਕ ਮਿਲਦੀ ਹੈ। ਦੂਜੇ ਸੂਚਕ ਦਾ ਸੰਬੰਧ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਹੈ ਜਿਨ੍ਹਾਂ ਦੀ ਲੰਬਾਈ ਅਨੁਸਾਰ ਉਨ੍ਹਾਂ ਦਾ ਵਜ਼ਨ ਘੱਟ ਹੈ। ਤੀਜਾ ਸੂਚਕ 5 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਬੱਚਿਆਂ ਨਾ਼ਲ ਸੰਬੰਧਿਤ ਹੈ ਜਿਨ੍ਹਾਂ ਦੀ ਉਮਰ ਅਨੁਸਾਰ ਉਨ੍ਹਾਂ ਦੀ ਲੰਬਾਈ ਘੱਟ ਹੋਵੇ। ਚੌਥੇ ਅਤੇ ਆਖ਼ਰੀ ਸੂਚਕ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਨਾ਼ਲ ਸੰਬੰਧਿਤ ਹੈ।

ਭਾਰਤ ਦੇ ਹੁਕਮਰਾਨ ਅਤੇ ਸਰਕਾਰੀ ਅਰਥ ਵਿਗਿਆਨੀ ਨੇੜਲੇ ਭਵਿੱਖ ਵਿਚ ਮੁਲਕ ਨੂੰ ਕੌਮਾਂਤਰੀ ਮਹਾਸ਼ਕਤੀ ਵਜੋਂ ਪ੍ਰਚਾਰਦੇ ਥੱਕਦੇ ਨਹੀਂ ਹਨ। ਮੁਲਕ ਦੇ ਹੁਕਮਰਾਨ ਆਰਥਿਕ ਵਿਕਾਸ ਦਰ ਬਾਰੇ ਖਬਤੀ ਹੋ ਗਏ ਜਾਪਦੇ ਹਨ। ਜਦੋਂ ਮੁਲਕ ਦੀ ਆਰਥਿਕ ਵਿਕਾਸ ਦਰ ਤੇਜ਼ੀ ਨਾ਼ਲ ਵਧ ਰਹੀ ਹੁੰਦੀ ਹੈ ਤਾਂ ਸਾਡੇ ਹੁਕਮਰਾਨ ਆਪਣੀ ਪਿੱਠ ਆਪੇ ਹੀ ਥਪਥਪਾਉਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ ਅਤੇ ਸਰਕਾਰੀ ਅਰਥਵਿਗਿਆਨੀ ਆਪਣਾ ਧਰਮ ਨਿਭਾਉਂਦੇ ਹੋਏ ਦਰਬਾਰੀ ਰਾਗ ਅਲਾਪਣ ਵਿਚ ਆਪਣੀ ਸਮਰੱਥਾ ਤੋਂ ਵੱਧ ਜ਼ੋਰ ਲਗਾਉਂਦੇ ਦੇਖੇ ਜਾਂਦੇ ਹਨ। ਜਦੋਂ ਆਰਥਿਕ ਵਿਕਾਸ ਦਰ ਥੱਲੇ ਵੱਲ ਨੂੰ ਆਉਣਾ ਸ਼ੁਰੂ ਕਰੇ ਜਾਂ ਇਸ ਵਿਚ ਖੜੋਤ ਜਾਂ ਇਹ ਮਨਫ਼ੀ ਵਿਚ ਆ ਜਾਵੇ ਤਾਂ ਸਾਡੇ ਹੁਕਮਰਾਨ ਅਖੌਤੀ ਲੋਕ-ਪੱਖੀ ਆਰਥਿਕ ਸੁਧਾਰਾਂ ਦੇ ਨਾਮ ਥੱਲੇ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਅਤੇ ਲੋਕ-ਵਿਰੋਧੀ ਫ਼ੈਸਲੇ ਲੈਣ ਵਿਚ ਥੋੜ੍ਹਾ ਜਿਹਾ ਸਮਾਂ ਵੀ ਨਹੀਂ ਲਗਾਉਂਦੇ।

ਸਰਕਾਰ ਅਤੇ ਇਸ ਦੇ ਵੱਖ ਵੱਖ ਅਦਾਰਿਆਂ ਵਿਚ ਆਪਣੇ ਦਾਖ਼ਲੇ ਜਾਂ ਇਨ੍ਹਾਂ ਤੋਂ ਨਿੱਕੀਆਂ ਨਿੱਕੀਆਂ ਵਿਅਰਥ ਰਿਆਇਤਾ ਲੈਣ ਵਾ਼ਲੇ ਅਰਥਵਿਗਿਆਨੀਆਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਇਨ੍ਹਾਂ ਅਰਥਵਿਗਿਆਨੀਆਂ ਦੁਆਰਾ ਮੁਲਕ ਦੇ ਹੁਕਮਰਾਨਾਂ ਦੁਆਰਾ ਅਪਣਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਤੋਂ ਸਿੱਖਿਆ ਅਤੇ ਸਿਹਤ-ਸੰਭਾਲ ਦੇ ਖੇਤਰਾਂ ਵਿਚ ਮਾਰੀਆਂ ਮੱਲਾਂ ਦੇ ਬਹੁਤ ਸਾਰੇ ਦਾਅਵੇ ਸ਼ਰੇਆਮ ਪ੍ਰਚਾਰੇ ਜਾਂਦੇ ਹਨ ਜਿਸ ਲਈ ਇਹ ਆਪਣੇ ਕੋ਼ਲੋ ਅੰਕੜੇ ਬਣਾਕੇ ਨਤੀਜਾ-ਪ੍ਰਮੁੱਖ ਅਧਿਐਨਾਂ ਦਾ ਸਹਾਰਾ ਲੈਂਦੇ ਹਨ। ਬੇਸ਼ੱਕ ਮੁਲਕ ਵਿਚ ਉੱਚ ਮਿਆਰ ਦੇ ਗ਼ੈਰ-ਸਰਕਾਰੀ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਵਿੱਦਿਅਕ ਸੰਸਥਾਵਾਂ ਅਤੇ ਹਸਪਤਾਲਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਇਨ੍ਹਾਂ ਵਿੱਦਿਅਕ ਸੰਸਥਾਵਾਂ ਵਿਚ ਪੜ੍ਹੇ ਵਿਦਿਆਰਥੀਆਂ ਨੂੰ ਚੰਗੀਆਂ ਨੌਕਰੀਆਂ ਮਿਲ ਰਹੀਆਂ ਹਨ ਅਤੇ ਇਨ੍ਹਾਂ



ਹਸਪਤਾਲਾਂ ਵਿਚੋਂ ਇਲਾਜ ਕਰਵਾਉਣ ਵਾ਼ਲੇ ਸੱਜਣਾਂ ਵਿਚ ਬਹੁਤੇ ਤੰਦਰੁਸਤ ਹੋ ਰਹੇ ਹਨ, ਪਰ ਇਨ੍ਹਾਂ ਵਿੱਦਿਅਕ ਸੰਸਥਾਵਾਂ ਅਤੇ ਹਸਪਤਾਲਾਂ ਤੱਕ ਪਹੁੰਚ ਅਮੀਰਾਂ ਅਤੇ ਕੁਝ ਕੁ ਕੇਸਾਂ ਵਿਚ ਬਾਹਰਲੇ ਮੁਲਕਾਂ ਦੇ ਨਿਵਾਸੀਆਂ ਦੀ ਹੈ। ਸਰਕਾਰੀ ਵਿੱਦਿਅਕ ਸੰਸਥਾਵਾਂ ਅਤੇ ਹਸਪਤਾਲਾਂ ਲਈ ਵਿੱਤੀ ਅਤੇ ਹੋਰ ਸਾਧਨਾਂ ਦਾ ਸੋਕਾ ਲਵਾ ਕੇ ਉਨ੍ਹਾਂ ਦਾ ਦਮ ਤੋੜਦੇ ਹੋਏ ਉਨ੍ਹਾਂ ਨੂੰ ਵੱਖ ਵੱਖ ਅਧਾਰਾਂ ਉੱਤੇ ਪੂਰਾ ਜ਼ੋਰ ਲਾਕੇ ਭੰਡਿਆ ਜਾਂਦਾ ਹੈ।

ਪਿਛਲੇ ਕਾਫ਼ੀ ਸਮੇਂ ਤੋਂ ਮੁਲਕ ਵਿਚ ਆਰਥਿਕ ਅਸਮਾਨਤਾਵਾਂ ਵਧ ਰਹੀਆਂ ਹਨ। ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ 1951 ਤੋਂ ਸ਼ੁਰੂ ਕੀਤੀਆਂ ਗਈਆਂ ਪੰਜ ਸਾਲਾਂ ਯੋਜਨਾਵਾਂ ਦੇ ਬਹੁਤ ਸਾਰਥਿਕ ਨਤੀਜੇ ਆਏ। ਮੁਲਕ ਵਿਚ ਕੀਤੇ ਗਏ ਵੱਖ ਵੱਖ ਖੋਜ ਅਧਿਐਨਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਯੋਜਨਾਬੰਦੀ ਦੇ ਸਮੇਂ (1951-80) ਦੌਰਾਨ ਮੁਲਕ ਵਿਚ ਆਰਥਿਕ ਅਸਮਾਨਤਾਵਾਂ ਘਟੀਆਂ। ਮੁਲਕ ਦੇ ਹੁਕਮਰਾਨਾਂ ਵੱਲੋਂ 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੇਅਰ ਵਿਚ ਅਤੇ ਹੁਣ ਤਾਂ ਇਸ ਦਾ ਭੋਗ ਹੀ ਪਾ ਦਿੱਤਾ ਗਿਆ ਹੈ।

ਔਕਸਫੈਮ ਅਤੇ ਕੁਝ ਹੋਰ ਕੌਮਾਂਤਰੀ ਅਤੇ ਰਾਸ਼ਟਰੀ ਸੰਸਥਾਵਾਂ ਦੇ ਅਧਿਐਨਾਂ ਅਨੁਸਾਰ ਭਾਰਤ ਵਿਚ ਅਤਿ ਦੇ ਅਮੀਰ 1 ਫ਼ੀਸਦ ਅਤੇ ਬਾਕੀ ਦੇ 99 ਫ਼ੀਸਦ ਲੋਕਾਂ ਵਿਚਕਾਰ ਆਰਥਿਕ ਅਸਮਾਨਤਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ। ਮੁਲਕ ਅੰਦਰ ਪੈਦਾ ਕੀਤੀ ਜਾ ਰਹੀ ਦੌਲਤ/ਸੰਪੱਤੀ ਵਿਚੋਂ ਇਕ ਵੱਡਾ ਹਿੱਸਾ (ਤਕਰੀਬਨ ਤਿੰਨ-ਚੌਥਾਈ) ਇਨ੍ਹਾਂ ਅਤਿ ਦੇ 1 ਫ਼ੀਸਦ ਅਮੀਰਾਂ ਨੂੰ ਹੀ ਜਾ ਰਿਹਾ ਹੈ।

ਇਸ ਤੱਥ ਵਿਚ ਕੋਈ ਸ਼ੱਕ ਦੀ ਗੁਜ਼ਾਇਸ਼ ਨਹੀਂ ਕਿ ਮੁਲਕ ਵਿਚ 'ਨਵੀਆਂ ਆਰਥਿਕ ਨੀਤੀਆਂ' ਅਪਣਾਉਣ ਤੋਂ ਬਾਅਦ ਕੁਝ ਸਮੇਂ ਲਈ ਆਰਥਿਕ ਵਿਕਾਸ ਦਰ ਵਿਚ ਤੇਜ਼ੀ ਆਈ ਜੋ ਪਿਛਲੇ ਕੁਝ ਅਰਸੇ ਤੋਂ ਥੱਲੇ ਵੱਲ ਨੂੰ ਸਿਰਕਦੀ ਹੋਈ ਵਰਤਮਾਨ ਸਮੇਂ ਦੌਰਾਨ ਕਰੋਨਾਵਾਇਰਸ ਮਹਾਮਾਰੀ ਦੇ ਸੰਕਟ ਕਾਰਨ ਤੇਜ਼ੀ ਨਾ਼ਲ ਸੁੰਗੜਦੀ ਹੋਈ ਮਨਫ਼ੀ ਦੇ ਅੰਕੜਿਆਂ ਵਿਚ ਵੀ ਆ ਗਈ ਹੈ। ਜਿੱਥੋਂ ਤੱਕ ਆਰਥਿਕ ਵਿਕਾਸ ਦੇ ਫ਼ਾਇਦਿਆਂ ਦੀ ਵੰਡ ਦਾ ਸੁਆਲ ਹੈ ਉਸ ਸੰਬੰਧ ਵਿਚ ਨਿਰਾਸ਼ਾ ਹੀ ਪੱਲੇ ਪਈ ਹੈ। ਸਰਮਾਏਦਾਰ/ਕਾਰਪੋਰੇਟ ਜਗਤ ਆਰਥਿਕ ਵਿਕਾਸ ਦੇ ਫ਼ਾਇਦਿਆਂ ਨੂੰ ਆਪਣੇ ਤੱਕ ਹੀ ਸੀਮਤ ਕਰਨ ਲਈ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗਾਂ-ਤਰੀਕਿਆਂ ਨੂੰ ਵਰਤ ਰਿਹਾ ਹੈ ਅਤੇ ਸਮਾਜ ਦੇ ਕਿਰਤੀ ਵਰਗਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ। ਇਸ ਦੇ ਨਾ਼ਲ ਨਾ਼ਲ ਆਉਣ ਵਾ਼ਲੀਆਂ ਪੀੜ੍ਹੀਆਂ ਦੇ ਹਿੱਤਾਂ ਦਾ ਵੀ ਬਣਦਾ ਖਿਆਲ ਨਹੀਂ ਰੱਖਿਆ ਜਾ ਰਿਹਾ।

ਸਰਕਾਰੀ ਅੰਕੜਿਆਂ ਅਨੁਸਾਰ 2009-10 ਦੌਰਾਨ ਮੁਲਕ ਦੇ ਕਿਰਤੀਆਂ ਵਿਚੋਂ 84.17 ਫ਼ੀਸਦ ਗ਼ੈਰ-ਸੰਗਠਿਤ ਅਤੇ 15.83 ਫ਼ੀਸਦ ਸੰਗਠਿਤ ਖੇਤਰਾਂ ਵਿਚ ਕੰਮ ਕਰਦੇ ਹਨ। ਇਸ ਤੱਥ ਤੋਂ ਵੀ ਕਿਤੇ ਵੱਧ ਦੁੱਖਦਾਈ ਪਹਿਲੂ ਇਹ ਹੈ ਕਿ 92.83 ਫ਼ੀਸਦ ਕਿਰਤੀ ਗ਼ੈਰ-ਰਸਮੀ ਅਤੇ ਸਿਰਫ਼ 7.17 ਫ਼ੀਸਦ ਕਿਰਤੀ ਰਸਮੀ ਰੁਜ਼ਗਾਰ ਵਿਚ ਹਨ। ਇਸ ਸੰਬੰਧ ਵਿਚ ਇਹ ਤੱਥ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਕੁਝ ਕਿਰਤੀਆਂ ਨੂੰ ਸੰਗਠਿਤ ਖੇਤਰ ਵਿਚ ਰੁਜ਼ਗਾਰ ਠੇਕੇਦਾਰ ਪ੍ਰਣਾਲੀ ਅਧੀਨ ਦਿੱਤਾ ਜਾਂਦਾ ਹੈ ਜਿਸ ਕਾਰਨ ਇਨ੍ਹਾਂ ਕਿਰਤੀਆਂ ਹੀ ਹਾਲਤ ਗ਼ੈਰ-ਸੰਗਠਿਤ ਅਤੇ ਗ਼ੈਰ-ਰਸਮੀ ਖੇਤਰਾਂ ਦੇ ਕਿਰਤੀਆਂ ਵਰਗੀ ਹੀ ਹੈ।

ਮੁਲਕ ਦੀ ਅੱਧੀ ਦੇ ਕਰੀਬ ਅਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ ਜਿਸ ਨੂੰ ਸਰਕਾਰੀ ਅੰਕੜਿਆਂ ਅਨੁਸਾਰ ਰਾਸ਼ਟਰੀ ਆਮਦਨ ਵਿੱਚੋਂ ਸਿਰਫ਼ 16 ਫ਼ੀਸਦ ਦੇ ਕਰੀਬ ਹੀ ਦਿੱਤਾ ਜਾ ਰਿਹਾ ਹੈ। ਮੁਲਕ ਵਿਚ ਕੀਤੇ ਗਏ ਵੱਖ ਵੱਖ ਖੋਜ ਅਧਿਐਨਾਂ ਤੋਂ ਸਾਹਮਣੇ ਆਇਆ ਹੈ ਕਿ ਮੁਲਕ ਦੇ ਬਹੁਤ ਜ਼ਿਆਦਾ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਪਣੀਆਂ ਆਉਣ ਵਾ਼ਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ ਅਤੇ ਘੋਰ ਗ਼ਰੀਬੀ ਛੱਡਕੇ ਜਾਂ ਤਾਂ ਤੰਗੀਆਂ-ਤੁਰਸ਼ੀਆਂ ਵਾ਼ਲੀ ਮੌਤ ਮਰ ਜਾਂਦੇ ਹਨ ਜਾਂ ਖ਼ੁਦਕੁਸ਼ੀਆਂ ਵੀ ਕਰ ਰਹੇ ਹਨ।

ਖੇਤੀਬਾੜੀ ਉਪਾਦਨ ਵਧਾਉਣ ਲਈ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਲਗਾਤਾਰ ਵਧਦੀ ਵਰਤੋਂ ਕਾਰਨ ਖੇਤੀਬਾੜੀ ਕਾਮਿਆਂ ਲਈ ਰੁਜ਼ਗਾਰ ਦੇ ਮੌਕੇ ਤੇਜ਼ੀ ਨਾ਼ਲ ਘਟ ਰਹੇ ਹਨ। ਇਸ ਸੰਬੰਧ ਵਿਚ ਸਭ ਤੋਂ ਵੱਡੀ ਮਾਰ ਖੇਤੀਬਾੜੀ ਆਰਥਿਕਤਾ ਦੀ ਪੌੜੀ ਦੇ ਥੱਲੇ ਵਾ਼ਲੇ ਦੋ ਡੰਡਿਆਂ - ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ - ਉੱਪਰ ਜ਼ਿਆਦਾ ਪੈਂਦੀ ਹੈ ਜੋ ਸਾਧਨ-ਵਿਹੂਣੇ ਹੋਣ ਕਾਰਨ ਪਹਿਲਾਂ ਹੀ ਜ਼ਿਆਦਾ ਟੁੱਟਦੇ ਅਤੇ ਘਸਦੇ ਅਤੇ ਜਿਨ੍ਹਾਂ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ।

ਮੁਲਕ ਦੇ ਆਰਥਿਕ ਵਿਕਾਸ, ਵੰਡ ਅਤੇ ਭੁੱਖਮਰੀ ਇਸ ਦੇ ਫ਼ਾਇਦਿਆਂ ਦੀ ਵੰਡ ਭੁੱਖਮਰੀ ਸੰਬੰਧੀ ਸਾਹਮਣੇ ਆਏ ਤੱਥ ਕਿਸੇ ਵੀ ਸੰਵੇਦਨਸ਼ੀਲ ਵਿਅਕਤੀ ਨੂੰ ਸੋਚਣ ਲਈ ਮਜਬੂਰ ਕਰ ਦਿੰਦੇ ਹਨ ਕਿ ਮੁਲਕ ਵਿਚ ਕਿਹੜਾ ਆਰਥਿਕ ਵਿਕਾਸ ਮਾਡਲ ਅਪਣਾਇਆ ਜਾਵੇ ਜਿਸ ਦੁਆਰਾ ਭੁੱਖਮਰੀ ਤੋਂ ਖਹਿੜਾ ਛੁਡਵਾਉਂਦੇ ਹੋਏ ਚੰਗੀ ਜ਼ਿੰਦਗੀ ਜਿਊਣੀ ਸੰਭਵ ਹੋ ਸਕੇ। ਮੁਲਕ ਦਾ ਆਰਥਿਕ ਵਿਕਾਸ ਮਹੱਤਵਪੂਰਨ ਹੁੰਦਾ ਹੈ, ਪਰ ਉਸ ਤੋਂ ਕਿਤੇ ਵੱਧ ਮਹੱਤਵਪੂਰਨ ਇਹ ਹੁੰਦਾ ਹੈ ਕਿ ਆਰਥਿਕ ਵਿਕਾਸ ਦੇ ਫ਼ਾਇਦੇ ਤਰਜੀਹੇ ਤੌਰ ਉੱਤੇ ਕਿਰਤੀ ਵਰਗਾਂ ਤੱਕ ਪਹੁੰਚਾਏ ਜਾਣੇ ਯਕੀਨੀ ਹੋਣ। ਮੁਲਕ ਦੇ ਕਿਰਤੀ ਵਰਗਾਂ ਨੂੰ ਭੁੱਖਮਰੀ ਤੋਂ ਬਚਾਉਣ ਲਈ ਜ਼ਰੂਰੀ ਹੈ ਕਿ ਮੁਲਕ ਦੀ ਰਾਸ਼ਟਰੀ ਆਮਦਨ ਵਿਚੋਂ ਉਨ੍ਹਾਂ ਦਾ ਬਣਦਾ ਹਿੱਸਾ ਦੇਣਾ ਯਕੀਨੀ ਬਣਾਇਆ ਜਾਵੇ ਜਿਸ ਨਾਲ ਉਨ੍ਹਾਂ ਵਰਗਾਂ ਦੀਆਂ ਬੁਨਿਆਦੀ ਲੋੜਾਂ ਜਿਵੇਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਸਤਿਕਾਰਯੋਗ ਢੰਗ ਨਾਲ ਪੂਰੀਆਂ ਹੋ ਸਕਣ।

ਅਜਿਹਾ ਕਰਨ ਲਈ ਮੁਲਕ ਵਿਚ ਜਨਤਕ ਖੇਤਰ ਦੇ ਵਿਸਥਾਰ ਅਤੇ ਵਿਕਾਸ ਦੇ ਨਾ਼ਲ ਨਾ਼ਲ ਸਰਮਾਏਦਾਰ/ਕਾਰ-ਪੋਰੇਟ ਖੇਤਰ ਦੀ ਸਖ਼ਤ ਨਿਗਰਾਨੀ ਅਤੇ ਨਿਯੰਤਰਨ ਕਰਨਾ ਯਕੀਨੀ ਬਣਾਇਆ ਜਾਣਾ ਅਤਿ ਜ਼ਰੂਰੀ ਹੈ। ਅਜਿਹਾ ਕਰਦੇ ਸਮੇਂ ਮਗਨਰੇਗਾ ਅਤੇ ਉਸ ਵਰਗੀਆਂ ਹੋਰ ਰੁਜ਼ਗਾਰ ਦੀਆਂ ਸਕੀਮਾਂ ਨੂੰ ਪਿੰਡਾਂ ਅਤੇ ਸ਼ਹਿਰਾਂ ਵਿਚ ਇਸ ਤਰ੍ਹਾਂ ਲਾਗੂ ਕੀਤਾ ਜਾਵੇ ਜਿਸ ਅਧੀਨ ਸਰਕਾਰਾਂ ਦੁਆਰਾ ਨਿਰਧਾਰਤ ਘੱਟੋ-ਘੱਟ ਮਜ਼ਦੂਰੀ ਦਰਾਂ ਉੱਪਰ ਸਾਰੇ ਕੰਮ ਕਰਨ ਵਾ਼ਲੇ ਕਿਰਤੀਆਂ ਲਈ ਸਾਰਾ ਸਾਲ ਰੁਜ਼ਗਾਰ ਦੇਣਾ ਯਕੀਨੀ ਬਣਾਇਆ ਅਤੇ ਜਨਤਕ ਵੰਡ ਪ੍ਰਣਾਲੀ ਨੂੰ ਕਿਰਤੀਆਂ ਦੀ ਲੋੜਾਂ ਅਨੁਸਾਰ ਚੁਸਤ-ਦਰੁਸਤ ਕੀਤਾ ਜਾਵੇ।

ਅਜਿਹੇ ਉਪਰਾਲੇ ਕਰਨੇ ਸੰਭਵ ਬਣਾਉਣ ਲਈ 'ਗ਼ਰੀਬੀ ਦੀ ਰੇਖਾ' ਦੀ ਤਰ੍ਹਾਂ 'ਖੁਸ਼ਹਾਲੀ ਦੀ ਰੇਖਾ' ਨੂੰ ਮੁਲਕ ਦੀਆਂ ਲੋੜਾਂ ਅਨੁਸਾਰ ਸਮਝਦਾਰੀ ਨਾ਼ਲ ਪਰਿਭਾਸ਼ਤ ਕਰਦਿਆਂ ਆਰਥਿਕ ਵਿਕਾਸ ਦੇ ਫ਼ਾਇਦੇ ਲੈਣ ਵਾ਼ਲੇ ਅਮੀਰ ਲੋਕਾਂ ਦੀ ਆਮਦਨ, ਸੰਪੱਤੀ, ਪੂੰਜੀ ਆਦਿ ਉੱਪਰ ਕਰਾਂ ਨੂੰ ਉਨ੍ਹਾਂ ਦੀ ਸਮਰੱਥਾ ਅਨੁਸਾਰ ਲਗਾਉਣਾ/ਵਧਾਉਣਾ ਅਤੇ ਵਸੂਲਣਾ ਜ਼ਰੂਰੀ ਹੈ ਜੋ ਕਿਰਤੀ ਵਰਗਾਂ ਸਮੇਤ ਪੂਰੇ ਮੁਲਕ ਦੇ ਹੱਕ ਵਿਚ ਹੋਵੇਗਾ।

## ਐੱਫ ਡੀ ਏ ਨੇ ਕੋਰੋਨਾ ਦੇ ਇਲਾਜ ਲਈ ਮੋਨੋਕਲੋਨਲ ਐਂਟੀਬਾਡੀ ਦੀ ਐਮਰਜੈਂਸੀ ਵਰਤੋਂ ਨੂੰ ਦਿੱਤੀ ਮਨਜ਼ੂਰੀ

**ਗੁਰਿੰਦਰਜੀਤ ਨੀਟਾ ਮਾਛੀਕੇ, ਫਰਿਜ਼ਨੋ (ਕੈਲੀਫੋਰਨੀਆਂ)-** ਸੰਯੁਕਤ ਰਾਜ ਦੇ ਸਿਹਤ ਅਧਿਕਾਰੀਆਂ ਨੇ ਇਮਊਨਿਟੀ ਪ੍ਰਣਾਲੀ ਨੂੰ ਛੌਂਤੀਧ-19 ਨਾਲ ਲੜਨ ਲਈ ਪਹਿਲੀ ਮੋਨੋਕਲੋਨਲ ਐਂਟੀਬਾਡੀ ਦਵਾਈ ਦੀ ਸੰਕਟਕਾਲੀਨ ਵਰਤੋਂ ਨੂੰ ਆਗਿਆ ਦਿੱਤੀ ਹੈ। ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (FDA) ਨੇ ਸੋਮਵਾਰ ਨੂੰ ਐਲੀ ਲਿਲੀ ਦੁਆਰਾ 12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਘੱਟ ਜਾਂ ਦਰਮਿਆਨੇ ਕੋਰੋਨਾਂ ਦੇ ਲੱਛਣਾਂ ਵਾਲੇ ਲੋਕਾਂ ਲਈ ਪ੍ਰਯੋਗਿਕ ਦਵਾਈ ਨੂੰ ਹਰੀ ਝੰਡੀ ਦਿੱਤੀ ਹੈ, ਇਸ ਨਾਲ ਮਰੀਜ਼ ਨੂੰ ਹਸਪਤਾਲ ਵਿੱਚ ਦਾਖਲ ਹੋਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਇੱਕ ਸਮੇਂ ਦਾ ਇਲਾਜ਼ ਹੈ ਜੋ ਤਿੜ(ਨਾੜੀ ਪ੍ਰਣਾਲੀ) ਦੁਆਰਾ ਦਿੱਤਾ ਜਾਂਦਾ ਹੈ। ਇਹ ਥੈਰੇਪੀ ਅਜੇ ਵੀ ਆਪਣੀ ਸੁਰੱਖਿਆ ਅਤੇ ਪ੍ਰਭਾਵਸ਼ੀਲਤਾ ਸਥਾਪਤ ਕਰਨ ਲਈ ਵਾਧੂ ਜਾਂਚ ਕਰ ਰਹੀ ਹੈ। ਇਸ ਐਂਟੀਬਾਡੀ ਡਰੱਗ ਬਾਰੇ ਲਿੱਲੀ ਕੰਪਨੀ ਦਾ ਅਧਿਐਨ ਜਾਰੀ ਹੈ ਜਦਕਿ ਇਸਦੇ ਮੁੱਢਲੇ ਨਤੀਜੇ ਦੱਸਦੇ ਹਨ ਕਿ ਇਹ ਘੱਟ ਵਾਇਰਸ ਵਾਲੇ ਲੋਕਾਂ ਦੇ ਹਸਪਤਾਲ ਦਾਖਲੇ ਨੂੰ ਘਟਾਉਣ ਵਿਚ ਸਹਾਇਤਾ ਕਰ ਸਕਦੀ ਹੈ। ਹਸਪਤਾਲ ਵਿੱਚ ਦਾਖਲ ਮਰੀਜ਼ਾਂ ਤੇ ਇਸਦਾ ਅਧਿਐਨ ਉਦੋਂ ਬੰਦ ਕਰ ਦਿੱਤਾ ਗਿਆ ਸੀ ਜਦੋਂ ਨਿਰੀਖਕਾਂ ਨੇ ਇਸ ਡਰੱਗ ਨੂੰ ਦਾਖਲ ਗੰਭੀਰ ਮਰੀਜ਼ਾਂ ਉੱਪਰ ਘੱਟ ਅਸਰਦਾਰ ਨੋਟ ਕੀਤਾ ਸੀ। ਇੱਕ ਆਮ ਸਮੇਂ ਵਿੱਚ, ਐਫ ਡੀ ਏ ਨੂੰ ਇਹ ਦਰਸਾਉਣ ਲਈ ਸਬੂਤ ਦੀ ਲੋੜ ਹੁੰਦੀ ਹੈ ਕਿ ਇੱਕ ਦਵਾਈ ਸੁਰੱਖਿਅਤ ਅਤੇ ਪ੍ਰਭਾਵੀ ਹੈ ਪਰ ਜਨਤਕ ਸਿਹਤ ਐਮਰਜੈਂਸੀ ਦੌਰਾਨ ਏਜੰਸੀ ਉਨ੍ਹਾਂ ਮਾਪਦੰਡਾਂ ਨੂੰ ਘਟਾ ਸਕਦੀ ਹੈ ਜੇਕਰ ਕਿਸੇ ਦਵਾਈ ਦੇ ਪ੍ਰਯੋਗਾਤਮਿਕ ਇਲਾਜ ਦੇ ਲਾਭ ਇਸ ਦੇ ਜੋਖਮਾਂ ਤੋਂ ਜਿਆਦਾ ਹੋਣ। ਸਰਕਾਰ ਨੇ ਲਿੱਲੀ ਨਾਲ ਦਵਾਈ ਦੇ 300,000 ਸ਼ੀਸ਼ੀਆਂ ਖਰੀਦਣ ਲਈ 375 ਮਿਲੀਅਨ ਡਾਲਰ ਦੇ ਇੱਕ ਸਮਝੌਤੇ 'ਤੇ ਦਸਤਖਤ ਕੀਤੇ ਹਨ ਪਰ ਇਸ ਦੀ ਕਿੰਨੀ ਮਾਤਰਾ ਪ੍ਰਦਾਨ ਹੋਵੇਗੀ ਇਹ ਅਜੇ ਅਸਪਸ਼ਟ ਹੈ।




## ਪੰਜ ਦਰਿਆਵਾਂ ਦੀ ਧਰਤੀ ਦੇ ਗੰਧਲੇ ਹੋਏ ਪਾਣੀ ਦੀ ਤਰਾਸਦੀ ਨੂੰ ਬਿਆਨ ਕਰਦਾ ਅਜਮੇਰ ਚਾਨਾ ਦਾ ਗੀਤ "ਬੋਤਲਾਂ 'ਚ ਪਾਣੀ"



ਵਰਿੰਦਰ ਸਿੰਘ ਖੁਰਮੀ
09779339121

ਪੁਰਾਣੇ ਸਮਿਆਂ ਵਿੱਚ ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਸੀ ਕਿਉਂਕਿ ਇਸ ਧਰਤੀ 'ਤੇ ਪੰਜ ਦਰਿਆ ਵਗਦੇ ਸਨ। ਆਪਣੇ ਬਜ਼ੁਰਗਾਂ ਕੋਲੋਂ ਇਹ ਆਮ ਹੀ ਸੁਣਿਆ ਸੀ ਕਿ ਪੰਜਾਬ ਦਾ ਧਰਤੀ ਹੇਠਲਾ ਪਾਣੀ ਵੀ ਬਹੁਤ ਉੱਚ ਪੱਧਰ 'ਤੇ ਹੁੰਦਾ ਸੀ ਜਿਸ ਨੂੰ ਕਿ ਇੱਕ ਬਾਅਟੀ ਨਾਲ ਟੋਆ ਪੁੱਟਣ 'ਤੇ ਵੀ ਪ੍ਰਾਪਤ ਕਰ ਲਿਆ ਜਾਂਦਾ ਸੀ। ਪਰ ਫਿਰ ਸਮੇਂ ਦੇ ਗੁਜ਼ਰਨ ਨਾਲ ਵਿਕਾਸ ਦੀ ਪੌੜੀ ਚੜ੍ਹਦਿਆਂ ਮੁਨੱਖੀ ਜਾਤ ਨੇ ਆਪਣੇ ਪੈਰੀਂ ਆਪ ਹੀ ਕੁਹਾੜੀ ਮਾਰਨੀਂ ਸ਼ੁਰੂ ਕਰ ਦਿੱਤੀ, ਜਿਸ ਦੇ ਸਿੱਟੇ ਵਜੋਂ ਟੋਏ ਵਾਲੇ ਪਾਣੀ ਤੋਂ ਖੂਹਾਂ ਤੱਕ, ਫਿਰ ਨਲਕੇ ਅਤੇ ਹੁਣ ਮੱਛੀ ਮੋਟਰਾਂ ਤੱਕ ਅੱਪੜ ਗਏ ਹਾਂ। ਇੰਨਾ ਹੀ ਨਹੀਂ ਆਪਣੀਆਂ ਗ਼ੈਰ ਜ਼ਰੂਰੀ ਗਤੀਵਿਧੀਆਂ ਨਾਲ ਪਾਣੀ ਨੂੰ ਦੂਸ਼ਿਤ ਕਰਕੇ ਪੰਜਾਂ ਪਾਣੀਆਂ ਦੀ ਧਰਤੀ ਨੂੰ ਬਾਹਰਲੇ ਸੋਮਿਆਂ ਤੋਂ ਬੋਤਲਾਂ ਵਾਲਾ ਪਾਣੀ ਪੀਣ ਲਈ ਮਜਬੂਰ ਕੀਤਾ ਹੈ। ਟੋਟਲ ਇੰਟਰਟੇਨਮੈਂਟ ਅਤੇ ਅਵਤਾਰ ਲਾਖਾ ਨੇ ਅਜੋਕੇ ਪਾਣੀਆਂ ਦੀ ਇਸ ਗੰਧਲੀ ਹੋਈ ਤਸਵੀਰ ਨੂੰ ਸੁਲਝੇ ਹੋਏ ਗੀਤਕਾਰ ਕਟਾਣੇ ਵਾਲਾ ਚਾਨਾ (ਅਜਮੇਰ ਚਾਨਾ) ਦੇ ਸ਼ਬਦਾਂ ਰਾਹੀਂ ਲੋਕਾਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਸ਼ਬਦਾਂ ਨੂੰ ਮਿੱਠੀ ਆਵਾਜ਼ ਦੇ ਮਾਲਕ ਵਿਸ਼ਵ ਪ੍ਰਸਿੱਧ ਗਾਇਕ ਬੂਟਾ ਮੁਹੰਮਦ ਨੇ ਆਪਣੇ ਬੋਲਾਂ ਵਿੱਚ ਪਰੋਇਆ ਹੈ। 'ਬੋਤਲਾਂ 'ਚ ਪਾਣੀ' ਰਾਹੀਂ ਗੀਤਕਾਰ ਨੇ ਬਹੁਤ ਹੀ ਵਧੀਆ ਢੰਗ ਨਾਲ ਪੰਜਾਬ ਦੇ ਪਾਣੀਆਂ ਦੇ ਪਤਨ ਨੂੰ ਵਿਸਥਾਰ ਨਾਲ ਦੱਸਿਆ ਹੈ। ਇਸ ਗੀਤ ਦੇ ਫ਼ਿਲਮਾਂਕਣ ਨੇ ਵੀ ਦਰਿਆਵਾਂ ਤੋਂ ਲੈ ਕੇ ਪਾਣੀ ਦੇ ਬੋਤਲਾਂ ਵਿੱਚ ਮੁੱਲ ਵਿਕਣ ਨੂੰ ਬਾਖ਼ੂਬੀ ਚਿਤਰਿਆ ਹੈ। ਉਮੀਦ ਹੈ ਕਿ ਸਰਕਾਰ ਦੀਆਂ ਅੱਖਾਂ ਤੋਂ ਓਹਲੇ ਹੋਏ ਇਸ ਤਰ੍ਹਾਂ ਦੇ ਮੁੱਦਿਆਂ ਨੂੰ ਗੀਤ ਦੀ ਸਮੁੱਚੀ ਟੀਮ ਨੇ ਲੋਕਾਂ ਦੀ ਕਚਹਿਰੀ ਵਿੱਚ ਲਿਆ ਕੇ ਉਨ੍ਹਾਂ ਨੂੰ ਵੀ ਸੇਧ ਦੇਣ ਦੀ ਕੋਸ਼ਿਸ਼ ਕੀਤੀ ਹੈ ਤਾਂ ਕਿ ਸਰੋਤੇ ਵੀ ਇਸ ਸੁਨੇਹੇ ਰਾਹੀਂ ਕੁਝ ਸਿੱਖਣ ਅਤੇ ਅੱਗੇ ਸਿਖਾਉਣ ਵਿੱਚ ਯੋਗਦਾਨ ਪਾਉਣਗੇ। ਇਸ ਦੇ ਨਾਲ ਹੀ ਗੀਤਕਾਰ ਅਜਮੇਰ ਚਾਨਾ ਤੋਂ ਭਵਿੱਖ ਵਿੱਚ ਵੀ ਅਜਿਹੇ ਹੀ ਮੁੱਦਿਆਂ 'ਤੇ ਚਾਨਣਾ ਪਾਉਂਦੇ ਗੀਤ ਲਿਖੇ ਜਾਣ ਦੀ ਆਸ ਰਹੇਗੀ।



# ਆਲ੍ਹਣਿਆਂ ਦਾ ਕਾਰੀਗਰ : ਬਿਜੜਾ



ਮਾਸਟਰ ਸੰਜੀਵ ਧਰਮਾਣੀ.
91-94785-61356.

ਪਿਆਰੇ ਬੱਚਿਓ ! ਤੁਸੀਂ ਆਪਣੇ ਆਲੇ - ਦੁਆਲੇ, ਰੁੱਖਾਂ 'ਤੇ, ਸਕੂਲ ਵਿੱਚ , ਪਿੰਡ ਵਿੱਚ , ਖੇਤਾਂ ਵਿੱਚ ਅਤੇ ਆਪਣੇ ਨਾਨਕੇ-ਘਰ ਅਨੇਕਾਂ ਖ਼ੂਬਸੂਰਤ ਤੇ ਰੰਗ - ਬਿਰੰਗੇ ਪੰਛੀ ਜ਼ਰੂਰ ਦੇਖੇ ਹੋਣਗੇ। ਬੱਚਿਓ ! ਪੰਛੀ ਹਰ ਇੱਕ ਦੇ ਮਨ ਨੂੰ ਭਾਉਂਦੇ ਹਨ ਅਤੇ ਪੰਛੀਆਂ ਦੀਆਂ ਪਿਆਰੀਆਂ, ਸੁਰੀਲੀਆਂ ਤੇ ਮਨਮੋਹਕ ਆਵਾਜ਼ਾਂ ਸਾਨੂੰ ਬਹੁਤ ਚੰਗੀਆਂ ਲਗਦੀਆਂ ਹਨ। ਸੱਚਮੁੱਚ ਸਾਡੇ ਵਾਤਾਵਰਨ ਵਿੱਚ ਪੰਛੀਆਂ ਦੀ ਹੋਂਦ ਕੁਦਰਤ ਦੀ ਵਿਚਿੱਤਰਤਾ ਤੇ ਅਖੰਡਤਾ ਦੀ ਅਣਮੋਲ ਕ੍ਰਿਤੀ ਹੈ। ਬੱਚਿਓ ! ਅੱਜ ਅਸੀਂ ਤੁਹਾਨੂੰ ਆਲ੍ਹਣਿਆਂ ਦੇ ਕਾਰੀਗਰ ਪੰਛੀ ਬਿਜੜਾ ਬਾਰੇ ਜਾਣਕਾਰੀ ਦੇਵਾਂਗੇ। ਬਿਜੜੇ ਪੰਛੀ ਨੂੰ ਸੋਨ - ਚਿੜੀ, ਬਿਆ, ਵੀਵਰ ਬਰਡ ਆਦਿ ਕਈ ਨਾਵਾਂ ਦੇ ਨਾਲ ਜਾਣਿਆ ਜਾਂਦਾ ਹੈ। ਬਿਜੜੇ ਪੰਛੀ ਦਾ ਕੱਦ - ਕਾਠ ਘਰੇਲੂ ਚਿੜੀ ਜਿੰਨਾਂ ਹੁੰਦਾ ਹੈ। ਇਹ ਇੱਕ ਸਿਆਣਾ ਤੇ ਆਲ੍ਹਣੇ ਬਣਾਉਣ ਦਾ ਮਾਹਿਰ ਪੰਛੀ ਹੈ। ਬਿਜੜੇ ਦੀ ਲੰਬਾਈ ਲਗਪਗ ਪੰਦਰਾਂ ਸੈਂਟੀਮੀਟਰ ਤੇ ਭਾਰ ਘੱਟ ਹੁੰਦਾ ਹੈ। ਇਹ ਪੰਛੀ ਅਕਸਰ "ਚਿੱਟ - ਚਿੱਟ, ਚਿੱਟ - ਚਿੱਟ " ਦੀਆਂ ਆਵਾਜ਼ਾਂ ਕੱਢਦਾ ਹੈ। ਇਸ ਦੀ ਚੁੰਝ ਤਿਕੋਣੀ ਤੇ ਪੂੰਛ ਛੋਟੀ ਚੌੜੀ ਹੁੰਦੀ ਹੈ। ਰੰਗ - ਰੂਪ ਚਿੜੀ ਵਰਗਾ ਤੇ ਕਈ ਵਾਰ ਪੀਲਾ - ਚਾਕਲੇਟੀ ਵੀ ਹੁੰਦਾ ਹੈ। ਬੱਚਿਓ ! ਬਿਜੜਾ ਪੰਛੀ ਕੀਟ - ਪਤੰਗੇ , ਕੀੜੇ ਤੇ ਫ਼ਸਲਾਂ ਦੇ ਦਾਣੇ ਆਦਿ ਖਾਂਦਾ ਹੈ। ਇਹ ਪੰਛੀ ਆਪਣਾ ਆਲ੍ਹਣਾ ਕਿੱਕਰਾਂ, ਬੇਰੀਆਂ, ਨਾਰੀਅਲਾਂ , ਖਜੂਰਾਂ ਦੇ ਰੁੱਖਾਂ, ਕਾਨਿਆਂ ਅਤੇ ਪਾਣੀ ਕਿਨਾਰੇ ਲਮਕਦੇ ਰੁੱਖਾਂ 'ਤੇ ਬਣਾਉਂਦਾ ਹੈ। ਇਸ ਦਾ ਆਲ੍ਹਣਾ ਅਜਿਹੀ ਥਾਂ 'ਤੇ ਹੁੰਦਾ ਹੈ, ਜਿੱਥੇ ਦਾਣਾ - ਪਾਣੀ ਮਿਲਣ ਵਿੱਚ ਸੌਖ ਹੋਵੇ। ਬਿਜੜਾ ਆਪਣਾ ਆਲ੍ਹਣਾ ਲੰਬੇ ਘਾਹ , ਨਾਰੀਅਲ ਦੇ ਪੱਤਿਆਂ, ਝੋਨੇ ਦੇ ਪੱਤਿਆਂ ਦੀਆਂ ਸਿਲਤਾਂ ਆਦਿ ਤੋਂ ਬਣਾਉਂਦਾ ਹੈ। ਇਸਦੇ ਆਲ੍ਹਣੇ ਸਪੇਰੇ ਦੀ ਬੀਨ ਵਰਗੇ ਹੁੰਦੇ ਹਨ। ਆਲ੍ਹਣੇ ਬਣਾਉਣ ਦਾ ਕੰਮ ਨਰ ਬਿਜੜਾ ਪੰਛੀ ਹੀ ਕਰਦਾ ਹੈ। ਉਹ ਪਹਿਲਾਂ ਹੈਲਮਟ ਦੇ ਆਕਾਰ ਜਿਹੇ ਚਾਰ - ਪੰਜ ਅੱਧੇ - ਅਧੂਰੇ ਆਲ੍ਹਣੇ ਬਣਾ ਕੇ ਛੱਡ ਦਿੰਦਾ ਹੈ। ਫਿਰ ਬਾਅਦ ਵਿੱਚ ਮਾਦਾ - ਬਿਜੜਾ



ਪੰਛੀ ਨੂੰ ਜਿਹੜਾ ਆਲ੍ਹਣਾ ਪਸੰਦ ਆ ਜਾਵੇ, ਨਰ - ਬਿਜੜਾ ਉਸੇ ਆਲ੍ਹਣੇ ਨੂੰ ਪੂਰਾ ਕਰਦਾ ਹੈ। ਇਸ ਨੇ ਆਪਣੇ ਆਲ੍ਹਣੇ ਵਿੱਚ ਗਿੱਲੀ ਮਿੱਟੀ ਦੀ ਢੇਲੀ (ਡਲੀ ) ਰੱਖੀ ਹੋਈ ਹੁੰਦੀ ਹੈ ਤਾਂ ਜੋ ਤੇਜ਼ ਹਨ੍ਹੇਰੀ ਆਉਣ 'ਤੇ ਆਲ੍ਹਣਾ ਸਥਿਰ ਅਵਸਥਾ ਵਿੱਚ ਰਹਿ ਸਕੇ। ਇਸ ਦਾ ਆਲ੍ਹਣਾ ਬਹੁਤ ਮਜ਼ਬੂਤ ਹੁੰਦਾ ਹੈ। ਵਰਖਾ ਦੀ ਇੱਕ ਬੂੰਦ ਵੀ ਬਿਜੜੇ ਦੇ ਆਲ੍ਹਣੇ ਵਿੱਚ ਦਾਖ਼ਲ ਨਹੀਂ ਹੋ ਸਕਦੀ। ਇਸ ਦੇ ਆਲ੍ਹਣੇ ਵਿੱਚ ਘਾਹ ਆਦਿ ਦੀਆਂ ਲਗਪਗ ਤਿੰਨ ਹਜ਼ਾਰ ਤਿੜਾਂ ਲੱਗੀਆਂ ਹੁੰਦੀਆਂ ਹਨ। ਮਾਦਾ ਬਿਜੜਾ ਲਗਪਗ ਤਿੰਨ - ਚਾਰ ਅੰਡੇ ਦਿੰਦੀ ਹੈ। ਬੱਚਿਓ ! ਬਿਜੜਾ ਪੰਛੀ ਜ਼ਿਆਦਾਤਰ ਨਹਿਰਾਂ - ਨਦੀਆਂ ਦੇ ਕਿਨਾਰੇ, ਘਾਹ ਦੇ ਮੈਦਾਨਾਂ, ਖੇਤਾਂ, ਚਰੀ ਦੀ ਫ਼ਸਲ ਨਜ਼ਦੀਕ , ਸਰਕੜਿਆਂ, ਚਰਾਂਦਾਂ, ਕੰਡੇਦਾਰ ਤੇ ਉੱਚੇ ਦਰੱਖਤਾਂ ਆਦਿ ਦੇ ਕੋਲ ਦੇਖਿਆ ਜਾ ਸਕਦਾ ਹੈ। ਇਹ ਪੰਛੀ ਸਮੂਹ ਵਿੱਚ ਰਹਿਣਾ ਪਸੰਦ ਕਰਦਾ ਹੈ। ਇਸ ਪੰਛੀ ਦਾ ਆਲ੍ਹਣੇ ਬੁਣਨ ਦਾ ਢੰਗ ਤੇ ਸਲੀਕਾ ਦੂਜੇ ਪੰਛੀਆਂ ਨਾਲੋਂ ਬਹੁਤ ਹੀ ਵਧੀਆ ਤੇ ਉੱਤਮ ਦਰਜੇ ਦਾ ਹੁੰਦਾ ਹੈ। ਸਾਡੇ ਸੱਭਿਆਚਾਰ ਤੇ ਸਾਹਿਤ ਵਿੱਚ ਵੀ ਬਿਜੜੇ ਪੰਛੀ ਦਾ ਜ਼ਿਕਰ ਮਿਲ਼ਦਾ ਹੈ। ਕਹਿੰਦੇ ਹਨ ਕਿ ਮੁਗ਼ਲ ਬਾਦਸ਼ਾਹ ਅਕਬਰ ਦੇ ਸਮੇਂ ਮਦਾਰੀ ਲੋਕ ਬਿਜੜੇ ਪੰਛੀ ਨੂੰ ਮੁਹਾਰਤ ਦੇ ਕੇ ਕਈ ਤਰ੍ਹਾਂ ਦੇ ਰੰਗ - ਤਮਾਸ਼ੇ ਕਰਕੇ ਆਮ - ਜਨ ਦਾ ਮਨੋਰੰਜਨ ਕਰਦੇ ਹੁੰਦੇ ਸੀ। ਪਿਆਰੇ ਬੱਚਿਓ ! ਪੰਛੀ ਆਪਣੇ ਮਨਮੋਹਕ ਰੰਗ - ਰੂਪ ਤੇ ਸੁਰੀਲੀਆਂ ਆਵਾਜ਼ਾਂ ਸਦਕਾ ਸਾਡਾ ਮਨਪ੍ਰਚਾਵਾ ਤਾਂ ਕਰਦੇ ਹੀ ਹਨ, ਸਗੋਂ ਇਹ ਸਾਡੀਆਂ ਫ਼ਸਲਾਂ ਅਤੇ ਸਾਨੂੰ ਵੀ ਕਈ ਤਰ੍ਹਾਂ ਦੇ ਨੁਕਸਾਨ ਪਹੁੰਚਾਉਣ ਵਾਲੇ ਕੀੜੇ - ਮਕੌੜਿਆਂ ਤੋਂ ਬਚਾਉਂਦੇ ਹਨ ਅਤੇ ਕੁਦਰਤ ਦਾ ਸਮਤੋਲ ਬਣਾਈ ਰੱਖਦੇ ਹਨ। ਇਸ ਲਈ ਸਾਨੂੰ ਪੰਛੀਆਂ ਨੂੰ ਸਮੇਂ - ਸਮੇਂ 'ਤੇ ਦਾਣਾ - ਪਾਣੀ ਚੋਗਾ ਆਦਿ ਪਾਉਂਦੇ ਰਹਿਣਾ ਚਾਹੀਦਾ ਹੈ। ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਪੰਛੀ ਆਲ੍ਹਣੇ ਪਾ ਸਕਣ ਅਤੇ ਪੰਛੀਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਹਮੇਸ਼ਾਂ ਬਚਣਾ ਚਾਹੀਦਾ ਹੈ। ਬੱਚਿਓ ! ਪੰਛੀਆਂ ਦਾ ਸ਼ਿਕਾਰ ਆਦਿ ਵੀ ਕਦੇ ਨਹੀਂ ਕਰਨਾ ਚਾਹੀਦਾ। ਸਾਨੂੰ ਚਾਈਨਾ - ਡੋਰ ਆਦਿ ਨਾਲ ਪਤੰਗ ਵੀ ਨਹੀਂ ਉਡਾਉਣੇ ਚਾਹੀਦੇ ; ਕਿਉਂਕਿ ਇਹ ਡੋਰ ਸਾਡਾ ਅਤੇ ਪੰਛੀਆਂ ਦਾ ਵੀ ਨੁਕਸਾਨ ਕਰਦੀ ਹੈ।

ਸਾਨੂੰ ਆਪਣੇ ਖੇਤਾਂ ਵਿੱਚ ਵੱਧ ਅਤੇ ਬੇਲੋੜੀਆਂ ਰਸਾਇਣਿਕ ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਤੇ ਫ਼ਸਲਾਂ ਅਤੇ ਪਰਾਲੀ ਦੀ ਨਾੜ ਨੂੰ ਅੱਗ ਲਗਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਕਾਗਜ਼ ਦੀ ਵਰਤੋਂ ਸੰਜਮ ਨਾਲ ਕਰਨੀ ਚਾਹੀਦੀ ਹੈ , ਤਾਂ ਜੋ ਰੁੱਖਾਂ ਦੀ ਕਟਾਈ ਘਟ ਸਕੇ।

ਬੱਚਿਓ ! ਸਾਨੂੰ ਕੁਦਰਤੀ ਮਾਹੌਲ ਭਰਿਆ ਤੇ ਸਾਦਗੀ ਭਰਪੂਰ ਜੀਵਨ ਜੀਅ ਕੇ ਅਤੇ ਕੁਦਰਤ - ਪ੍ਰੇਮੀ ਬਣਕੇ ਆਪਣੇ ਵਾਤਾਵਰਨ ਤੇ ਪੰਛੀ - ਪਰਿੰਦਿਆਂ ਦੇ ਹਿਤੈਸ਼ੀ ਬਣਨਾ ਚਾਹੀਦਾ ਹੈ। ਉਮੀਦ ਹੈ , ਤੁਹਾਨੂੰ ਅੱਜ ਦੀ ਜਾਣਕਾਰੀ ਜ਼ਰੂਰ ਪਸੰਦ ਆਈ ਹੋਵੇਗੀ ।

# ਕੰਮ ਹੀ ਜੀਵਨ ਹੈ



ਹਰਕੀਰਤ ਕੌਰ ਸਭਰਾ

ਕਿਹਾ ਜਾਂਦਾ ਹੈ ਕਿ ਨਿਆਮਤ ਤੇ ਵਿਹਲ ਕਿਆਮਤ ਜਾਂ ਇਹ ਕਹਿ ਲਓ ਕਿ ਕੰਮ ਕਰਨਾ ਹੀ ਸੌ ਦੁੱਖਾਂ ਦਾ ਦਾਰੂ ਹੈ। ਵਿਹਲ ਰੋਗ ਦੇ ਤੁਲ ਹੋ ਨਿਬੜਦਾ ਹੈ। ਕੰਮ ਕਰਨਾ ਕੁਦਰਤ ਵੱਲੋਂ ਸਾਡੇ ਤੇ ਪਾਈ ਗਈ ਇੱਕ ਵੱਡੀ ਜਿੰਮੇਵਾਰੀ ਹੈ ਕਿਉਂਕਿ ਮਨੁੱਖ ਨੂੰ ਉਸਨੇ ਦੋ ਹੱਥ ਦੇ ਕੇ ਪੈਦਾ ਕੀਤਾ ਹੈ। ਕੰਮ ਬੁਲੰਦੀ, ਹੌਸਲਾ, ਸਰੀਰਕ ਤੇ ਮਾਨਸਿਕ ਅਰੋਗਤਾ ਦੀ ਨਿਸ਼ਾਨੀ ਮੰਨਿਆ ਗਿਆ ਹੈ। ਇਸ ਕਰਕੇ ਬਹਾਦੁਰ ਤੇ ਯੋਧੇ ਹਮੇਸ਼ਾ ਕਾਮਾ ਜਮਾਤ ਵਿਚੋਂ ਹੀ ਪੈਦਾ ਹੋਏ। ਸਾਰੇ ਬੰਦੇ ਵਿਹਲੇ ਨਹੀਂ, ਕੰਮ ਵੀ ਸਾਰੇ ਨਹੀਂ ਕਰਦੇ। ਜੇਕਰ ਅਜਿਹਾ ਹੁੰਦਾ ਤਾਂ ਹਿੰਸਾ, ਲੜਾਈ - ਝਗੜੇ, ਈਰਖਾ ਆਦਿ ਨਾਂ ਦੀ ਕੋਈ ਚੀਜ਼ ਸ਼ਾਇਦ ਨਾ ਹੁੰਦੀ। ਬਹੁਤਾ ਕਰਕੇ ਇਹ ਵਿਹਲ ਦੀ ਹੀ ਦੇਣ ਹੈ। ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਸਾਡੀ ਭਟਕਣਾ, ਸ਼ਾਂਤੀ ਵਧੇਰੇ ਕਰਕੇ ਕੰਮ ਨਾ ਮਿਲਣ ਜਾਂ ਨਾ ਕਰਨ ਕਰਕੇ ਹੁੰਦੀ ਹੈ। ਅਸਲ ਵਿੱਚ ਅਸੀਂ ਸਭ ਕੁਝ ਜਾਣਦੇ ਹੋਏ ਵੀ ਹੱਥੀ ਕੰਮ ਕਰਨ ਲਈ ਤਿਆਰ ਨਹੀਂ ਹਾਂ। ਸਾਡੀ ਕਾਮਾ ਜਾਮਾਤ ਦੇ ਰਾਜਸੀ ਤੇ ਸੰਘ ਦੇ ਨੁਮਾਇੰਦੇ ਕੰਮ ਦੀਆਂ ਗੱਲਾਂ ਕਰਕੇ ਵੀ ਕੰਮ ਨਹੀਂ ਕਰਦੇ। ਉਹਨਾਂ ਨੂੰ ਦੇਖਕੇ ਮੈਨੂੰ ਲੱਗਦਾ ਹੁੰਦਾ ਹੈ ਕਿ ਉਨ੍ਹਾਂ ਕਾਮੇ ਨੂੰ ਹੀ ਅਪਣਾਇਆ ਹੈ, ਕੰਮ ਨੂੰ ਨਹੀਂ।

ਕੰਮ ਕੋਈ ਵੀ ਮਾੜਾ ਨਹੀਂ। ਮਾੜਾ ਤਾਂ ਸਾਡਾ ਮਨ ਹੀ ਹੋ ਬਹਿੰਦਾ ਹੈ। ' ਮਨ ਹਰਾਮੀ ਹੁੱਜਤਾ ਢੇਰ ' ਹਰਾਮੀ ਮਨ ਜਾਂ ਤਾਂ ਢੇਰੀ ਢਾਹ ਬਹਿੰਦਾ ਜਾਂ ਫਿਰ ਗਲਤ ਕੰਮ, ਧੰਦਾ ਜਾਂ ਗੱਲਾਂ ਨੂੰ ਹੱਥ ਪਾਉਂਦਾ ਹੈ। ਇਹ ਇੱਕ ਕੰਮ ਤੇ ਟਿਕ ਕੇ ਨਹੀਂ ਬਹਿੰਦਾ।

ਭਾਈ ਗੁਰਦਾਸ ਜੀ ਕੰਮ ਦੀ ਮਹਾਨਤਾ ਤੇ ਢੰਗ ਤਰੀਕੇ ਦਾ ਸੰਦੇਸ਼ਾ ਦਿੰਦੇ ਹੋਏ ਫੁਰਮਾਉਂਦੇ ਹਨ ਕਿ

" ਕਿਰਤ ਵਿਰਤ ਕਰ ਧਰਮ ਦੀ "

ਕੰਮ ਅਨੁਸਾਰ ਫਲ ਮਿਲਣਾ ਹੀ ਨਿਆਂ ਹੁੰਦਾ ਹੈ। ਪਰ ਸਾਡੇ ਇੱਥੇ ਉਲਟ ਹੈ। ਜੇਕਰ ਮਜਦੂਰ ਵਰਗ ਵੱਲ ਝਾਤ ਮਾਰੀ ਜਾਵੇ ਤਾਂ ਕੰਮ ਵੱਧ ਅਤੇ ਖਾਣ ਨੂੰ ਘੱਟ ਹੈ। ਜਾਂ ' ਕੋਹਲੂ ਦੇ ਬੈਲ ' ਵਾਲੀ ਗੱਲ ਹੋ ਨਿਬੜਦੀ ਹੈ। ਇਹੋ ਹੀ ਮਨੁੱਖ ਦੁਆਰਾ ਲੁੱਟ ਤੇ ਅਸਮਾਨਤਾ ਹੁੰਦੀ ਹੈ। ਕੰਮ ਵਿੱਚ ਮਾਹਿਰ ਹੋ ਕੇ ਕੰਮ ਕਰਨਾ ਹੀ ਕਾਰੀਗਰੀ ਅਖਵਾਉਂਦਾ ਹੈ। ਇਸ ਤੋਂ ਬਿਨਾ ਤਾਂ ਕੰਮ ਸਿਰਫ਼ ਡੰਗ ਟਪਾਉਣਾ ਜਾਂ ਖਾਨਾ ਪੂਰਤੀ ਵਾਲੀ ਗੱਲ ਬਣ ਬਹਿੰਦੀ ਹੈ।

ਕੰਮ ਪੂਜਾ ਵੀ ਹੈ, ਕਿਉਂਕਿ ਇਹ ਮਨ ਨੂੰ ਕਾਬੂ ਵਿੱਚ ਰੱਖਦਾ ਹੈ। ਚੰਗਾ ਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਦੀ ਬਹੁਤੀ ਕਾਮਨਾ ਜਾਂ ਸਾਧਾਂ ਸੰਤਾਂ ਪਿੱਛੇ ਭੱਜਣ ਦੀ ਚਾਲ ਮੱਠੀ ਪੈ ਜਾਂਦੀ ਹੈ।ਜੇਕਰ ਕੰਮ ਨੂੰ ਸੋਚ ਸਮਝ ਕੇ ਕੀਤਾ ਜਾਵੇ ਤਾਂ ਕੰਮ ਇੱਕ ਕਲਾ ਵੀ ਹੈ। ਜੇਕਰ ਇਸਨੂੰ ਇੱਕ ਤਰਤੀਬ ਤਹਿਤ ਨਾ ਕੀਤਾ ਜਾਵੇ ਤਾਂ ਗਲ ਪਏ ਢੋਲ ਵਜਾਉਣ ਵਾਲੀ ਗੱਲ ਹੁੰਦੀ ਹੈ। ਇਸ ਲਈ ਕਈ ਸੋਚ ਕੇ ਕਰਦੇ ਹਨ ਅਤੇ ਕਈ ਬਿਨਾ ਸੋਚੇ। ਇਹ ਮੇਰਾ ਨਿੱਜੀ ਤਜੁਰਬਾ ਵੀ ਹੈ ਕਿ ਸੋਚਣ ਤੋਂ ਬਿਨਾ ਕੀਤਾ ਜਾਣ ਵਾਲੇ ਕੰਮ ਨਾਲ ਹਮੇਸ਼ਾ ਭਟਕਣ, ਘੁੰਮਣਘੇਰੀ, ਅਸਫਲਤਾ ਤੇ ਵਕਤ ਦੀ ਖਰਾਬੀ ਹੀ ਪੱਲੇ ਪੈਂਦੀ ਹੈ। ਅਜਿਹੀ ਅਵਸਥਾ ਵਿੱਚ ਤਾਂ ਕਲਮ ਵੀ ਲਿਖਣ ਦੀ ਬਜਾਇ ਝਰੀਟਣ ਲੱਗ ਪੈਂਦੀ ਹੈ। ਕੰਮ ਕਰਨ ਨਾਲ ਅਸੀਂ ਬਹੁਤ ਕੁਝ ਸਿਖਦੇ ਹਾਂ, ਪਰ ਗਵਾਉਂਦੇਂ ਕੁਝ ਵੀ ਨਹੀਂ। ਕੰਮ ਵਿੱਚ ਰੁੱਝੇ ਰਹਿਣਾ ਕਿਰਿਆਸ਼ੀਲਤਾ ਅਤੇ ਵਿਕਾਸ ਦੀ ਨਿਸ਼ਾਨੀ ਹੈ। ਜਦੋਂ ਕਿ ਵਿਹਲ ਨਕਾਰਾ ਹੋਣ ਅਤੇ ਵਿਨਾਸ਼ ਹੋਣ ਦੀ ਨਿਸ਼ਾਨੀ ਹੈ। ਮਨ ਦਾ ਵਿਕਾਸ ਕੁਝ ਕਰਨ ਅਤੇ ਕਰਾਉਣ ਦੇ ਨਾਲ ਵੀ ਜੁੜਿਆ ਹੁੰਦਾ ਹੈ।

ਕੰਮ ਚਾਅ ਨਾਲ ਹੁੰਦਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਜਿੰਨੇ ਚਾਅ ਨਾਲ ਅਸੀਂ ਖਾਣ ਤੇ ਵਹਿਲ ਦਾ ਆਨੰਦ ਲੈਂਦੇ ਹਾਂ ਉਨੇ ਚਾਅ ਨਾਲ ਕੰਮ ਨਹੀਂ ਕਰਦੇ। ਜੇ ਅਜਿਹਾ ਹੋਵੇ ਤਾਂ ਸਾਡਾ ਚੁਫੇਰਾ ਹੀ ਬਦਲ ਜਾਵੇਂ। ਹਰ ਕੰਮ ਸਮੇਂ ਸਿਰ ਹੀ ਸੋਭਦਾ ਹੈ ਨਹੀਂ ਤਾਂ ਤਾਲੋਂ ਖੂੰਝੀ ਡੂੰਮਣੀ ਵਾਲੀ ਗੱਲ ਹੋ ਨਿਬੜਦੀ ਹੈ। ਕੰਮ ਕਦੇ ਵੀ ਮੁੱਕਦਾ ਨਹੀਂ ਹੈ। ਇੱਕ ਕੰਮ ਦੂਸਰੇ ਕੰਮ ਦਾ ਜਨਮਦਾਤਾ ਹੈ । ਕੰਮ ਕਰਨ ਨਾਲ ਕਈ ਵਾਰ ਸਰੀਰਕ ਕਸ਼ਟ ਤਾਂ ਮਿਲਦਾ ਹੈ ਪਰ ਵਿਹਲੇ ਰਹਿਣ ਨਾਲ ਮਾਨਸਿਕ ਰੋਗ ਮਿਲਦੇ ਹਨ। ਜਿੱਥੋਂ ਤੱਕ ਮੇਰਾ ਅਨੁਭਵ ਹੈ ਕਿ ਸਰੀਰਕ ਰੋਗ ਦੀ ਸੌ ਦਵਾ ਹੈ ਪਰ ਮਾਨਸਿਕ ਰੋਗ ਦਾ ਕੋਈ ਇਲਾਜ ਨਹੀਂ ਹੈ। ਉੱਚ ਕੋਟੀ ਦੇ ਡਾਕਟਰ ਵੀ ਅੱਜ ਵੱਡੀਆਂ ਵੱਡੀਆਂ ਬਿਮਾਰੀਆਂ ਦਾ ਕਾਰਣ ਮਾਨਸਿਕ ਤਨਾਵ ਨੂੰ ਦੱਸਦੇ ਹਨ। ਚਾਹੁਣ ਤੋਂ ਬਿਨਾ ਕੰਮ ਦਾ ਮਿਲਣਾ ਜਾਂ ਕਰਨਾ ਤੇ ਚਾਹੁੰਦਿਆ ਹੋਇਆ ਵੀ ਕੰਮ ਦਾ ਨਾ ਮਿਲਣਾ ਦੋਵੇਂ ਹੀ ਮਾੜੇ ਹਨ

ਅਸਲ ਵਿੱਚ ਕੰਮ ਹੀ ਜੀਵਨ ਹੈ, ਕੰਮ ਤੋਂ ਅਵੇਸਲੇ ਬਣ ਬੈਠਣਾ ਆਪਣੀ ਕਬਰ ਪੁੱਟਣ ਦੇ ਤੁੱਲ ਹੁੰਦਾ ਹੈ। ਕਹਿੰਦੇ ਹਨ ਕਿ ਮਾਇਆ ਵੀ ਉਦਮ ਦੀ ਦਾਸੀ ਹੈ। ਉੱਦਮ ਅੱਗੇ ਲਛਮੀ ਪੱਖੇ ਅੱਗੇ ਪੌਣ। ਪਰ ਅੱਜ ਕੱਲ ਮੈਨੂੰ ਇਹ ਬੋਲ ਦਰੁੱਸਤ ਨਹੀਂ ਲੱਗਦੇ। ਚੁਫੇਰਾ ਦੱਸ ਰਿਹਾ ਹੈ ਕਿ ਮਾਇਆ ਤਾਂ ਵਿਹਲੜਾਂ ਕੋਲ ਇਕੱਠੀ ਹੁੰਦੀ ਜਾਂ ਰਹੀ ਹੈ ਤੇ ਉੱਦਮ ਕਰਨ ਵਾਲੇ ਜਾਂ ਤਾਂ ਭੁੱਖੇ ਮਰ ਰਹੇ ਨੇ ਜਾਂ ਫਿਰ ਸੜਕਾਂ ਤੇ ਆਪਣੇ ਹੱਕਾਂ ਲਈ ਧੱਕੇ ਖਾ ਰਹੇ ਹਨ। ਜਰੂਰਤ ਹੈ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਿਰੜੀ ਤੇ ਉੱਦਮੀ ਬਣਾਉਣ ਦੀ। ਜਰੂਰਤ ਹੈ ਬਹਾਨੇ ਬਣਾਉਣ ਦੀ ਬਜਾਇ ਕੰਮ ਦੇ ਮੌਕੇ ਲੱਭਣ ਦੀ। ਕਿਉਂਕਿ ਕੰਮ ਹੀ ਜੀਵਨ ਹੈ ਅਤੇ ਜੇਕਰ ਅਸੀਂ ਜੀਵਨ ਵਿੱਚੋਂ ਕੰਮ ਕੱਡ ਦਿੱਤਾ ਤਾਂ ਸਾਡੇ ਹਿੱਸੇ ਕੇਵਲ ਦੁਖਾਂਤ ਰਹਿ ਜਾਵੇਗਾ। ਮੈਨੂੰ ਲੱਗਦਾ ਹੈ ਕਿ ਇਹਨਾਂ ਸਾਰੀਆਂ ਗੱਲਾਂ ਤੋਂ ਇਲਾਵਾ ਸਭ ਤੋਂ ਅਹਿਮ ਅਤੇ ਮਹੱਤਵਪੂਰਣ ਗੱਲ ਕਿ ਸਾਡੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਵੀ ਸਾਨੂੰ ਹੱਥੀ ਕਿਰਤ ਕਰਨ ਦਾ ਸੰਦੇਸ਼ ਦਿੱਤਾ ਹੈ। ਸੋ ਜਰੂਰਤ ਹੈ ਅਵੇਸਲੇਪਣ ਨੂੰ ਛੱਡ ਕੇ ਕਿਰਤੀ ਬਣਨ ਦੀ।

# ਪੰਜਾਬੀ ਫਿਲਮ ਦਰਪਣ

- ਅੰਮ੍ਰਿਤ ਪਵਾਰ













### ਜਾਨ ਹਾਜ਼ਿਰ ਕਿਸਾਨੀ ਮਜ਼ਦੂਰ ਲਈ – ਯੋਗਰਾਜ ਸਿੰਘ

ਮੋਦੀ ਸਰਕਾਰ ਵੱਲੋਂ ਪੰਜਾਬ ਦੀ ਧਰਤੀ ਨੂੰ ਕੰਗਾਲ ਕਰਨ ਦੀ ਕੋਸ਼ਿਸ ਨਹੀਂ ਪੂਰੀ ਹੋਣੀ ਕਿਉਂਕਿ ਫਿਲਮ ਅਭਿਨੇਤਾ ਯੋਗਰਾਜ ਸਿੰਘ ਨੇ ਸਾਰੀ ਪੰਜਾਬੀ ਫਿਲਮ ਇੰਡਸਟਰੀ ਕਿਸਾਨੀ ਦੇ ਸਮਰਥਨ 'ਚ ਇਕੱਠੀ ਕਰ ਕਿ ਹਰ ਥਾਂ ਲੱਖਾਂ ਦਾ ਇਕੱਠ ਯੋ-ਗਰਾਜ ਸਿੰਘ ਕਰ ਰਹੇ ਨੇ, ਰਾਵੀ ਕਿਨਾਰੇ ਤੋਂ ਲੈ ਕਿ ਸਤਲੁਜ, ਬਿਆਸ ਤੇ ਚੰਡੀਗੜ੍ਹ - ਮਾਝਾ - ਮਾਲਵਾ - ਦੋਆਬਾ ਹਰ ਤਰੀਕ ਯੋਗਰਾਜ ਸਿੰਘ ਬਣ ਰੈਲੀਆਂ 'ਚ ਹੈ । ਜਿੱਥੇ ਯੋਗਰਾਜ ਜਿਹੇ ਹੋਣ ਉਥੇ ਸਰਕਾਰਾਂ ਦੇ ਤਖਤ ਹਿੱਲਣੇ ਹੀ ਨੇ।

### ਪੂਜਾ – ਸੰਦੀਪ ਦੀ ਸੁਣੋ

'ਰੰਗ ਬਰੰਗੀ' ਵੈਬ ਸੀਰੀਜ ਨੇ ਪੰਜਾਬ + ਹਰਿਆਣਾ ਦਾ ਕਲਚਰ ਇਕੱਠਾ ਕੀਤਾ ਹੈ । ਹੀਰੋ ਸੰਦੀਪ ਸਿੰਘ ਪੰਜਾਬ ਦਾ ਚਮਕਦਾ ਸਟਾਰ ਤੇ ਹੀਰੋਇਨ ਪੂਜਾ ਹਰਿਆਣੇ ਦੀ ਟਾਪ ਮਾਡਲ ਹੈ । ਸੰਦੀਪ ਸਿੰਘ ਨੇ ਕਿਹਾ ਕਿ ਕਲਾਕਾਰ ਲਈ ਤੀਆਂ ਦਾ ਤਿਉਹਾਰ ਹੁੰਦੀ ਹੈ ਸੂਟਿੰਗ ਤੇ ਸਾਥੀ ਸਿਤਾਰੇ ਤ੍ਰਿੰਝਣਾ ਦੀਆਂ ਕੁੜੀਆਂ । 'ਰੰਗ ਬਰੰਗੀ' ਨੇ ਪੂਜਾ ਦਾ ਹੌਸਲਾ ਹੋਰ ਵਧਾਇਆ ਹੈ । ਸੰਦੀਪ ਸਿੰਘ ਪੂਜਾ ਗੋਦਾਰਾ ਦੀ ਆਫਲਾਈਨ 'ਕੈ ਮਿਸਟਰੀ' ਵੀ ਚਰਚਾ 'ਚ ਹੈ ।

### ਲਾਲੀ ਨਾਮ ਹੈ ਮੇਰਾ

ਕਿਸਾਨ-ਮਜ਼ਦੂਰ ਲਈ ਲੜ ਰਹੇ ਪੰਜਾਬ ਦੇ ਪ੍ਰਸਿੱਧ ਆੜਤੀਏ ਲਾਲੀ ਚੋਧਰੀ ਵਾਲ ਨੇ ਪੰਜਾਬੀ ਫਿਲਮ ਸਨਅਜ਼ ਨੂੰ ਚਾਹੀਦਾ ਹੈ ਕਿ ਕਿਸਾਨ-ਮਜ਼ਦੂਰ ਦੀ ਜਿੰਦਗੀ ਤੇ ਅੱਜ ਦੇ ਸੱਚ ਤੇ ਫਿਲਮਾਂ-ਸੀਰੀਜ ਬਣਾਏ ਨਾਲ ਹੀ ਸਿਤਾਰੇ ਇਕੱਠਾਂ ਦੇ ਨਾਲ ਕਿਸਾਨੀ ਲੜਾਈ ਲਈ ਫੰਡ ਦੇਣ ਤਾਂ ਜੋ ਸੰਵਿਧਾਨ ਦੇ ਦਾਇਰੇ 'ਚ ਰਹਿ ਕਾਨੂੰਨੀ ਚਾਰਜੋਈਆਂ ਵੀ ਹੋਣ । ਫਿਲਮ ਸਮਾਜ ਦਾ ਦਰਪਣ ਹੈ।

### ਮੰਨਤ ਸਿੰਘ ਦਾ ਧਰਮ-ਕਰਮ

ਅਭਿਨੇਤਰੀ ਮੰਨਤ ਸਿੰਘ ਸਵੇਰ-ਸਾਮ ਗੁਰਬਾਣੀ ਦਾ ਪਾਠ ਕਰਦੀ ਹੈ । ਗੁਰੂ ਘਰ ਜਾਣਾ-ਸੇਵਾ ਕਰਨੀ ਉਸਦਾ ਧਰਮ ਹੈ । ਲੋੜਵੰਦ ਦੀ ਸਹਾਇਤਾ ਕਰਨੀ ਉਸਦਾ ਕਰਮ ਹੈ । ਸ਼ਾਬਾਸ਼ ! ਮੰਨਤ ਸਿੰਘ ।

### ਮੈਂਡੀ ਭੁੱਲਰ ਦਾ ਮੰਤਵ

ਅਭਿਨੇਤਰੀ ਤੇ ਹੁਣ ਸਹਿ-ਨਿਰਦੇਸ਼ਨ ਕਰ ਰਹੇ ਮੈਂਡੀ ਭੁੱਲਰ ਦੀ 'ਲਵ-4' ਲਘੂ ਫਿਲਮ ਆਈ ਹੈ ਤੇ ਵੈਬ ਸੀਰੀਜ 'ਰੰਗ ਬਰੰਗੀ' ਦਾ ਉਹ ਕਲਾਕਾਰ । ਸਹਿ ਨਿਦਰੇਸ਼ਨ ਹੈ । ਮੈਂਡੀ ਦਾ ਮੰਤਵ ਲੋਕ ਪ੍ਰਿਯ ਫਿਲਮ ਚਿਹਰਾ ਬਣਨਾ ਹੈ । ਮੈਂਡੀ ਭੁੱਲਰ ਅਨੁਸਾਰ ਅਭਿਨੇਤਾ ਲਈ ਸਖਤ ਮਿਹਨਤ ਤੇ ਚੰਗੀ ਬਰੇਕ ਜਰੂਰੀ ਹੈ ।

### ਸਿਮਰ ਰੀਨ

ਬਹੁਤ ਸਾਰੇ ਵਸੀਆ ਗੁਣ ਸਿਮਰ ਰੀਨ' ਚ ਹਨ ਪਰ ਸਿਮਰ ਰੀਨ ਅਚਾਨਕ ਇੰਡਸਟਰੀ 'ਚੋ ਗਾਇਬ ਹੈ ? ਸਿਮਰ ਦੇ ਨੇੜਲੇ ਸੂਤਰਾਂ ਅਨੁਸਾਰ ਕੰਮ ਦੇ ਬੋਝ ਨਾਲ ਅਰਾਮ ਦੀ ਜਰੂਰਤ ਹੁੰਦੀ ਹੈ ਤੇ ਜਲਦੀ ਹੀ ਤਰੋ ਤਾਜਾ ਹੋ ਕਿ ਉਹ ਫਿਰ ਇਸ ਇੰਡਸਟਰੀ 'ਚ ਤਰਾਂ-ਤਰਾਂ ਦੇ ਕਿਰਦਾਰ ਕਰਦੀ ਨਜਰ ਆਏਗੀ ।

# ਸਿੱਖੀ ਸਰੂਪ ਵਿਚ ਸਿੱਖੀ-ਵਿਰੋਧੀ 'ਵਿਦਵਾਨ'?



ਜਸਵੰਤ ਸਿੰਘ 'ਅਜੀਤ'
91 9 827-19890

ਬੀਤੇ ਕਾਫ਼ੀ ਸਮੇਂ ਤੋਂ ਵੇਖਣ ਵਿਚ ਆ ਰਿਹਾ ਹੈ ਕਿ ਸਿੱਖੀ-ਸਰੂਪ ਵਿੱਚ ਕੁਝ ਵਿਦਵਾਨ ਅਤੇ ਬੁਧੀਜੀਵੀ ਇਕ ਪਾਸੇ ਤਾਂ ਭਾਜਪਾ ਦੀ 'ਸਰਪ੍ਰਸਤ' ਜਥੇਬੰਦੀ ਆਰਐਸਐਸ ਪੁਰ ਇਹ ਦੋਸ਼ ਲਾਉਂਦੇ ਚਲੇ ਆ ਰਹੇ ਹਨ, ਕਿ ਉਹ ਸਿੱਖ ਇਤਿਹਾਸ ਅਤੇ ਸਿੱਖ ਮਾਨਤਾਵਾਂ ਤੇ ਮਰਿਆਦਾਵਾਂ ਨੂੰ ਵਿਗਾੜਨ ਦੇ ਨਾਲ ਹੀ ਸਿੱਖ-ਧਰਮ ਨੂੰ ਵਿਸ਼ਾਲ ਹਿੰਦੂ ਧਰਮ ਦਾ ਹੀ ਇਕ ਅੰਗ ਪ੍ਰਚਾਰ ਕੇ, ਉਸਦੀ ਸੁਤੰਤਰ ਹੋਂਦ ਅਤੇ ਸਿੱਖਾਂ ਦੀ ਅੱਡਰੀ ਪਛਾਣ ਪੁਰ ਸੁਆਲੀਆ ਨਿਸ਼ਾਨ ਲਾ ਰਹੇ ਹਨ ਅਤੇ ਦੂਜੇ ਪਾਸੇ ਉਹ ਆਪ ਹੀ ਪ੍ਰਮਾਣਤ ਸਿੱਖ ਇਤਿਹਾਸ ਅਤੇ ਸਥਾਪਤ ਮਰਿਅਦਾਵਾਂ, ਮਾਨਤਾਵਾਂ ਅਤੇ ਪਰੰਪਰਾਵਾਂ ਬਾਰੇ ਭਰਮ-ਭੁਲੇਖੇ ਪੈਦਾ ਕਰ, ਅਜਿਹੇ ਵਿਵਾਦ ਖੜੇ ਕਰਦੇ ਚਲੇ ਜਾ ਰਹੇ ਹਨ, ਜਿਨ੍ਹਾਂ ਕਾਰਣ ਆਮ ਸਿੱਖਾਂ, ਵਿਸ਼ੇਸ਼ ਕਰਕੇ ਸਿੱਖ-ਨੌਜਵਾਨਾਂ ਵਿਚ ਦੁਬਿੱਧਾ ਜਿਹੀ ਪੈਦਾ ਹੁੰਦੀ ਜਾ ਰਹੀ ਹੈ, ਜਿਸਦਾ ਨਤੀਜਾ ਇਹ ਹੋ ਰਿਹਾ ਹੈ ਕਿ ਉਹ ਇਸ ਦੁਬਿਧਾ ਵਿਚੋਂ ਉਭਰ ਨਾ ਸਕਣ ਕਾਰਣ, ਸਿੱਖੀ-ਵਿਰਸੇ ਨਾਲੋਂ ਟੁੱਟ ਕੇ ਭਟਕਦੇ ਅਤੇ ਸਿੱਖੀ-ਸਰੂਪ ਨੂੰ ਤਿਲਾਂਜਲੀ ਦਿੰਦੇ ਜਾ ਰਹੇ ਹਨ। ਜਿਸਤੋਂ ਸ਼ੰਕਾ ਪੈਦਾ ਹੁੰਦੀ ਹੈ ਕਿ ਕਿਧਰੇ ਇਹ ਸਿੱਖੀ-ਸਰੂਪ ਵਿਚ ਸਿੱਖੀ ਦੇ ਦੁਸ਼ਮਣਾ ਦੇ ਘੁਸਪੈਠੀਏ-ਏਜੰਟ ਤਾਂ ਨਹੀਂ, ਜੋ ਇਕ ਪਾਸੇ ਤਾਂ ਭਾਜਪਾ ਅਤੇ ਆਰਐਸਐਸ ਪੁਰ ਸਿੱਖੀ ਅਤੇ ਸਿੱਖਾਂ ਦੀ ਸੁਤੰਤਰ ਹੋਂਦ ਖਤਮ ਕਰਨ ਦੀ ਸਾਜ਼ਸ਼ ਘੜਨ ਦਾ ਦੋਸ਼ ਲਾ, ਆਪਣੇ-ਆਪਨੂੰ ਸਿੱਖੀ ਅਤੇ ਸਿੱਖ ਇਤਿਹਾਸ, ਧਰਮ ਤੇ ਉਸਦੀਆਂ ਮਰਿਅਦਾਵਾਂ-ਮਾਨਤਾਵਾਂ ਅਤੇ ਪਰੰਪਰਾਵਾਂ ਦੇ ਸਭ ਤੋਂ ਵਧ ਜਾਣੂ ਅਤੇ ਰਾਖੇ ਹੋਣ ਦਾ ਪ੍ਰਭਾਵ ਦੇ, ਸਿੱਖਾਂ ਦਾ ਵਿਸ਼ਵਾਸ ਜਿਤਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਦੂਜੇ ਪਾਸੇ ਸਿੱਖ ਇਤਿਹਾਸ ਤੇ ਮਰਿਅਦਾਵਾਂ ਬਾਰੇ ਨਿਤ-ਨਵੇਂ ਭਰਮ-ਭੁਲੇਖੇ ਪੈਦਾ ਕਰ ਵਿਵਾਦ ਪੈਦਾ ਕਰ ਸਿੱਖਾਂ ਨੂੰ ਹੀ ਸਿੱਖੀ ਵਲੋਂ ਉਪਰਾਮ ਕਰ, ਅੰਦਰੋਂ ਹੀ ਸਿੱਖੀ ਨੂੰ ਲੀਹੋਂ ਲਾਹੁਣ ਲਈ, ਦੁਸ਼ਮਣਾ ਦੀ ਸਿੱਖ ਅਤੇ ਸਿੱਖੀ-ਵਿਰੋਧੀ ਸਾਜ਼ਸ਼ ਨੂੰ ਨੇਪਰੇ ਚਾੜ੍ਹਨ ਦੀ ਜ਼ਿਮੇਂਦਾਰੀ ਨਿਭਾ ਰਹੇ ਹਨ।

ਦਸਿਆ ਗਿਆ ਹੈ ਕਿ ਅਜਿਹੇ ਹੀ ਇਕ 'ਵਿਦਵਾਨ-ਬੁੱਧੀਜੀਵੀ' ਨੇ ਇੱਕ ਵਾਰ ਇਹ ਆਖ, ਇਕ ਨਵਾਂ ਵਿਵਾਦ ਖੜਾ ਕਰ ਦਿਤਾ ਕਿ ਸਿੱਖ ਇਤਿਹਾਸ ਵਿਚ ਇਸ ਗਲ ਦਾ ਕੋਈ ਸਬੂਤ ਨਹੀਂ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦੀ ਬਖ਼ਸ਼ਸ਼ ਆਪ ਕੀਤੀ ਸੀ। ਇਹ ਸਜਣ, ਉਹ ਦਸੇ ਜਾਂਦੇ ਹਨ, ਜਿਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਸਿੱਖ-ਇਤਿਹਾਸ ਤੇ ਸਿੱਖੀ ਦੀਆਂ ਮਰਿਅਦਾਵਾਂ ਦੇ ਸਬੰਧ ਵਿਚ, ਸਭ ਤੋਂ ਵਧ ਗਿਆਨ ਅਤੇ ਡੂੰਘੀ ਜਾਣਕਾਰੀ ਰਖਦੇ ਹਨ। ਉਨ੍ਹਾਂ ਤੋਂ ਵਧ ਹੋਰ ਕੋਈ ਸਿੱਖੀ ਦਾ ਰਾਖਾ ਹੋ ਹੀ ਨਹੀਂ ਸਕਦਾ।

ਪਰ ਉਨ੍ਹਾਂ ਨੇ ਆਪਣੀ ਇਸ ਨਵੀਂ 'ਖੋਜ' ਦਾ ਜੋ ਪ੍ਰਗਟਾਵਾ ਕੀਤਾ ਹੈ, ਉਸਤੋਂ ਤਾਂ ਇਉਂ ਜਾਪਦਾ ਹੈ, ਜਿਵੇਂ ਉਨ੍ਹਾਂ ਨੂੰ ਸਿੱਖ ਇਤਿਹਾਸ ਤੇ ਸਿੱਖ ਧਰਮ ਦੀ ਡੂੰਘੀ ਜਾਣਕਾਰੀ ਹੋਣਾ ਤਾਂ ਦੂਰ ਰਿਹਾ, ਉਸਦੀ ਬੁਨਿਆਦੀ ਜਾਣਕਾਰੀ ਵੀ ਨਹੀਂ। ਜੇ ਉਨ੍ਹਾਂ ਨੂੰ ਜਾਣਕਾਰੀ ਹੁੰਦੀ ਤਾਂ ਸਿੱਖ ਇਤਿਹਾਸ ਤੇ ਬਾਣੀ ਵਿਚ ਕਈ ਅਜਿਹੀ ਉਦਾਹਰਣਾਂ ਮਿਲਦੀਆਂ ਹਨ, ਜੋ ਇਸ ਗਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਨਹੀਂ, ਸਗੋਂ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਗੁਰਗੱਦੀ ਦੇ ਵਾਰਿਸ, ਗੁਰੂ ਸਾਹਿਬਾਨ ਵੀ, ਗੁਰਗੱਦੀ ਦੇ ਵਾਰਿਸ ਦੀ ਚੋਣ ਆਪਣੇ ਜੀਵਨ-ਕਾਲ ਵਿਚ ਆਪ ਹੀ ਕਰਦੇ ਆਏ ਸਨ। ਪ੍ਰਮਾਣ ਵਜੋਂ ਪੇਸ਼ ਹਨ ਕੁਝ ਉਦਾਹਰਣਾ: ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ : ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ। ਜੋਤੀ ਜੋਤ ਮਿਲਾਇਕੇ ਸਤਿਗੁਰ ਨਾਨਕ ਰੂਪ ਵਟਾਇਆ। ਇਸੇ ਤਰ੍ਹਾਂ ਭਟ ਮਥਰਾ ਅਨੁਸਾਰ : ਜੋਤਿ ਰੂਪ ਹਰਿ ਆਪਿ ਗੁਰੂ ਨਾਨਕ ਕਹਾਯਉ। ਤਾਂ ਤੇ ਅੰਗਦ ਭਯਉ ਤਤ ਸਿਉ ਤਤ ਮਿਲਾਯਉ। ਭਾਈ ਮਨੀ ਸਿੰਘ ਅਨੁਸਾਰ:- 'ਇਹ ਤਾਂ ਪ੍ਰਮੇਸੁਰ ਵਲੋਂ ਹੁੰਡੀ ਹੈ, ਜੋ ਸੇਵਕ ਨੂੰ ਤਾਰਨੀ ਹੈ ਅਤੇ ਸੇਵਕ ਮੈ ਡਿਠਾ ਭਾਈ ਲਹਿਣਾ'

ਅਜਿਹੀਆਂ ਅਨੇਕਾਂ ਉਦਾਹਰਣਾ ਸਿੱਖ ਇਤਿਹਾਸ ਅਤੇ ਬਾਣੀ ਵਿਚੋਂ ਮਿਲਦੀਆਂ ਹਨ, ਜੋ ਇਸ ਗਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਵਾਰਿਸ ਦੀ ਚੋਣ, ਆਪਣੇ ਜੀਵਨ-ਕਾਲ ਵਿਚ ਆਪ ਹੀ ਕਰ, ਉਸਨੂੰ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦੀ ਜ਼ਿਮੇਂਦਾਰੀ ਸੌਂਪਦੇ ਰਹੇ ਹਨ।

ਸਿੱਖ ਪੰਥ ਦੇ ਇਕ ਹੋਰ, ਆਪੇ ਬਣੇ 'ਬੁਧੀਜੀਵੀ-ਵਿਦਵਾਨ-ਇਤਿਹਾਸਕਾਰ' ਹਨ, ਜਿਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਤੋਂ ਪਹਿਲਾਂ ਜਿਨ੍ਹਾਂ ਨੇ ਵੀ ਸਿੱਖ ਇਤਿਹਾਸ ਲਿਖਿਆ ਹੈ, ਲਗਭਗ ਉਨ੍ਹਾਂ ਸਾਰਿਆਂ ਨੇ 'ਯਬਲੀਆਂ' ਹੀ ਮਾਰੀਆਂ ਹਨ। ਕੇਵਲ ਉਨ੍ਹਾਂ ਨੇ ਹੀ ਕਈ ਦਸ਼ਾਬਦੀਆਂ ਦੀ ਮਿਹਨਤ ਨਾਲ 'ਖੋਜ' ਕਰਕੇ, ਸਹੀ ਤੇ ਪ੍ਰਮਾਣਤ 'ਮੁਕੰਮਲ ਸਿੱਖ ਤਵਾਰੀਖ਼' ਲਿਖੀ ਹੈ। ਉਨ੍ਹਾਂ ਨੇ ਆਪਣੀ ਇਸ ਪੁਸਤਕ ਵਿਚ ਇਕ ਸਜਣ ਦੇ ਨਾਂ ਤੇ ਜੋ 'ਮੁਖ ਬੰਦ' ਛਾਪਿਆ ਹੈ, ਉਹ ਸਚਮੁਚ ਹੀ ਸਾਰਿਆਂ ਦਾ 'ਮੂੰਹ ਬੰਦ' ਕਰ ਦੇਣ ਵਾਲਾ ਹੈ। ਕਿਉਂਕਿ ਇਸ ਵਿਚ ਉਨ੍ਹਾਂ ਨੇ ਆਪਣੀ ਪ੍ਰਸ਼ੰਸਾ ਵਿਚ ਜ਼ਮੀਨ-ਅਸਮਾਨ ਦੇ ਕੁਲਾਬੇ ਮਿਲਾਉਣ ਦੇ ਨਾਲ ਹੀ, ਦੂਜੇ ਸਿੱਖ ਇਤਿਹਾਸਕਾਰਾਂ ਦਾ ਜੋ ਮਜ਼ਾਕ ਉਡਾਇਆ ਹੈ, ਉਹ ਪੜ੍ਹ ਕੇ ਇਉਂ ਜਾਪਦਾ ਹੈ, ਜਿਵੇਂ ਕੇਵਲ ਇਹ ਸਜਣ ਹੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਅਜਤਕ ਦੇ ਸਮੇਂ ਦੇ ਸਿੱਖ ਇਤਿਹਾਸ ਦੇ ਚਸ਼ਮਦੀਦ ਗੁਆਹ ਚਲੇ ਆ ਰਹੇ ਹਨ, ਜਿਸ ਕਾਰਣ ਇਹੀ ਸਿੱਖ ਇਤਿਹਾਸ ਦੇ ਸਭ ਤੋਂ ਵੱਡੇ ਜਾਣਕਾਰ ਅਤੇ ਗਿਆਤਾ ਹਨ।

ਉਨ੍ਹਾਂ ਤੋਂ ਬਿਨਾਂ ਜਿਨ੍ਹਾਂ ਇਤਿਹਾਸਕਾਰਾਂ ਨੇ ਵੀ ਸਿੱਖ ਇਤਿਹਾਸ ਲਿਖਿਆ ਹੈ, ਉਨ੍ਹਾਂ ਸਾਰਿਆਂ ਨੇ ਹੀ 'ਯਬਲੀਆਂ' ਹੀ ਮਾਰੀਆਂ ਹੋਣਗੀਆਂ?

ਇਨ੍ਹਾਂ ਆਪਣੀ ਖ਼ੋਜ ਦੇ ਆਧਾਰ ਤੇ ਆਪਣੇ ਇਤਿਹਾਸ ਵਿਚ ਜੋ 'ਨਵੇਂ' ਤੱਥ ਪੇਸ਼ ਕੀਤੇ ਉਨ੍ਹਾਂ ਵਿਚੋਂ ਦੋ-ਕੁ ਨਮੂਨੇ ਵਜੋਂ ਪੇਸ਼ ਹਨ: (ੳ) 'ਗੁਰੂ ਸਾਹਿਬ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ (ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਣ ਤੋਂ ਪਹਿਲਾਂ) ਆਪਣੇ ਮੂੰਹ ਵਿਚ ਆਪ ਹੀ ਅੰਮ੍ਰਿਤ ਦੀਆਂ ਬੂੰਦਾਂ ਪਾਈਆਂ ਤੇ ਫਿਰ ਪੰਜਾਂ ਪਿਆਰਿਆਂ ਨੂੰ ਪਾਹੁਲ ਦਿਤੀ' - ਇਨ੍ਹਾਂ ਅਨੁਸਾਰ, 'ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦੇਣ, ਪਿਛੋਂ ਆਪ ਉਨ੍ਹਾਂ ਕੋਲੋਂ ਪਾਹੁਲ ਲੈਣ ਦੀ ਕਹਾਣੀ ਮਗਰੋਂ ਘੜੀ ਗਈ ਜਾਪਦੀ ਹੈ'। (ਅ) ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਿਠਾਣ ਦੀ ਇਤਿਹਾਸਕ ਮਾਨਤਾ ਪੁਰ ਸੁਆਲੀਆਂ ਨਿਸ਼ਾਨ ਲਾਉਂਦਿਆਂ, ਇਹ 'ਵਿਦਵਾਨ' ਇਤਿਹਾਸਕਾਰ ਪੁਛਦੇ ਹਨ ਕਿ 'ਕੀ ਲੋਹੇ ਦੀ ਤੱਤੀ ਤਵੀ ਤੇ ਕੋਈ ਇਨਸਾਨ (ਗੁਰੂ ਸਾਹਿਬ ਨੂੰ ਸਾਧਾਰਣ ਇਨਸਾਨ ਨਾਲ ਮਿਲਾਉਂਦਿਆਂ ਕਹਿੰਦੇ ਹਨ) ਤਿੰਨ ਦਿਨ ਬੈਠ ਸਕਦਾ ਹੈ? ਕੀ ਉਹ ਇਕ ਦਿਨ ਵਿਚ ਸੜ ਨਹੀਂ ਜਾਇਗਾ? ਇਹ ਸਭ ਕਲਪਨਾ ਦੀਆਂ ਗਲਾਂ ਹਨ'। ਇਹ ਤਾਂ ਕੇਵਲ ਦੋ ਹੀ ਉਦਾਹਰਣਾਂ ਹਨ, ਇਨ੍ਹਾਂ ਤੋਂ ਬਿਨਾਂ ਉਨ੍ਹਾਂ, ਸਿੱਖ ਇਤਿਹਾਸ ਵਿਚ ਅਨੇਕਾਂ ਅਜਿਹੀਆਂ 'ਨਵੀਆਂ ਖੋਜਾਂ' ਪੇਸ਼ ਕੀਤੀਆਂ ਹਨ, ਜਿਨ੍ਹਾਂ ਕਾਰਣ ਪ੍ਰਮਾਣਤ ਸਿੱਖ ਇਤਿਹਾਸ ਦੇ ਸੰਬੰਧ ਵਿਚ ਕਈ ਭਰਮ-ਭੁਲੇਖੇ ਹੀ ਪੈਦਾ ਨਹੀਂ ਹੋ ਰਹੇ, ਸਗੋਂ ਉਨ੍ਹਾਂ ਕਾਰਣ, ਅਜਿਹੇ ਕਈ ਨਵੇਂ ਵਿਵਾਦ ਵੀ ਪੈਦਾ ਹੋਣ ਦੀ ਸੰਭਾਵਨਾ ਬਣ ਗਈ ਹੋਈ ਹੈ, ਜੋ ਆਮ ਸਿੱਖਾਂ ਵਿਚ ਸਿੱਖ ਇਤਿਹਾਸ ਦੀ ਮਾਨਤਾ ਬਾਰੇ ਕਈ ਤਰ੍ਹਾਂ ਦੀਆਂ ਦੁਬਿਧਾਵਾਂ ਪੈਦਾ ਕਰਨ ਦਾ ਕਾਰਣ ਬਣਨਗੇ ਅਤੇ ਸਮਾਂ ਆਉਣ ਤੇ ਉਨ੍ਹਾਂ ਦੇ ਦਿਲਾਂ ਵਿਚ ਆਪਣੇ ਇਤਿਹਾਸ ਦੇ ਬਹੁਮੁਲੇ ਵਿਰਸੇ ਬਾਰੇ ਸ਼ੰਕਾਵਾਂ ਪੈਦਾ ਕਰਕੇ, ਸਿੱਖੀ ਪ੍ਰਤੀ ਉਨ੍ਹਾਂ ਦੇ ਵਿਸ਼ਵਾਸ ਨੂੰ ਅਵਿਸ਼ਵਾਸ ਵਿਚ ਬਦਲ ਸਕਦੇ ਹਨ। ਇਸਤਰ੍ਹਾਂ ਪੈਦਾ ਹੋਣ ਵਾਲੇ ਇਸ ਅਵਿਸ਼ਵਾਸ ਦਾ ਨਤੀਜਾ ਕੀ ਹੋਵੇਗਾ? ਇਸਦਾ ਅਨੁਮਾਨ ਲਾਉਣਾ ਮੁਸ਼ਕਿਲ ਨਹੀਂ ਹੈ।

ਅਤੇ ਅੰਤ ਵਿਚ: ਦਿਲਚਸਪ ਗਲ ਇਹ ਹੈ ਕਿ ਅਜਿਹੇ ਅਖੌਤੀ 'ਵਿਦਵਾਨ, ਖੋਜੀ ਅਤੇ ਇਤਿਹਾਸਕਾਰ' ਸਿੱਖ-ਸੰਸਥਾਵਾਂ ਦੇ ਉਨ੍ਹਾਂ ਮੁਖੀਆਂ ਅਤੇ ਸਮਰਥਾਵਾਨ ਸਿੱਖਾਂ ਦਾ, ਆਪਣੀ 'ਵਿਦਵਤਾ-ਪੂਰਣ ਖੋਜ', ਸਿੱਖੀ ਪ੍ਰਤੀ ਦਰਦ ਹੋਣ ਦਾ ਭੁਲਾਵਾ ਦੇ, ਲਗਾਤਾਰ ਆਰਥਕ ਤੇ ਭਾਵਨਾਤਮਕ ਸ਼ੋਸ਼ਣ ਕਰਦੇ ਚਲੇ ਆ ਰਹੇ ਹਨ, ਜਿਨ੍ਹਾਂ ਦੇ ਦਿਲ ਵਿਚ ਸਿੱਖੀ ਵਿਚ ਆ ਰਹੇ ਨਿਘਾਰ ਕਾਰਣ ਉਪਜੀ ਅਥਾਹ ਪੀੜਾ ਅਤੇ ਉਸਨੂੰ ਬਚਾਣ ਦੀ ਤੀਬਰ ਭਾਵਨਾ ਹੈ।

-------------

# ਪੌਦਿਆਂ ਦੇ ਚਕਿੱਤਸਕ ਗੁਣਾਂ ਰਾਹੀ ਲੋਕਾਈ ਨੂੰ ਲਿਖਤਾਂ ਦੁਆਰਾ ਤੰਦਰੁਸਤ ਕਰਨ ਲਈ ਯਤਨਸ਼ੀਲ ਸਿਰਮੌਰ ਕਲਮ : ਰਿਪਨਜੋਤ ਕੌਰ ਸੋਨੀ ਬੱਗਾ



ਪ੍ਰੀਤਮ ਲੁਧਿਆਣਵੀ
9876428641

ਕਹਾ ਕਰਦੇ ਹਨ, 'ਜਾਨ ਨਾਲ ਜਹਾਨ।' ਜੇਕਰ ਸਿਹਤ ਠੀਕ ਹੈ ਤਾਂ ਉਸ ਦੇ ਲਈ ਸਾਰੀ ਦੁਨੀਆਂ ਵਸਦੀ-ਰਸਦੀ ਹੈ। ਪਰ ਜੇਕਰ ਸਿਹਤ ਹੀ ਠੀਕ ਨਹੀ ਤਾਂ ਸਾਰਾ ਜਹਾਨ ਜ਼ੀਰੋ ਹੈ, ਉਸ ਦੇ ਲਈ। ਅੱਜ ਇਨਾਂ ਸਤਰਾਂ ਰਾਹੀਂ ਅਸੀਂ ਇਕ ਐਸੀ ਸਖ਼ਸ਼ੀਅਤ ਦਾ ਜ਼ਿਕਰ ਕਰਨ ਜਾ ਰਹੇ ਹਾਂ ਜਿਹੜੇ ਕਿ ਪੌਦਿਆਂ ਦੇ ਚਕਿੱਤਸਕ ਗੁਣਾਂ ਰਾਹੀਂ ਲੋਕਾਈ ਨੂੰ ਕੁਦਰਤੀ ਜੜੀ-ਬੂਟੀਆਂ ਨਾਲ ਤੰਦਰੁਸਤ ਕਰਨ ਲਈ ਆਪਣੀਆਂ ਲਿਖਤਾਂ ਦੁਆਰਾ ਸੇਧ ਦੇਣ ਦੀਆਂ ਭਰਪੂਰ ਕੋਸ਼ਿਸ਼ਾਂ ਕਰ ਰਹੇ ਹਨ। ਅੰਮ੍ਰਿਤਸਰ ਵਿਚ ਪਿਤਾ ਡਾ. ਵਿਦਵਾਨ ਸਿੰਘ ਸੋਨੀ ਦੇ ਗ੍ਰਹਿ ਵਿਖੇ ਮਾਤਾ ਸ੍ਰੀਮਤੀ ਸੁਰਿੰਦਰਪਾਲ ਕੌਰ ਦੀ ਪਾਕਿ ਕੁੱਖ ਨੂੰ ਭਾਗ ਲਾਉਣ ਵਾਲੀ, ਹਮਦਰਦਰਾਨਾ ਦਿਲ ਰੱਖਦੀ, ਇਸ ਦਯਾਵਾਨ ਰੂਹ ਦਾ ਕੁਝ ਬਚਪਨ ਜਿਲਾ ਗੁਰਦਾਸਪੁਰ ਵਿਚ ਬੀਤਿਆ। ਦਸਵੀਂ ਤੱਕ ਦੀ ਪੜਾਈ ਉਨਾਂ ਨੇ ਮਾਡਰਨ ਸੀਨੀ. ਸੈਕੰ. ਸਕੂਲ, ਪਟਿਆਲਾ ਤੋਂ ਕਰਨ ਪਿੱਛੋਂ ਬੀ. ਐਸ ਸੀ. (ਮੈਡੀਕਲ) ਦੀ ਪੜਾਈ ਗੌਰਮਿੰਟ ਮਹਿੰਦਰਾ ਕਾਲਜ ਪਟਿਆਲਾ ਤੋਂ ਅਤੇ ਐਮ. ਐਸ ਸੀ. (ਜ਼ੁਆਲੋਜੀ), ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸਕਾਲਰਸ਼ਿਪ ਨਾਲ ਕੀਤੀ। ਇਸ ਤੋਂ ਬਾਅਦ ਬੀ. ਐਡ ਅਤੇ ਐਮ. ਐਡ ਦੀ ਪੜਾਈ ਵੀ ਵਿਆਹ ਉਪਰੰਤ ਇਸੇ ਹੀ ਯੂਨੀ-ਵਰਸਿਟੀ ਤੋਂ ਕੀਤੀ। ਪਾਠਕਾਂ ਦੇ ਰੂ-ਬ-ਰੂ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ, ਸਰਬੱਤ ਦਾ ਭਲਾ ਲੋਚਦੀ, ਸਮਾਜ ਨੂੰ ਸਿਹਤਮੰਦ ਵੇਖਣ ਦੀ ਚਾਹਵਾਨ ਅਤੇ ਪੰਜਾਬੀ ਮਾਂ-ਬੋਲੀ ਦੀ ਸੱਚੀ-ਸੁੱਚੀ ਪੁਜਾਰਨ, ਬੀਬੀ ਰਿਪਨਜੋਤ ਕੌਰ ਸੋਨੀ ਬੱਗਾ ਜੀ ਨਾਲ ਹੋਈ ਮੁਲਾਕਾਤ ਦੀ ਪੰਛੀ ਝਾਤ :-

?-''ਆਪਣੇ ਜੀਵਨ-ਸਾਥੀ ਅਤੇ ਆਪਣੇ ਪੇਸ਼ੇ ਬਾਰੇ ਕੁਝ ਦੱਸੋਂਗੇ, ਬੱਗਾ ਜੀ ?''

-''ਮੇਰੇ ਜੀਵਨ-ਸਾਥੀ ਲੈਫਟੀਨੈਂਟ ਕਰਨਲ ਜੇ. ਐਸ. ਬੱਗਾ ਜੀ ਹਨ, ਜਿਨਾਂ ਨੇ ਫੌਜ ਵਿਚ ਹੁੰਦੇ ਹੋਏ ਪੀ. ਸੀ. ਐਸ. ਦੇ ਪੇਪਰ ਕਲੀਅਰ ਕੀਤੇ ਅਤੇ ਉਪਰੰਤ ਅੱਜ-ਕੱਲ ਉਹ ਸਿਵਿਲ ਨੌਕਰੀ ਵਿਚ ਆ ਗਏ ਹਨ। ...ਮੈਂ ਤਿੰਨ ਸਾਲ ਗੌਰਮਿੰਟ ਕਾਲਜ ਰੋਪੜ ਅਤੇ ਜੀਵਨ-ਸਾਥੀ ਦੇ ਫੌਜ਼ ਵਿਚ ਹੋਣ ਕਰ ਕੇ 18 ਸਾਲਾਂ ਤੋਂ ਭਾਰਤ ਦੇ ਅਲੱਗ-ਅਲੱਗ ਸੂਬਿਆਂ ਵਿਚ ਸਥਿਤ ਤਕਰੀਬਨ ਅੱਠ ਆਰਮੀ ਸਕੂਲਾਂ ਵਿਚ ਪੜਾਇਆ। ਅੱਜ-ਕੱਲ ਮੈਂ ਆਰਮੀ ਸਕੂਲ ਪਟਿਆਲਾ ਵਿਖੇ ਪੜਾ ਰਹੀ ਹਾਂ।''

?-''ਜੜੀ-ਬੂਟੀਆਂ ਨਾਲ ਮਰੀਜ਼ਾਂ ਨੂੰ ਤੰਦਰੁਸਤ ਕਰਨ ਦੀ ਚੇਟਕ ਕਦੋਂ ਅਤੇ ਕਿਵੇਂ ਲੱਗੀ? ਇਹ ਵੀ ਦੱਸੋ ਕਿ ਉਹ ਕਿਹੜੇ-ਕਿਹੜੇ ਮਸਾਲੇ, ਪੇੜ-ਪੌਦੇ ਤੇ ਜੜੀ-ਬੂਟੀਆਂ ਹਨ, ਜੋ ਸਾਡੇ ਆਮ ਘਰਾਂ ਵਿਚ ਅਤੇ ਆਲੇ-ਦਆਲੇ ਪਾਏ ਜਾਂਦੇ ਹਨ ਤੇ ਸਾਡੀ ਸਿਹਤ ਲਈ ਅਤਿਅੰਤ ਫ਼ਾਇਦੇਮੰਦ ਹਨ?''



-''ਇਹ ਚੇਟਕ ਮੈਨੂੰ ਮੇਰੇ ਪਿਤਾ ਜੀ ਅਤੇ ਸ. ਸੁਰਜੀਤ ਸਿੰਘ ''ਕਲਮ 5-ਆਬ'' (ਫੇਸ-ਬੁੱਕ ਗਰੁੱਪ) ਵੱਲੋਂ ਦਿੱਤੇ ਸੁਝਾਓ ਸਦਕਾ, ਲਾਕ-ਡਾਊਨ ਦੌਰਾਨ ਲੱਗੀ। ਹਲਦੀ, ਦਾਲ-ਚੀਨੀ, ਕਲੌਂਜੀ, ਕਾਲੀ ਮਿਰਚ, ਲੈਚੀ, ਲੌਂਗ, ਲਸਣ ਅਤੇ ਅਦਰਕ ਆਦਿ ਮਸਾਲਿਆਂ ਦੇ ਨਾਲ-ਨਾਲ ਨਿੰਮ, ਕੜੀ-ਪੱਤਾ, ਤੁਲਸੀ, ਗਲੋਅ, ਜਾਮਣ, ਸੁਹਾਂਜਣਾ (ਮੋਰਿੰਗਾ) ਦੇ ਪੱਤੇ, ਅਮਰੂਦ, ਹਾਰ-ਸ਼ਿੰਗਾਰ ਦੇ ਪੱਤੇ, ਆਦਿ ਦਾ ਸੇਵਨ ਕਰਨ ਨਾਲ ਨਜ਼ਲਾ-ਜ਼ੁਕਾਮ, ਖਾਂਸੀ, ਬੁਖਾਰ ਅਤੇ ਜੋੜਾਂ ਦੇ ਦਰਦ ਆਦਿ ਤੋਂ ਰਾਹਤ ਤਾਂ ਮਿਲਦੀ ਹੀ ਹੈ, ਇਸ ਤੋਂ ਇਲਾਵਾ ਪੇਟ ਦੀਆਂ ਕਈ ਬਿਮਾਰੀਆਂ ਤੋਂ ਵੀ ਬਚਾਉਂਦੇ ਹਨ, ਇਹ। ਇਨਾਂ ਦਾ ਸੇਵਨ ਕਰਨ ਨਾਲ ਮਨੁੱਖੀ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ (ਇਮਿਊਨਟੀ) ਵੀ ਵਧਦੀ ਹੈ।''

?-''ਕੀ ਤੁਹਾਡੇ ਕੋਈ ਲੇਖ ਕਿਸੇ ਪੇਪਰ ਵਿਚ ਕਦੀ ਛਪੇ ਜਾਂ ਰੇਡੀਓ ਤੋਂ ਬਰਾਡਕਾਸਟ ਵੀ ਹੋਏ ਹਨ ?''

-''ਹਾਂ ਜੀ। ਅਜੀਤ, ਨਵਾਂ ਜਮਾਨਾ ਦੇਸ਼-ਵਿਦੇਸ਼ ਟਾਈਮਜ, ਨਿਰੰਤਰ ਸੋਚ, ਭਾਈ ਦਿੱਤ ਸਿੰਘ ਪੱਤ੍ਰਿਕਾ ਅਤੇ ਪੰਜ ਦਰਿਆ ਆਦਿ ਪੇਪਰਾਂKਮੈਗਜ਼ੀਨਾਂ ਵਿਚ ਸਿਹਤ ਦੇ ਇਨਾਂ ਨੁਸਖਿਆਂ ਸਬੰਧੀ ਅਤੇ ਵਿਗਿਆਨ ਨਾਲ ਜੁੜੇ ਮੇਰੇ ਸਾਹਿਤਕ ਲੇਖ ਤੇ ਮਿੰਨੀ ਕਹਾਣੀਆਂ ਛਪ ਚੁੱਕੇ ਹਨ। ਇਸ ਤੋਂ ਇਲਾਵਾ ਫੌਜ ਦੇ ਸਾਹਸ ਦੀਆਂ ਕਹਾਣੀਆਂ ਅਤੇ ਬੱਚਿਆਂ ਦੇ ਮਨੋ-ਵਿਗਿਆਨ ਨਾਲ ਸਬੰਧਤ ਨਿੱਕੀਆਂ ਕਹਾਣੀਆਂ ਵੀ ਛਪ ਚੁੱਕੀਆਂ ਹਨ। ਵਾਤਾਵਰਣ-ਪ੍ਰੇਮੀ ਸੰਤ ਸੀਚੇਵਾਲ ਜੀ ਦੇ ਰੇਡੀਓ, 'ਅਵਤਾਰ' ਦੁਆਰਾ ਮੇਰੇ ਕਾਫੀ ਲੇਖ ਪ੍ਰਸਾਰਿਤ ਕੀਤੇ ਜਾ ਚੁੱਕੇ ਹਨ, ਜਿਨਾਂ ਨੂੰ ਪੜਕੇ ਤੇ ਸੁਣਕੇ ਕਾਫੀ ਪਾਠਕ ਤੇ ਸਰੋਤਿਆਂ ਦੇ ਦੁਆਵਾਂ ਭਰੇ ਫੋਨ ਵੀ ਆਉਂਦੇ ਰਹਿੰਦੇ ਹਨ, ਮੈਨੂੰ।''

?-''ਸਾਹਿਤਕ ਖੇਤਰ ਵਿਚ ਤੁਹਾਡੇ ਲਿਖਣ ਦੇ ਵਿਸ਼ੇ ਕਿਹੋ ਜਿਹੇ ਹਨ?''

-''ਮੇਰੀਆਂ ਮਿੰਨੀ ਕਹਾਣੀਆਂ, 'ਬੋਲੀ', 'ਫਾਇਦਾ', 'ਸਾਹਸ', 'ਦੁੱਧ ਦਾ ਗਿਲਾਸ', '786 ਨੰਬਰ', 'ਪੱਗ', 'ਯੇ ਤੋ ਸਰਦਾਰਨੀ ਲਗਤੀ ਹੈ', 'ਮਾਂ ਦੀ ਹਿੰਮਤ', 'ਵੀਹਾਂ ਦਾ ਨੋਟ', 'ਕੋਈ ਠਾਕੁਰ ਹੋਣਾ' ਅਤੇ 'ਕਮਾਂਡੋ ਦੀ ਮੰਗੇਤਰ' ਸੌ ਫੀ ਸਦੀ ਹੱਡ-ਬੀਤੀਆਂ ਹਨ, ਜੋ ਕਿ ਬੱਚਿਆਂ ਦੀਆਂ ਮਨੋ-ਵਿਗਿਆਨਕ ਸਮੱਸਿਆਵਾਂ ਅਤੇ ਮੇਰੇ ਫੌਜ ਵਿਚ ਰਹਿਣ ਦੌਰਾਨ ਤਜ਼ਰਬਿਆਂ ਉਤੇ ਅਧਾਰਤ ਹਨ, ਕਾਫ਼ੀ ਮਕਬੂਲ ਹੋਈਆਂ। ਇਨਾਂ ਨੂੰ ਮੈਂ ਜਲਦੀ ਹੀ ਕਿਤਾਬੀ ਰੂਪ ਦੇਣ ਜਾ ਰਹੀ ਹਾਂ।''

?-''ਤੁਸੀਂ ਸਾਹਿਤਕ ਪੱਖ ਵਿਚ ਕਦੋਂ ਤੋਂ ਅਤੇ ਕਿਸ ਭਾਸ਼ਾ ਵਿਚ ਲਿਖਣਾ ਸ਼ੁਰੂ ਕੀਤਾ?''

-''ਜਦੋਂ ਮੈਂ ਕਾਲਜ ਵਿਚ ਪੜਦੀ ਸੀ ਤਾਂ ਮੇਰੀ ਇਕ ਮਿੰਨੀ ਕਹਾਣੀ ਅਤੇ ਇਕ ਸਫਰਨਾਮਾਂ ਅੰਗ੍ਰੇਜੀ ਵਿਚ ਛਪੇ। ਜਦ ਮੈਂ ਪਿਤਾ ਜੀ ਨਾਲ ਉਸਨੂੰ ਸਾਂਝਾ ਕੀਤਾ ਤਾਂ ਉਹ ਅੱਗੋਂ ਖੁਸ਼ ਹੋਣ ਦੀ ਬਜਾਇ ਮੈਨੂੰ ਖਿੱਝਕੇ ਕਹਿਣ ਲੱਗੇ, ''ਪੰਜਾਬੀ ਵਿਚ ਲਿਖਿਆ ਕਰੋ। ਤੁਸੀਂ ਆਪਣਾ ਪੱਖ ਆਪਣੀ ਮਾਂ-ਬੋਲੀ ਵਿਚ ਚੰਗੀ ਤਰਾਂ ਪਾਠਕਾਂ ਨੂੰ ਸਮਝਾ ਸਕਦੇ ਹੋ।'' ਪਿਤਾ ਜੀ ਦੇ ਕਹੇ ਇਹ ਸ਼ਬਦ ਮੇਰੇ ਦਿਲ 'ਚ ਐਨਾ ਧੱਸ ਗਏ ਕਿ ਪਤੀ ਦੀ ਫੌਜ ਦੀ ਨੌਕਰੀ ਦੌਰਾਨ ਮੈਂ ਪੰਜਾਬ ਦੇ ਇਕ ਆਰਮੀ ਸਕੂਲ ਵਿਚ ਪੰਜਾਬੀ ਦਾ ਵਿਸ਼ਾ ਛੇਵੀਂ, ਸੱਤਵੀਂ ਤੇ ਅੱਠਵੀਂ ਜਮਾਤ ਵਿਚ ਲਗਵਾਇਆ। ਇੱਥੇ ਹੀ ਬਸ ਨਹੀਂ, ਮਾਂ-ਬੋਲੀ ਪੰਜਾਬੀ ਪ੍ਰਤੀ ਨਾ-ਸਿਰਫ ਮੇਰੀ ਪ੍ਰਬਲ ਇੱਛਾ ਹੀ, ਬਲਕਿ ਪੰਜਾਬ ਸਰਕਾਰ ਨੂੰ ਅਪੀਲ ਵੀ ਹੈ ਕਿ ਸਾਇੰਸ ਦੀ ਪੜਾਈ ਪੰਜਾਬੀ ਮਾਧਿਅਮ ਵਿਚ ਘੱਟ-ਤੋਂ-ਘੱਟ ਬੀ. ਐਸ ਸੀ. ਤੱਕ ਜਰੂਰ ਪੜਾਈ ਜਾਵੇ, ਤਾਂ ਕਿ ਪੰਜਾਬ ਦੇ ਪਿੰਡਾਂ ਦੇ ਆਮ ਬੱਚੇ, ਜਿਹੜੇ ਕਿ ਚਾਹੁੰਦੇ ਹੋਏ ਵੀ ਅੰਗ੍ਰੇਜੀ ਦੀ ਅੜਚਨ ਆਉਣ ਕਰਕੇ ਦਸਵੀਂ ਤੋਂ ਬਾਅਦ ਸਾਂਇੰਸ ਨਹੀ ਪੜ ਸਕਦੇ, ਉਹ ਪੜ ਸਕਣਗੇ। ਬੱਚਿਆਂ ਦੀ ਇੱਛਾ ਪੂਰਤੀ ਦੇ ਨਾਲ-ਨਾਲ ਬੱਚਿਆਂ ਦੀ ਸੋਚ ਵਿਗਿਆਨਕ ਹੋਵੇਗੀ ਅਤੇ ਉਹ ਅੰਧ-ਵਿਸ਼ਵਾਸ਼ਾਂ ਤੋਂ ਦੂਰ ਰਹਿਣਗੇ।''

ਦੋਨੋਂ ਹੱਥੀਂ ਲੱਡੂ ਵੰਡ ਰਹੇ ਰਿਪਨਜੋਤ ਕੌਰ ਸੋਨੀ ਬੱਗਾ ਜੀ ਦੀ ਸੋਚ ਨੂੰ ਸਲਾਮ। ਆਪਣੀਆਂ ਲਿਖਤਾਂ ਰਾਹੀਂ ਪੰਜਾਬੀ ਮਾਂ-ਬੋਲੀ ਦੀ ਸੇਵਾ ਅਤੇ ਲੋਕਾਈ ਦੇ ਭਲੇ ਲਈ ਯਤਨਸ਼ੀਲ ਇਸ ਕਲਮ ਦੀਆਂ ਸਾਹਿਤ ਤੇ ਸਮਾਜ ਪ੍ਰਤੀ ਇਹ ਵੱਡਮੁੱਲੀਆਂ ਤੇ ਸਲਾਹੁਣ-ਯੋਗ ਸੇਵਾਵਾਂ ਨਿਰੰਤਰ ਚੱਲਦੇ ਰੱਖਣ ਲਈ ਮੇਰਾ ਪ੍ਰਵਰਦਗਾਰ ਉਨਾਂ ਨੂੰ ਹੋਰ ਵੀ ਬਲ ਬਖ਼ਸ਼ੇ!

# 'ਸਪੀਕਰ' ਟਰੈਕ ਨਾਲ ਹਾਜਰ ਹੈ ਗੁਣਗੀਤ ਮੰਗਲ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)-** ਗਾਇਕ ਗੁਣਗੀਤ ਮੰਗਲ ਆਪਣਾ ਸਿੰਗਲ ਟਰੈਕ 'ਸਪੀਕਰ' ਲੈ ਕੇ ਸਰੋਤਿਆਂ ਦੀ ਕਚਿਹਰੀ ਵਿਚ ਹਾਜ਼ਰ ਹੋਇਆ ਹੈ। ਕੈਨੇਡਾ ਦੇ ਪ੍ਰਸਿੱਧ ਸੰਗੀਤਕਾਰ ਹੈਰੀ ਸੰਧੂ ਵਲੋਂ ਇਸ ਟਰੈਕ 'ਜੋੜ ਮੰਜੇ ਦੋ ਸਪੀਕਰ ਲੱਗਦੇ ਸੀ' ਨੂੰ ਲਾਜਵਾਬ ਸੰਗੀਤ ਪ੍ਰਦਾਨ ਕੀਤਾ ਗਿਆ ਹੈ। ਇਸ ਦੇ ਲੇਖਕ ਅਤੇ ਪੇਸ਼ਕਾਰ ਪ੍ਰਸਿੱਧ ਗੀਤਕਾਰ




ਮੰਗਲ ਹਠੂਰ ਅਤੇ ਸ਼ਿੰਦੂ ਰੰਧਾਵਾ ਨੇ ਦੱਸਿਆ ਕਿ ਇਸ ਟਰੈਕ ਨੂੰ ਮੰਗਲ ਹਠੂਰ ਰਿਕਾਰਡਸ ਵਲੋਂ ਲਾਂਚ ਕੀਤਾ ਗਿਆ ਹੈ। ਇਸ ਟਰੈਕ ਦਾ ਸ਼ਾਨਦਾਰ ਵੀਡੀਓ ਰਘੁਬੀਰ ਢੁੱਡੀਕੇ ਵਲੋਂ ਤਿਆਰ ਕੀਤਾ ਗਿਆ ਹੈ। ਗੀਤਕਾਰ ਮੰਗਲ ਹਠੂਰ ਦੇ ਪੇਸ਼ ਕੀਤੇ ਗਏ ਇਸ ਟਰੈਕ ਨੂੰ ਸਰੋਤੇ ਜਰੂਰ ਆਪਣੀ ਪਹਿਲੀ ਪਸੰਦ ਬਨਾਉਣਗੇ।

# 'ਇਸ਼ਕ' ਟਰੈਕ ਨਾਲ ਭਰ ਰਹੀ ਹਾਜ਼ਰੀ ਰਜਨੀ ਜੈਨ ਆਰੀਆ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)-** ਸੁਰੀਲੀ ਸੁਰ ਅਤੇ ਸੁੰਦਰਤਾ ਦਾ ਸੁਮੇਲ ਗਾਇਕਾ ਰਜਨੀ ਜੈਨ ਆਰੀਆ ਆਪਣਾ ਸਿੰਗਲ ਟਰੈਕ 'ਇਸ਼ਕ' ਲੈ ਕੇ ਸਰੋਤਿਆਂ ਦੀ ਕਚਿਹਰੀ ਵਿਚ ਹਾਜ਼ਰੀ ਭਰ ਰਹੀ ਹੈ। ਰੋਇਲ ਸਵੈਗ ਵਲੋਂ ਰਿਲੀਜ਼ ਕੀਤੇ ਗਏ ਇਸ ਟਰੈਕ ਨੂੰ ਪ੍ਰਵੀਨ ਕੁਮਾਰ ਅਕਾਸ਼ ਨੇ ਕਲਮਬੱਧ ਕੀਤਾ। ਸੰਗੀਤਬੱਧ ਐਲ ਕੇ ਵਲੋਂ ਕੀਤਾ ਗਿਆ। ਕੁਲਵਿੰਦਰ




ਕੈਲੀ ਨੇ ਇਸ ਨੂੰ ਵੀਡੀਓ ਡਾਇਰੈਕਸ਼ਨ ਪ੍ਰਦਾਨ ਕੀਤੀ। ਗਾਇਕਾ ਰਜਨੀ ਜੈਨ ਆਰੀਆ ਇਸ ਟਰੈਕ ਲਈ ਅਸ਼ੋਕ ਨਾਗਪਾਲ ਅਤੇ ਪੰਚਮ ਸਟੂਡੀਓ ਲੁਧਿਆਣਾ ਦਾ ਸ਼ੁਕਰੀਆ ਅਦਾ ਕਰਦੀ ਹੈ। ਉਕਤ ਗਾਇਕਾ ਨੂੰ ਇਸ ਟਰੈਕ ਰਾਹੀਂ ਸਰੋਤਿਆਂ ਦੀ ਪ੍ਰਵਾਨਗੀ ਮਿਲੇਗੀ ਅਜਿਹੀ ਕਾਮਨਾ ਕਰਦੇ ਹੋਏ ਉਸ ਨੂੰ ਟਰੈਕ ਦੀਆਂ ਸ਼ੁੱਭ ਕਾਮਨਾਵਾਂ ਭੇਟ ਕਰਦੇ ਹਾਂ।





ਮੱਖਣ ਸਿੰਘ ਬੈਂਸ

ਬੰਦੀ- ਛੋੜ ਦਿਵਸ ਦੀ
ਦੇਸ਼-ਵਿਦੇਸ਼ ਵਿਚ ਵੱਸਦੀਆਂ
ਗੁਰੂ ਨਾਨਕ ਨਾਮ ਲੇਵਾ
ਸਿੱਖ ਸੰਗਤਾਂ ਅਤੇ
ਸਮੂਹ ਲੋਕਾਈ ਨੂੰ
ਲੱਖ-ਲੱਖ ਵਧਾਈ



ਗਿਆਨੀ ਰਵਿੰਦਰ ਸਿੰਘ


# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com

# ਕੇਂਦਰ ਤੇ ਪੰਜਾਬ ਦੇ ਕਿਰਸਾਨਾਂ ਵਿੱਚਕਾਰ ਅਸਾਵਾਂ ਟਕਰਾ , ਸਰਕਾਰ ਸਿਆਣਪ ਤੋਂ ਕੰਮ ਲਵੇ

ਇਹ ਆਮ ਕਰਕੇ ਮੰਨਿਆ ਜਾਂਦਾ ਹੈ ਕਿ ਕੁਝ ਸਮੇਂ ਬਾਅਦ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। ਕਈ ਵਾਰੀ ਉਸ ਵਿੱਚ ਕਾਫੀ ਹੱਦ ਤਕ ਇਕ ਸਾਰਤਾ ਹੁੰਦੀ ਹੈ, ਹਾਲਾਤ ਇਕੋ ਜਿਹੇ ਸਮਾਨ ਹੁੰਦੇ ਹਨ। ਪਰ ਕਈ ਵਾਰੀ ਉਸ ਵਿੱਚ ਕਿਸੇ ਤਰਾਂ ਦਾ ਮੇਲ ਨਾ ਹੋ ਕੇ ਸਰਕਾਰ ਵਲੋਂ ਦੂਜੀ ਧਿਰ ਨਾਲ ਸਿੱਖਰਾਂ ਦਾ ਕੀਤਾ ਜਾ ਰਿਹਾ ਧੱਕਾ ਤੇ ਬੇਇਨਸਾਫੀ ਹੁੰਦੀ ਹੈ ਜਿਵੇਂ ਹੁਣ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਪਿਛਲੇ ਕਈ ਮਹੀਨਿਆਂ ਤੋਂ ਕਰਦੀ ਆ ਰਹੀ ਹੈ। ਭਾਜਪਾ ਦੀ ਸਰਕਾਰ ਜਿਸ ਨੇ ਆਪਣੇ ਆਪ ਤੇ ਹਿੰਦੂਤੱਵੀ ਹੋਣ ਦਾ ਬੁਰੱਕਾ ਜਰੂਰ ਪਾਇਆ ਹੈ।ਪਰ ਇਹ ਹੈ ਹਿੰਦੂਆਂ ਦੀ ਵੀ ਹਿਤੈਸ਼ੀ ਨਹੀਂ। ਜੇ ਕਰ ਹੁੰਦੀ ਤਾਂ ਛੇ ਸਾਢੇ ਛੇ ਸਾਲਾਂ ਦੇ ਰਾਜ ਦੌਰਾਨ ਇਹ ਹੋਰਨਾਂ ਦਾ ਨਾ ਸਹੀ , ਤਾਂ ਹਿੰਦੂਆਂ ਦਾ ਤਾਂ ਭੱਲਾ ਕਰ ਚੁੱਕੀ ਹੁੰਦੀ। ਲੇਕਿਨ ਹਿੰਦੂ ਧਰਮ ਵੀ ਹੋਰ ਧਰਮਾਂ ਵਾਂਗ ਮਹਿੰਗਾਈ, ਭ੍ਰਿਸ਼ਟਾਚਾਰ, ਬੇਰੁਜਗਾਰੀ ਆਦਿ ਮੁਸ਼ਕਲਾਂ ਵਿੱਚੋਂ ਗੁਜੱਰਦਾ ਆ ਰਿਹਾ ਹ।ਅਸਲ ਵਿੱਚ ਇਹ ਸਰਕਾਰ ਗੁਜਰਾਤੀ ਵਿਉਪਾਰੀਆਂ ਅੰਬਾਨੀਆਂ, ਅਡਾਨੀਆਂ, ਨੀਰਵ ਮੋਦੀਆਂ, ਮੇਹੁਲ ਚੌਕਸੀਆਂ ਆਦਿ ਅਜਾਰੇਦਾਰਾਂ ਦੀ ਹੈ। ਜਿਹੜੇ ਦੇਸ਼ ਦੇ ਬੈਂਕਾਂ ਦਾ ਲੱਖਾਂ ਕਰੋੜ੍ਹ ਰੁਪਏ ਮਾਰ ਕੇ ਬਿਦੇਸ਼ਾਂ ਵਿੱਚ ਭਗੋੜ੍ਹੇ ਹੋ ਚੁੱਕੇ ਹਨ।ਪੰਜਾਬੀ ਦੇ ਸੂਫੀ ਕਵੀ 'ਸ਼ਾਹ ਮੁਹੰਮਦ' ਨੇ ਇਕ ਸਮੇਂ ਲਿਖਿਆ ਸੀ ਕਿ ਉਜੰਗ ਹਿੰਦ ਪੰਜਾਬ ਦਾ ਹੋਣ ਲਗਾ , ਦੋਵੇਂ ਪਾਸੇ ਫੌਜਾਂ ਭਾਰੀਆਂ ਨੀ'' ਪਰ ਇਸ ਸਮੇਂ ਕੇਂਦਰ ਦੀ ਹਿੰਦ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨਾਲ ਜੰਗ ਤਾਂ ਉਂਝ ਦੀ ਹੀ ਬਣਾ ਦਿੱਤੀ ਹੈ ਜੋ ਅਸਲ ਵਿੱਚ ਬਿਲਕੁਲ ਅਸਾਵੀਂ ਹੈ।ਇਕ ਪਾਸੇ ਕੱਟੜ੍ਹ ਬ੍ਰਾਹਮਣਾਂ ਦੀ ਭਾਰਤ ਸਰਕਾਰ ਹੈ ਜੋ ਪੂਰੀ ਤਰਾਂ ਕਾਨੂੰਨਾਂ ,ਹਥਿਆਰਾਂ ਨਾਲ ਲੈਸ ਫੌਜ, ਪੁਲੀਸ, ਅਰਧ ਸੈਨਕ ਬੱਲਾਂ ਵਾਲੀ ਹੈ ਤੇ ਦੂਜੇ ਪਾਸੇ ਨਿਰੋਲ ਨਿਹੱਥੇ ਕਿਰਤੀ ਤੇ ਕਿਸਾਨ ਹਨ ਜੋ ਆਪਣਾ ਤੇ ਆਪਣੇ ਬੱਚਿਆਂ ਦਾ ਭਵਿੱਖ ਬਚਾਉਣ ਲਈ ਜਿੰਦਗੀ ਮੌਤ ਦੀ ਲੜਾਈ ਲੜ੍ਹਣ ਲਈ ਮਜਬੂਰ ਕੀਤੇ ਗਏ ਹਨ। ਜਿਨਾਂ ਜਮੀਨਾਂ ਤੇ ਉਨਾਂ ਦੇ ਪ੍ਰੀਵਾਰਾਂ ਦਾ ਜੀਵਨ ਨਿਰਬਾਹ ਨਿਰਭਰ ਹੁੰਦਾ ਹੈ। ਕੇਂਦਰ ਦੀ ਸਰਕਾਰ ਪੰਜਾਬ ਦੇ ਕਿਸਾਨਾਂ ਦੀਆ ਜਮੀਨਾਂ ਜਿਹੜੀਆਂ ਸਿੱਖ ਰਾਜ ਦੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਰਾਜ ਵੇਲੇ ਦੇ ਸ਼ਾਹੀ ਰਜਵਾੜਿਆਂ ਕੋਲੋਂ ਲੈ ਕੇ ਇਹ ਐਲਾਨ ਕਰਕੇ ਕਿਸਾਨਾਂ ਨੂੰ ਦਿੱਤੀਆਂ ਸਨ ਕਿ ਉ ਜਮੀਨਾਂ ਦੇ ਅਸਲ ਵਿੱਚ ਉਹ ਹੀ ਹੱਕਦਾਰ ਤੇ ਮਾਲਕ ਹਨ ਜੋ ਇਨਾਂ ਜਮੀਨਾਂ ਨੂੰ ਵਾਹੁੰਦੇ ਹਨ''। ਹੁਣ ਕੇਂਦਰ ਤੇ ਕਾਬਜ ਵਿਉਪਾਰੀਆਂ ਦੀ ਸਰਕਾਰ ਪੰਜਾਬ ਦੇ ਕਿਸਾਨਾਂ ਕੋਲੋ ਇਹ ਜਮੀਨਾਂ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਰਾਹੀਂ ਜਬਰੀ ਖੋਹ ਕੇ ਮੁੜ੍ਹ ਕੇ ਦੇਸ਼ ਦੇ ਰਜਵਾੜਿਆਂ ਵਰਗੇ ਅਜਾਰੇਦਾਰਾਂ ਨੂੰ ਸੌਂਪ ਕੇ ਉਨਾਂ ਨੂੰ ਕਿਸਾਨਾਂ ਤੋਂ ਮੁਜਾਰੇ ਬਣਾਉਣਾ ਚਾਹੁੰਦੀ ਹੈ। ਜਿਸ ਵਿਰੁੱਧ ਪੰਜਾਬ ਦੇ ਸਮੁੱਚੇ ਕਿਸਾਨ ਇਕ ਜੁੱਟ ਹੋ ਕੇ ਸਰਕਾਰ ਦੀ ਇਸ ਧੱਕੇਸ਼ਾਹੀ ਵਿਰੁੱਧ ਪਿਛਲੇ ਲਗ ਭਗ ਦੋ ਮਹੀਨਿਆਂ ਤੋਂ ਸਿਰ ਧੱੜ੍ਹ ਦੀ ਬਾਜੀ ਲਗਾ ਕੇ ਲੜ੍ਹਦੇ ਆ ਰਹੇ ਹਨ।ਪੰਜਾਬ ਦੀ ਸਮੁੱਚੀ ਵਿਧਾਨ ਸਭਾ ਨੇ ਵੀ ਕਿਸਾਨਾਂ ਦੀ ਮੰਗ ਨੂੰ ਜਾਇਜ ਮੰਨਦੇ ਹੋਏ ਕਿਸਾਨਾਂ ਨਾਲ ਹੋ ਰਹੇ ਇਸ ਵਿਤਕਰੇ ਨੂੰ ਦੂਰ ਕਰਨ ਲਈ, ਕੇਂਦਰ ਦੀ ਸਰਕਾਰ ਵਲੋਂ ਪਾਸ ਕੀਤੇ ਤਿੰਨ ਕਿਸਾਨ ਵਿਰੋਧੀ ਬਿੱਲਾਂ ਨੂੰ ਇਕੋ ਸੱਟੇ ਰੱਦ ਕਰਕੇ ਗਵਰਨਰ ਪੰਜਾਬ ਰਾਹੀਂ ਕੇਂਦਰ ਸਰਕਾਰ ਕੋਲ ਭੇਜ ਦਿੱਤਾ ਹੈ ।ਕੇਂਦਰ ਦੀ ਸਰਕਾਰ ਵਲੋਂ ਕਿਸਾਨਾਂ ਨਾਲ ਗੱਲ ਬਾਤ ਕਰਕੇ ਮਸੱਲੇ ਦਾ ਹਲ ਕਰਨ ਦੀ ਮੰਗ ਲਗਾਤਾਰ ਠੁਕਰਾਈ ਜਾ ਰਹੀ ਹੈ।ਇਕ ਦੋ ਵਾਰੀ ਕੇਂਦਰ ਦੀ ਸਰਕਾਰ ਨੇ ਕਿਸਾਨਾਂ ਨੂੰ ਗਲ ਬਾਤ ਲਈ ਦਿੱਲੀ ਬੁਲੱਾ ਕੇ ਫਿਰ ਕਿਸਾਨਾਂ ਨਾਲ ਗਲ ਬਾਤ ਕਰਨ ਦਾ ਸਹੀ ਤਰੀਕਾ ਨਾ ਅਪਣਾ ਕੇ ਉਨਾਂ ਨੂੰ ਜਲੀਲ ਕਰਕੇ ਵਾਪਿਸ ਭੇਜਿਆ ਹੈ।ਜਿਸ ਦਾ ਨਤੀਜਾ ਕਿਸਾਨਾਂ ਨੇ ਇਕ ਦਿਨ ਦਾ ਪੰਜਾਬ ਬੰਦ ਰੱਖ ਕੇ, ਰੇਲਾਂ ਰੋਕਣ ਦੇ ਨਾਲ ਅੰਬਾਨੀਆਂ ਅਡਾਨੀਆਂ ਦੇ ਟੋਲ ਪਲਾਜੇ, ਮੌਲਾਂ, ਪੈਟਰੋਲ ਪੰਪਾਂ ਤੇ ਗੁਦਾਮਾਂ ਨੂੰ ਘੇਰ ਕੇ, 5 ਨਵੰਬਰ ਨੂੰ ਭਾਰਤ ਭਰ ਵਿੱਚ ਚੱਕਾ ਜਾਮ ਕਰਕੇ ਆਪਣੇ ਰੋਸ ਦਾ ਪ੍ਰਗਟਾਵਾ ਕਰਦੇ ਆ ਰਹੇ ਹਨ। ਕਿਸਾਨਾਂ ਨੇ ਕੇਂਦਰ ਤੇ ਪੰਜਾਬ ਸਰਕਾਰ ਵਲੋਂ ਮੰਗ ਕਰਨ ਤੇ ਕਿ ਲੋਕਾਂ ਨੂੰ ਕਿਸੇ ਪ੍ਰਕਾਰ ਦੀਆਂ ਲੌੜੀਂਦੀਆਂ ਚੀਜਾਂ ਦੀ ਥੁੱੜ੍ਹ ਨਾ ਆਵੇ। ਇਸ ਨੂੰ ਧਿਆਨ ਰਖਦਿਆਂ ਕਿਸਾਨਾਂ ਨੇ ਖੁੱਲ ਦੇ ਦਿੱਤੀ ਸੀ ਕਿ ਸਰਕਾਰ ਪੰਜ ਨਵੰਬਰ ਤਕ ਮਾਲ ਗੱਡੀਆਂ ਚਲਾ ਸਕਦੀ ਹੈ ਜੋ ਹੁਣ ਵਧਾ ਕੇ 20 ਨਵੰਬਰ ਤਕ ਵੀ ਕਰ ਦਿੱਤੀ ਗਈ ਹੈ। ਪਰ ਕੇਂਦਰ ਦੀ ਸਰਕਾਰ ਨੇ ਮਾਲ ਗੱਡੀਆਂ ਨੂੰ ਚਲਾਉਣ ਤੋਂ ਪਹਿਲਾਂ ਇਹ ਸ਼ਰਤ ਰੱਖ ਦਿੱਤੀ ਕਿ ਜਿੰਨਾ ਚਿਰ ਸਵਾਰੀ ਗੱਡੀਆਂ ਪੰਜਾਬ ਵਿੱਚ ਚਲਾਉਣ ਨਹੀਂ ਦਿੱਤੀਆਂ ਜਾਂਦੀਆਂ। ਉਨਾਂ ਚਿਰ ਮਾਲ ਗੱਡੀਆਂ ਵੀ ਪੰਜਾਬ ਵਿੱਚ ਨਹੀਂ ਚਲਾਈਆ ਜਾਣਗੀਆਂ। ਇਹ ਵੀ ਜਾਣਕਾਰੀ ਮਿਲੀ ਹੈ ਕਿ ਰੇਲਵੇ ਵਿਭਾਗ ਵਲੋਂ ਰੇਲਾਂ ਚਲਾਉਣ ਦੀ ਹਾਮੀ ਭਰ ਕੇ ਪਤਾ ਨਹੀਂ ਫਿਰ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਹਾਲੇ ਤਕ ਵੀ ਰੇਲਾਂ ਨਹੀਂ ਚਲਾਈਆਂ। ਅਜਿਹਾ ਕਰਕੇ ਕੇਂਦਰ ਦੀ ਸਰਕਾਰ ਨੇ ਕਿਸਾਨਾਂ ਦੇ ਨਾਲ ਪੰਜਾਬ ਦੇ ਵਾਸੀਆਂ ਨੂੰ ਵੀ ਸਬਕ ਸਿਖਾਉਣ ਲਗ ਪਈ ਹੈ। ਹੋਰ ਤਾਂ ਹੋਰ ਕਿਸਾਨਾਂ ਦੇ ਇਸ ਸੰਘਰਸ਼ ਤੋਂ ਖਿੱਝ ਕੇ ਪਰਾਲੀ ਨੂੰ ਬਿਲੇ ਲਗਾਉਣ ਲਈ ਕੁਝ ਫੈਸਲੇ ਜੋ ਪਹਿਲਾਂ ਕੀਤੇ ਗਏ ਸਨ ਕਿ ਕਿਸਾਨਾਂ ਨੂੰ ਪਰਾਲੀ ਬਿਲੇ ਲਗਾਉਣ ਦੀ ਮਸ਼ੀਨਰੀ ਦੀ ਸਹੂਲਤ ਦਿੱਤੀ ਜਾਵੇ ਪਰ ਕੇਂਦਰ ਸਰਕਾਰ ਨੇ ਉਸ ਫੈਸਲੇ ਨੂੰ ਲਾਗੂ ਕਰਨ ਦੀ ਥਾਂ ਤੇ ਕਿਸਾਨਾਂ ਤੇ ਇਕ ਹੋਰ ਨਾਦਰਸ਼ਾਹੀ ਫੁਰਮਾਨ ਦੇਸ਼ ਦੀ ਸਰਬ ਉੱਚ ਅਦਾਲਤ ਵਲੋਂ ਚੜਵਾ ਦਿੱਤਾ ਹੈ ਕਿ ਜਿਹੜਾ ਕਿਸਾਨ ਪਰਾਲੀ ਸਾੜੇਗਾ ਉਸ਼ ਨੂੰ ਇਕ ਕਰੋੜ੍ਹ ਰੁਪਏ ਜੁਰਮਾਨਾ ਤੇ ਪੰਜ ਸਾਲ ਦੀ ਕੈਦ ਕੀਤੀ ਜਾਵੇਗੀ। ਹੁਣ ਸਰਕਾਰ ਕੋਲੋਂ ਪੁਛੱਣਾ ਬਣਦਾ ਹੈ ਕਿ ਵਾਤਾਵਰਣ ਸਿਰਫ ਪਰਾਲੀ ਸਾੜਣ ਨਾਲ ਖਰਾਬ ਹੁੰਦਾ ਹੈ, ਰੋਜਾਨਾ ਜਿਹੜੀਆਂ ਫੈਕਟਰੀਆਂ ਧੂੰਆਂ ਛੱਡ ਕੇ ਤੇ ਕਈ ਪ੍ਰਕਾਰ ਦਾ ਗੰਦ ਮੰਦ ਦਰਿਆਵਾਂ ਵਿੱਚ ਸੁੱਟ ਕੇ ਪਰਦੂਸ਼ਣ ਫੈਲਾਉਣ ਦੇ ਨਾਲ ਲੋਕਾਂ ਨੂੰ ਕਈ ਪਰਕਾਰ ਦੀਆਂ ਗੰਭੀਰ ਬਿਮਾਰੀਆਂ ਵਿੱਚ ਜਕੜ੍ਹ ਰਹੀਆਂ ਹਨ,ਉਨਾਂ ਤੇ ਇਹ ਸਰਬ ਉੱਚ ਅਦਾਲਤ ਦਾ ਫੈਸਲਾ ਫੈਕਟਰੀਆਂ ਦੇ ਮਾਲਕਾਂ ਤੇ ਕਿਉਂ ਨਹੀਂ ਲਾਗੂ ਹੁੰਦਾ ਸਿਰਫ ਕਿਸਾਨਾਂ ਤੇ ਹੀ ਕਿਉਂ? ਇਹ ਕਿਸ ਤਰਾਂ ਦਾ ਇਨਸਾਫ ਹੈ ਕਿਸਾਨਾਂ ਨਾਲ! ਇਸ ਫੈਸਲੇ ਨੇ ਕਿਸਾਨ ਜਿਹੜੇ ਪਹਿਲਾਂ ਹੀ ਕੇਂਦਰ ਸਰਕਾਰ ਤੋਂ ਔਖੇ ਸਨ, ਇਸ ਕਾਰਵਾਈ ਨੇ ਉਨਾਂ ਦੀ ਬਲੱਦੀ ਤੇ ਹੋਰ ਤੇਲ ਪਾ ਦਿੱਤਾ ਹੈ ।ਇਹ ਕਿਸਾਨ ਵਿਰੋਧੀ ਬਿੱਲ ਪੰਜਾਬ ਸਮੇਤ ਹਰਿਆਣਾ, ਛਤੀਸਗੜ੍ਹ, ਰਾਜਿਸਥਾਨ, ਉੱਤਰ ਪ੍ਰਦੇਸ਼ ਆਦਿ ਕਈ ਪ੍ਰਾਂਤਾਂ ਦੇ ਕਿਰਸਾਨਾਂ ਨੂੰ ਪ੍ਰਭਾਵਤ ਕਰ ਰਹੇ ਹਨ। ਜਿਸ ਕਰਕੇ ਉਥੋਂ ਦੀਆਂ ਰਾਜ ਸਰਕਾਰਾਂ ਨੇ ਵੀ ਕੇਂਦਰ ਦੇ ਕਿਸਾਨ ਵਿਰੋਧੀ ਬਿੱਲਾਂ ਨੂੰ ਵੀ ਉਥੋਂ ਦੀਆਂ ਵਿਧਾਨ ਸਭਾਵਾਂ ਨੇ ਰੱਦ ਕਰਕੇ ਕਿਸਾਨਾਂ ਦੀ ਡੱਟਵੀਂ ਹਮਾਇਤ ਕਰ ਦਿੱਤੀ ਹੈ। ਹੁਣ ਇਹ ਲੜਾਈ ਪੰਜਾਬ ਦੀ ਨਾ ਹੋ ਕੇ ਸਮੁੱਚੇ ਭਾਰਤ ਦੀ ਬਣ ਗਈ ਹੈ । ਭਾਰਤ ਦੀਆਂ ਲਗ ਭਗ 300 ਤੋਂ ਵਧੇਰੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦਿੱਲੀ ਵਿਖੇ ਸਰਬ ਸਾਂਝੀ ਮੀਟਿੰਗ ਕਰਕੇ ਉਸ ਵਿੱਚ ਫੈਸਲਾ ਲਿਆ ਹੈ ਕਿ ਸਮੁੱਚੇ ਭਾਰਤ ਦੇ ਕਿਸਾਨ ਕੇਂਦਰ ਸਰਕਾਰ ਦੇ ਨਾਦਰਸ਼ਾਹੀ ਫੁਰਮਾਨ ਦੇ ਵਿਰੁੱਧ 5 ਨਵੰਬਰ ਨੂੰ ਦੁਪਹਿਰੇ ਬਾਰਾਂ ਵਜੇ ਤੋਂ ਚਾਰ ਵਜੇ ਤਕ ਸਾਰੇ ਭਾਰਤ ਵਿੱਚ ਚੱਕਾ ਜਾਮ ਕਰਨ ਤੋਂ ਬਾਅਦ 26-27 ਨਵੰਬਰ ਨੂੰ ਸਾਰੇ ਭਾਰਤ ਦੇ ਕਿਸਾਨ ਦਿੱਲੀ ਜਾ ਕੇ ਆਪਣੇ ਰੋਸ ਦਾ ਪ੍ਰਗਟਾਵਾ ਕਰਕੇ ਕੇਂਦਰ ਦੀ ਸਰਕਾਰ ਨੂੰ ਮਜਬੂਰ ਕਰਨਗੇ ਕਿ ਉਹ ਕਿਸਾਨ ਵਿਰੋਧੀ ਪਾਸ ਕੀਤੇ ਤਿੰਨ ਕਾਲੇ ਕਾਨੂੰਨਾਂ ਨੂੰ ਵਾਪਿਸ ਲਵੇ। ਪਰ ਕੇਂਦਰ ਦੀ ਸਰਕਾਰ ਕਿਸਾਨਾਂ ਵਲੋਂ ਬਿਨ ਮੰਗੇ ਇਹ ਤਿੰਨ ਕਾਨੂੰਨ ਜਿਨਾਂ ਨੂੰ ਉਹ ਕਿਸਾਨਾਂ ਦੇ ਹੱਕ ਵਿੱਚ ਦਸਣ ਦਾ ਢੰਡੋਰਾ ਦੇਂਦੀ ਆ ਰਹੀ ਹੈ ।ਪਰ ਕਿਸਾਨ ਇਹ ਲਗਾਤਾਰ ਇਹ ਕਹਿੰਦੇ ਆ ਰਹੇ ਹਨ ਕਿ ਅਸੀ ਤਾਂ ਇਹ ਬਿੱਲ ਸਰਕਾਰ ਕੋਲੋਂ ਮੰਗੇ ਹੀ ਨਹੀਂ। ਸਰਕਾਰ ਇਹ ਕਾਨੂੰਨ ਕਿਸਾਨਾਂ ਤੇ ਜਬਰੀ ਠੋਸ ਕੇ ਉਨਾਂ ਦੀਆਂ ਜਮੀਨਾ ਖੋਹ ਕੇ ਉਨਾਂ ਨੂੰ ਮੁਜਾਰੇ ਬਣਾ ਕੇ ਅੰਬਾਨੀਆਂ, ਅੰਡਾਨੀਆਂ ਆਦਿ ਵੱਡੇ ਅਜਾਰੇਦਾਰਾਂ ਨੂੰ ਖੁਸ਼ ਕਰਨ ਤੇ ਲਗੀ ਹੋਈ ਹੈ। ਜਿਸ ਨਾਲ ਦੇਸ਼ ਦੇ ਲੋਕ ਤੰਤਰ ਦਾ ਦਿਵਾਲਾ ਇਥੋਂ ਤਕ ਕੱਢ ਦਿੱਤਾ ਗਿਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੇਸ਼ ਦੇ ਰਾਸ਼ਟਰਪਤੀ ਨੂੰ ਪੱਤਰ ਲਿੱਖ ਕੇ ਇਹ ਮੰਗ ਕੀਤੀ ਸੀ ਕਿ ਉਨਾਂ ਨੂੰ ਸਮੇਤ ਪੰਜਾਬ ਦੇ ਸਾਰੇ ਮੰਤਰੀ ਮੰਡਲ, ਵਿਧਾਨ ਸਭਾ ਮੈਂਬਰਾਂ ਨੂੰ ਇਨਾਂ ਪਾਸ ਕੀਤੇ ਤਿੰਨ ਕਿਸਾਨ ਵਿਰੋਧੀ ਬਿੱਲਾਂ ਸਬੰਧੀ ਮਿਲਣ ਦਾ ਸਮਾਂ ਦਿੱਤਾ ਜਾਵੇ।ਪਰ ਭਾਰਤ ਦੇ ਰਾਸ਼ਟਰਪਤੀ ਨੇ ਪੰਜਾਬ ਸੂਬੇ ਦੀ ਚੁਣੀ ਹੋਈ ਵਿਧਾਨ ਸਭਾ ਤੋਂ ਬਿਨਾ ਮੁੱਖ ਮੰਤਰੀ, ਮੰਤਰੀ ਮੰਡਲ ਦੀ ਮੰਗ ਨੂੰ ਅਸਵੀਕਾਰ ਕਰਕੇ ਇਹ ਦੱਸ ਦਿੱਤਾ ਹੈ ਕਿ ਭਾਰਤ ਦੇਸ਼ ਵਿੱਚ ਲੋਕ ਤੰਤਰ ਦਾ ਕੋਈ ਨਾਮੋਂ ਨਿਸ਼ਾਨ ਨਹੀਂ। ਅਸਲ ਵਿੱਚ ਤਾਂ ਇਹ ਉਦੋਂ ਹੀ ਖਤਮ ਹੋ ਗਿਆ ਸੀ। ਜਦੋਂ ਦੀ ਦੇਸ਼ ਦੀ ਵਾਂਗਡੋਰ ਭਾਜਪਾ ਦੇ ਹੱਥ ਆਈ ਸੀ। ਹੁਣ ਪੰਜਾਬ ਦਾ ਲਗ ਭਗ ਸਾਰਾ ਮੰਤਰੀ ਮੰਡਲ ਤੇ ਵਿਧਾਨ ਸਭਾ ਮੈਂਬਰ 4 ਨਵੰਬਰ ਨੂੰ ਦਿੱਲੀ ਦੇ ਰਾਜ ਘਾਟ ਵਿਖੇ ਧਰਨਾ ਲਗਾ ਕੇ ਕੇਂਦਰ ਸਰਕਾਰ ਦੀ ਇਸ ਗੈਰ ਵਿਧਾਨਕ ਨੀਤੀ ਦਾ ਵਿਰੋਧ ਕਰਨ ਗਏ ਸਨ ਤਾਂ ਉਥੇ ਵੀ ਸਰਕਾਰ ਨੇ ਦਫਾ 144 ਲਗਾ ਕੇ ਉਨਾਂ ਦੇ ਸ਼ਾਂਤਮਈ ਢੰਗ ਨਾਲ ਵਿਰੋਧ ਕਰਨ ਦੇ ਹੱਲ ਨੂੰ ਜਬਰੀ ਦਬਾਉਣ ਦੀ ਕੋਹਝੀ ਹਰਕਤ ਕੀਤੀ ਹੈ।ਉਨਾਂ ਨੂੰ ਫਿਰ ਮਜਬੂਰ ਹੋ ਕੇ ਜੰਤਰ ਮੰਤਰ ਵਿਖੇ ਰੋਸ ਦਾ ਪ੍ਰਗਟਾਵਾ ਕਰਨਾ ਪਿਆ। ਜਦੋਂ ਤੋਂ ਕੇਂਦਰ ਵਿੱਚ ਭਾਜਪਾ ਦੀ ਤਾਨਾਸ਼ਾਹ ਮੋਦੀ ਸਰਕਾਰ ਨੇ ਵਾਂਗ ਡੋਰ ਆਪਣੇ ਹੱਥ ਵਿੱਚ ਲਈ ਹੈ।ਭਾਜਪਾ ਦੇਸ਼ ਦੀਆਂ ਘੱਟ ਗਿਣ-ਤੀਆਂ ਪੰਜਾਬ ਦੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਹੈ ਜਿਵੇਂ ਪਹਿਲਾਂ ਮੁਸਲਮਾਨਾਂ ਲਈ ਐਨ ਆਰ ਸੀ ਬਿੱਲ ਲਿਆਉਣ ਤੋਂ ਬਾਅਦ ਜੰਮੂ ਕਸ਼ਮੀਰ ਵਿੱਚ ਉਨਾਂ ਦੀ ਧਾਰਾ 370 ਤੇ 35 ਏ ਖਤਮ ਕਰਨ ਦੇ ਨਾਲ ਜੰਮੂ ਕਸ਼ਮੀਰ ਨੂੰ ਕੇਦਰ ਸ਼ਾਸ਼ਤ ਰਾਜ ਬਣਾ ਕੇ ਉਸ ਪ੍ਰਾਂਤ ਦਾ ਨਾਂ ਵੀ ਦੇਸ਼ ਦੇ ਨਕਸ਼ੇ ਤੋਂ ਖੱਤਮ ਕਰ ਦਿੱਤਾ ਹੈ। ਪੰਜਾਬ ਜੋ ਕਿ ਸਰਹੱਦੀ ਸੂਬਾ ਹੈ।ਇਹ ਹਮੇਸ਼ਾਂ ਧੱਕਿਆਂ, ਜਬਰਾਂ ਜੁਲਮਾਂ ਵਿਰੁਧ ਲੜਦੇ ਆ ਰਹੇ ਹਨ। ਜਿਸ ਕਰਕੇ ਉਨਾਂ ਦਾ ਪਿਛੋਕੜ੍ਹ ਦਾ ਇਤਿਹਾਸ ਵੀ ਬਹਾਦਰੀ ਨਾਲ ਭਰਿਆ ਪਿਆ ਹੈ।ਬਹੁਤ ਸਾਰੇ ਤਾਨਾਸ਼ਾਹ ਪੰਜਾਬ ਕੋਲੋਂ ਮੂੰਹ ਦੀ ਖਾ ਕੇ ਮੈਦਾਨ ਵਿੱਚੋਂ ਭੱਜੇ ਸਨ।ਹੁਣ ਵੀ ਉਹਨਾਂ ਨੂੰ ਮਜਬੂਰ ਹੋ ਕੇ ਕੇਂਦਰ ਦੀ ਤਾਨਾਸ਼ਾਹ ਹਕੂਮਤ ਵਿਰੁੱਧ ਸੰਘਰਸ਼ ਕਰਨਾ ਪੈ ਰਿਹਾ ਹੈ।ਭਾਜਪਾ ਨੇ ਜਦੋਂ 2014 ਵਿੱਚ ਦੇਸ਼ ਦੀ ਹਕੂਮਤ ਸੰਭਾਲੀ ਸੀ ਤਾਂ ਉਹ ਇਹ ਕਹਿੰਦੇ ਰਹੇ ਕਿ ਅੱਠ ਸੌ ਸਾਲ ਤੋਂ ਬਾਅਦ ਹਿੰਦੂਆਂ ਦਾ ਨਿਰੋਲ ਰਾਜ ਭਾਰਤ ਵਿੱਚ ਆਇਆ ਹੈ। ਜੋ ਕਿ ਸਹੀ ਨਹੀਂ, ਉਨਾ ਦਾ ਇਹ ਕਹਿਣਾ ਤਾਂ ਠੀਕ ਹੋ ਸਕਦਾ ਸੀ ਜੇ ਕਰ ਉਹ ਕਹਿੰਦੇ ਕਿ ਕੱਟੜ੍ਹ ਹਿੰਦੂ ਫਿਰੱਕਾਪ੍ਰਸਤਾਂ, ਰ ਸ ਸ ਦਾ ਰਾਜ ਜਾਂ ਪੁਰਾਣੀ ਜੰਨ ਸੰਘ ਜਾਂ ਫਿਰ ਭਾਰਤੀ ਜੰਨਤਾ ਪਾਰਟੀ ਦਾ ਰਾਜ ਹੁਣ ਆਇਆ ਹੈ। ਅਸਲ ਵਿੱਚ ਇਹ ਉਸ ਪਾਰਟੀ ਦਾ ਰਾਜ ਹੈ ਜਿਨਾਂ ਦਾ ਦੇਸ਼ ਦੀ ਅਜਾਦੀ ਵਿੱਚ ਕੋਈ ਯੋਗਦਾਨ ਨਾ ਹੋ ਕੇ ਦੇਸ਼ ਨੂੰ ਅਜਾਦ ਕਰਾਉਣ ਵਾਲੇ ਦੇਸ਼ ਭਗਤਾਂ, ਗਦਰੀ ਬਾਬਿਆਂ ਨੂੰ ਅੰਗਰੇਜਾਂ ਕੋਲ ਫੜਾਉਣ ਵਾਲੇ ਗਦਾਰਾਂ ਦਾ ਹੈ। ਇਹ ਕਹਿਣਾ ਬਿਲਕੁਲ ਸਹੀ ਤੇ ਠੀਕ ਹੁੰਦਾ ਕਿਉਂ ਕਿ ਇਨਾਂ ਨਾਵਾਂ ਵਿੱਚ ਕੋਈ ਸਾਧਾਰਣ ਆਗੂ ਹੀ ਸ਼ਾਮਲ ਨਹੀਂ ਸੀ ਬਲਕਿ ਇਸੇ ਭਾਰਤੀ ਜੰਨਤਾ ਪਾਰਟੀ ਦੇ ਰਹਿ ਚੁੱਕੇ ਪ੍ਰਧਾਨ ਮੰਤਰੀ ਸ੍ਰੀ ਅੱਟਲ ਬਿਹਾਰੀ ਵਾਜਪਾਈ ਵਰਗੇ ਮਹਾਨ ਚਿਹਰੇ ਵੀ ਸ਼ਾਮਲ ਹਨ।ਇਸ ਤੋਂ ਤੁਸੀ ਖੁੱਦ ਆਪ ਹੀ ਅੰਦਾਜਾ ਲਗਾ ਸਕਦੇ ਹੋ ਕਿ ਇਸ ਪਾਰਟੀ ਦੇ ਸਾਧਾਰਣ ਮੈਂਬਰਾਂ ਦਾ ਕੀ ਹਾਲ ਹੋਣਾ ਹੈ , ਜਿਸ ਦੀ ਇਕ ਲੰਮੀ ਕਤਾਰ ਹੋਵੇਗੀ ਕਿਉਂ ਕਿ ਜੇ ਕਰ ਵੀਰ ਸਾਵਰਕਰ ਜਿਸ ਨੂੰ ਦੇਸ਼ ਦਾ ਹਰ ਇਨਸਾਨ ਜਿਹੜਾ ਮਾੜਾ ਮੋਟਾ ਵੀ ਗਿਆਨ ਰਖਣ ਵਾਲਾ ਹੈ, ਉਹ ਇਨਸਾਨ ਵੀ ਅਸਾਨੀ ਨਾਲ ਸਮਝ ਸਕਦਾ ਹੈ ਕਿ ਇਹ ਸਰਕਾਰ ਕਿਹੋ ਜਿਹੀ ਹੋਵੇਗੀ ? ਕਿਸ ਵਰਗ ਦੀ ਹੈ? ਜਿਹੜੀ ਵੀਰਸਾਵਰਕਰ ਵਰਗੇ ਜਿਹੜੇ ਅੰਗਰੇਜਾਂ ਤੋਂ ਚਾਰ ਵਾਰ ਮੁਆਫੀ ਮੰਗਣ ਵਾਲੇ ਗਦਾਰ ਕਿਸਮ ਦੇ ਆਗੂ ਰਹੇ ਹਨ। ਉਨਾਂ ਨੂੰ ਇਹ ਸਰਕਾਰ ''ਭਾਰਤ ਰਤਨ: ਦਾ ਅਵਾਰਡ ਦੇਣ ਜਾ ਰਹੀ ਹੈ।ਇਹੋ ਜਿਹੇ ਨਥੂ ਰਾਮ ਗੋਡਸੇ ਵਰਗੇ ਅਨੇਕਾਂ ਲੋਕਾਂ ਦੀ ਵੱਡੀ ਕਤਾਰ ਵੀ ਹੋਵੇਗੀ।ਜਿਨਾਂ ਨੂੰ ਇਹੋ ਜਿਹੇ ਸਨਮਾਨ ਮਿਲਣੇ ਬਾਕੀ ਹੋਣਗੇ।ਜਦੋਂ ਕਿ ਹਾਲੇ ਤਕ ਉਸ ਭਗਤ ਸਿੰਘ ,ਕਰਤਾਰ ਸਿੰਘ ਸਰਾਭੇ ਆਦਿ ਵਰਗਿਆਂ ਨੂੰ ਦੇਸ਼ ਭਗਤ ਹੋਣ ਦਾ ਮਾਣ, ਸਤਿਕਾਰ ਦੇਸ਼ ਵਿੱਚ 73-74 ਵਰ੍ਹੇ ਰਾਜ ਕਰ ਰਹੀਆਂ ਸਰਕਾਰਾਂ ਨਹੀਂ ਦੇ ਸਕੀਆਂ। ਦੇਸ਼ ਦੀ ਅਜਾਦੀ ਮਿਲਣ ਤੋਂ ਪਹਿਲਾਂ ਮਿਸਟਰ ਜਿਨਾਹ ਇਹ ਸਮਝ ਗਿਆ ਸੀ ਕਿ ਦੇਸ਼ ਵਿੱਚ ਬਹੁ ਸੰਮਤੀ ਹਿੰਦੂਆਂ ਦੀ ਸਰਕਾਰ ਬਣ ਰਹੀ ਹੈ। ਇਸ ਸਰਕਾਰ ਨੂੰ ਸੈਕੂਲਰ ਸਰਕਾਰ ਹੋਣ ਦਾ ਨਾਂ ਦੇਣਾ ਤਾਂ ਸਿਰਫ ਨਾਂ ਦਾ ਹੀ ਹੈ।ਦੇਸ਼ ਦਾ ਸੰਵਿਧਾਨ ਬਣਾਉਣ ਵਾਲੇ ਡਾ ਭੀਮ ਰਾਓ ਅੰਬੇਦਕਰ ਇਹ ਚੀਕਦੇ ਰਹੇ ਕਿ ਸੰਵਿਧਾਨ ਵਿੱਚ ਉਹ ਮੱਦਾਂ ਵੀ ਸ਼ਾਮਲ ਕੀਤੀਆਂ ਜਾਣ ਜਿਸ ਵਿੱਚ ਘੱਟ ਗਿਣਤੀਆਂ ਮੁਸਲਮਾਨਾਂ ,ਸਿੱਖਾਂ ਨੂੰ ਦਲਿਤਾਂ ਵਾਂਗ ਯੋਗ ਪ੍ਰਤੀਨਿੱਧਤਾ ਦਿੱਤੀ ਜਾਵੇ ਪਰ ਸਰਦਾਰ ਪਟੇਲ, ਪੰਡਤ ਨਹਿਰੂ, ਰਜਿੰਦਰ ਪ੍ਰਸ਼ਾਦ ਆਦਿ ਵਰਗੇ ਕਾਂਗਰਸੀ ਆਗੂ ਇਸ ਦਾ ਸਖਤ ਵਿਰੋਧ ਕਰਦੇ ਰਹੇ।ਜਿਸ ਕਰਕੇ ਇਸ ਦੇਸ਼ ਵਿੱਚ ਉਹੋ ਕੁਝ ਹੁੰਦਾ ਆ ਰਿਹਾ ਜੋ ਦੇਸ਼ ਦੀ ਬਹੁ ਗਿਣਤੀ ਦੇ ਲੋਕ ਹਿੰਦੂ ਵਰਗ ਦੇ ਲੋਕ ਚਾਹੁੰਦੇ ਸਨ।ਤੁਸੀਂ ਆਪ ਹੀ ਅੰਦਾਜਾ ਲਗਾ ਸਕਦੇ ਹੋ ਕਿ ਜੇ ਕਰ ਦੇਸ਼ ਦੀ ਅਜਾਦੀ ਭਾਵ 1947 ਵਿੱਚ ਸੱਚ ਮੁੱਚ ਸੈਕੂਲਰ ਸਰਕਾਰ ਦੇਸ਼ ਵਿੱਚ ਹੁੰਦੀ ਤਾਂ ਕੀ ਜੋ ਵਾਅਦੇ ਅਜਾਦੀ ਤੋਂ ਪਹਿਲਾਂ ਕਾਂਗਰਸ ਦੇ ਆਗੂਆਂ ਨੇ ਸਿੱਖ ਲੀਡਰਾਂ ਨਾਲ ਕੀਤੇ ਸਨ ਉਨਾਂ ਤੋਂ ਕਾਂਗਰਸੀ ਆਗੂ ਇਹ ਕਹਿ ਕੇ ਮੁੱਕਰਦੇ ਕਿ ਉਹੁਣ ਸਮਾਂ ਨਿਕਲ ਗਿਆ ਹੈ'', ਕੀ ਦੇਸ਼ ਦੀ ਸਰਕਾਰ ਇਹ ਪੱਤਰ ਜਾਰੀ ਕਰਦੀ ਕਿ ਦੇਸ਼ ਦੀ ਅਜਾਦੀ ਲਈ 90ਫ਼ ਤੋਂ ਵਧੇਰੇ ਕੁਰਬਾ-ਨੀਆਂ ਕਰਨ ਵਾਲੀ ''ਸਿੱਖ ਕੌਮ ਜਰਾਇਮ ਪੇਸ਼ਾ ਹੈ ਇਸ ਤੇ ਕਰੜ੍ਹੀ ਨਜਰ ਰੱਖੀ ਜਾਵੇ'', ਕੀ ਹੋਰ ਬੋਲੀਆਂ ਵਾਂਗ ਉਪੰਜਾਬੀ ਸੂਬਾ ਉ ਨਾਲ ਨਾ ਬਣਦਾ, ਕੀ ਉਸ ਸੂਬੇ ਦੀ ਰਾਜਧਾਨੀ, ਪੰਜਾਬੀ ਬੋਲਦੇ ਇਲਾਕੇ ਖੋਹ ਕੇ ਰਾਜਿਸਥਾਨ, ਹਿਮਾਚਲ ਵਿੱਚ ਸ਼ਾਮਲ ਕਰ ਦਿਤੇ ਜਾਂਦੇ, ਕੀ ਬਿਨ ਮੰਗੇ ਹਰਿਆਣਾ ਬਣਾ ਦਿੱਤਾ ਜਾਂਦਾ, ਕੀ ਜੂਨ 1984 ਵਿੱਚ ਸਿੱਖਾਂ ਦੇ ਸਰਬ ਉੱਚ ਅਸਥਾਨ ਤੇ ਫੌਜਾਂ, ਟੈਂਕਾਂ ਨਾਲ ਹਮਲਾ ਹੁੰਦਾ, ਕੀ ਨਵੰਬਰ 1984 ਵਿੱਚ ਬੇਦੋਸ਼ੇ ਸਿੱਖਾਂ ਨੂੰ ਭਾਰਤ ਭਰ ਵਿੱਚ ਕੋਹ ਕੋਹ ਕੇ ਮਾਰਿਆ ਜਾਂਦਾ ਤੇ ਕਿਸੇ ਵੀ ਦੋਸ਼ੀ ਨੂੰ ਛੱਤੀ ਵਰ੍ਹੇ ਬੀਤ ਜਾਣ ਦੇ ਹੁਣ ਤਕ ਸਜਾ ਨਾ ਮਿਲਦੀ, ਕੀ ਪੰਜਾਬ ਵਿੱਚ 10-15 ਸਾਲ ਸਿੱਖ ਨੌਜੁਆਨਾਂ ਦਾ ਘਾਣ ਕੀਤਾ ਜਾਂਦਾ, ਕੀ ਭਿਵੰਡੀ, ਗੁਜਰਾਤ ਵਿੱਚ ਮੁਸਲਮਾਨਾਂ ਨੂੰ ਰ ਸ ਸ ਦੇ ਗੁੰਡੇ ਹਜਾਰਾਂ ਮੁਸਲਮਾਨਾਂ ਦਾ ਕਤਲੋਗਾਰਤ ਕਰਦੇ, ਜਿਸ ਵਿੱਚ ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ,



ਜੰਗ ਸਿੰਘ
91-94170-95965

ਗ੍ਰਹਿ ਮੰਤਰੀ ਤਕ ਦੇ ਨਾਂ ਚਰਚਾ ਵਿੱਚ ਹਨ, ਕੀ ਦੇਸ ਦੀ ਸੀ ਬੀ ਆਈ ਦੇ ਜੱਜ ਲੋਇਆ ਨੂੰ ਭੇਤ ਭਰੇ ਢੰਗ ਨਾਲ ਮਾਰ ਦਿਤਾ ਜਾਂਦਾ, ਕੀ ਐਨ ਆਰ ਸੀ ਆਦਿ ਵਰਗੇ ਮੁਸਲਿਮ ਵਿਰੋਧੀ ਬਿੱਲ ਪਾਸ ਕੀਤੇ ਜਾਦੇ, ਕੀ ਸਾਰਾ ਦੇਸ਼ ਜਹੀਨ ਬਾਗ ਬਣਨ ਤੇ ਇਨਸਾਫ ਨਾ ਮਿਲਦਾ, ਕੀ 370 ਤੇ 35 ਏ ਧਾਰਾ ਤੋੜ੍ਹ ਕੇ ਸਾਰੇ ਜੰਮੂ ਕਸ਼ਮੀਰ ਨੂੰ ਕੇਂਦਰੀ ਪਰਦੇਸ਼ ਰਾਜ ਬਣਾ ਕੇ ਜੰਮੂ ਕਸ਼ਮੀਰ ਦਾ ਨਾਂ ਭਾਰਤ ਦੇ ਨਕਸ਼ੇ ਤੋਂ ਖਤਮ ਹੁੰਦਾ, ਕੀ ਕਿਸਾਨ ਵਿਰੋਧੀ ਬਿੱਲ ਕਿਸਾਨਾਂ ਵਲੋਂ ਮੰਗੇ ਬਿਨਾ ਜਬਰੀ ਪਾਸ ਕਰਕੇ ਉਨਾਂ ਤੇ ਠੋਸੇ ਜਾਂਦੇ, ਕੀ ਦੇਸ਼ ਦੇ ਕਿਸਾਨਾਂ ਨੂੰ ਇਹ ਬਿੱਲ ਲਾਗੂ ਨਾ ਕੀਤੇ ਜਾਣ ਵਿਰੁੱਧ ਪਿਛਲੇ ਦੋ ਮਹੀਨਿਆਂ ਤੋਂ ਘਰ ਬਾਰ ਛੱਡ ਕੇ ਧਰਨਿਆਂ, ਮੁਜਾਹਰਿਆਂ ਤੇ ਬੈਠਣਾ ਪੈਂਦਾ, ਕੀ ਕੇਂਦਰ ਦੀ ਸਰਕਾਰ ਪੰਜਾਬ ਵਿਧਾਨ ਸਭਾ ਦੇ ਸਾਰੇ ਮੈਂਬਰਾਂ ਵਲੋਂ ਮੱਤਾ ਪਾਸ ਕਰਕੇ ਕਿਸਾਨ ਵਿਰੋਧੀ ਬਿੱਲ ਲਾਗੂ ਨਾ ਕਰਨ ਕਹਿਣ ਦੇ ਬਾਵਜੂਦ ਬਿੱਲ ਲਾਗੂ ਕਰਨ ਲਈ ਅੜਦੇ, ਕੀ ਦੇਸ ਦੇ ਰਾਸ਼ਟਰਪਤੀ ਵਲੋਂ ਪੰਜਾਬ ਦੀ ਚੁੱਣੀ ਹੋਈ ਸਰਕਾਰ ਵਲੋਂ ਮਿਲਣ ਦੀ ਮੰਗ ਨੂੰ ਇਕੋ ਵੱਢੇ ਰੱਦ ਕਰ ਦੇਂਦੇ, ਕੀ ਇਹ ਸਾਬਿਤ ਨਹੀਂ ਕਰਦਾ ਕਿ ਦੇਸ਼ ਵਿੱਚ ਅਜਾਦੀ ਤੋਂ ਬਾਅਦ ਜਿਹੜੀ ਸਰਕਾਰ ਰਾਜ ਕਰਦੀ ਆ ਰਹੀ ਹੈ ।ਇਹ ਸਰਕਾਰ ਸੈਕੂਲਰ ਨਹੀਂ ਬਲਕਿ ਨਿਰੋਲ ''ਹਿੰਦੂਆਂ'' ਦੀ ਸਰਕਾਰ ਹੈ। ਇਸ ਦਾ ਸੰਵਿਧਾਨ ਇਸ ਤਰੀਕੇ ਦਾ ਬਣਾਇਆ ਗਿਆ ਹੈ ਜਿਹੜਾ ਸਿਰਫ ਤੇ ਸਿਰਫ ਹਿੰਦੂਆਂ ਦੇ ਹੱਕਾਂ ਦੀ ਤਰਜਮਾਨੀ ਕਰਦਾ ਹੈ, ਜੇ ਜੁਲਮ ਦਲਿਤਾਂ, ਮੁਸਲਮਾਨਾਂ ਸਿੱਖਾਂ ਜਾਂ ਹੋਰ ਘੱਟ ਗਿਣਤੀਆਂ ਤੇ ਹੁੰਦਾ ਹੈ ਤਾਂ ਉਸ ਦਾ ਇਨਸਾਫ ਕਈ ਦਹਾਕੇ ਲੰਘ ਜਾਣ ਤੇ ਮਿਲਦਾ। ਪਰ ਜੇ ਕੋਈ ਗਊ ਮਾਰੇ ਜਾਣ ਦਾ ਮਸਲਾ ਹੋਵੇ, ਉਸ ਦਾ ਦੋਸ਼ੀ ਮੁਸਲਮਾਨ ਹੋਵੇ ਨਾ ਹੋਵੇ ਸ਼ਰੇਆਮ ਭੀੜਾਂ ਵਲੋਂ ਕੋਹ ਕੋਹ ਕੇ ਮਾਰਿਆ ਜਾਂਦਾ ਰਿਹਾ ਹੋਵੇ, ਉਸ ਦੀ ਕੋਈ ਸਜਾ ਨਹੀਂ, ਪਰ ਜੇ ਕੋਈ ਨਿਰਪੱਖ ਅਧਿਕਾਰੀ ਵਲੋਂ ਜੁਅੱਰਤ ਕਰਕੇ ਸਜਾ ਦੇ ਵੀ ਦਿੱਤੀ ਜਾਂਦੀ ਹੈ , ਤਾਂ ਕੀ ਝੱਟ ਉਹ ਅਦਾਲਤਾਂ ਵਿੱਚੋ ਬਰੀ ਹੋ ਕੇ ਆ ਜਾਂਦੇ, ਕੀ ਇਸੇ ਹੁਕਮਰਾਨ ਪਾਰਟੀ ਦੇ ਆਗੂ ,ਉਨਾਂ ਦੋਸ਼ੀਆ ਦੇ ਗਲਾਂ ਵਿੱਚ ਹਾਰ ਪਾ ਕੇ ਸਨਮਾਨ ਕਰਦੇ। ਹੁਣ ਤਕ ਉਹ ਸਭ ਲੋਕ ,ਜੋ ਦੇਸ਼ ਦੀ ਮੌਜੂਦਾ ਸਰਕਾਰ ਨੂੰ ਸੈਕੂਲਰ ਕਹਿੰਦੇ ਆ ਰਹੇ ਹਨ ਉਨਾਂ ਸਭ ਦੇ ਵਹਿਮ ਭਰਮ ਦੂਰ ਹੋ ਗਏ ਹੋਣਗੇ ਕਿ ਦੇਸ਼ ਵਿੱਚ ਹੁਣ ਤਕ ਚਲਿਆ ਆ ਰਿਹਾ ਰਾਜ ਸਿਰਫ ਹਿੰਦੂਆਂ ਦਾ ਹੈ ਇਸ ਵਿੱਚ ''ਸੈਕੂਲਰਤਾ'' ਵਾਲੀ ਕੋਈ ਗਲ ਹੈ ਹੀ ਨਹੀਂ । ਇਹ ਸੰਵਿਧਾਨ ਜੇ ਕਿਸੇ ਵਰਗ ਦੀ ਰਾਖੀ ਕਰਦਾ ਹੈ ਤਾਂ ਸਿਰਫ ਉਹਿੰਦੂ'' ਧਰਮ ਵਾਲਿਆਂ ਦੀ ਇਸ ਕਰਕੇ ਜੇ ਕਰ ਇਸ ਸੰਵਿਧਾਨ ਨੂੰ ਸੈਕੂਲਰ ਬਣਾਉਣਾ ਹੈ ਤਾਂ ਮੌਜੂਦਾ ਜੋ ਜੁਲਮ ਘੱਟ ਗਿਣਤੀਆਂ ਤੇ ਹੋ ਰਹੇ ਹਨ ਇਨਾਂ ਤੇ ਸਖਤੀ ਨਾਲ ਰੋਕ ਲਗਾਉਣੀ ਪਵੇਗੀ। ਇਸ ਲਈ ਮੌਜੂਦਾ ਸੰਵਿਧਾਨ ਦੀ ਸਮੀਖਿਆ ਕਰਨ ਦੀ ਵੱਡੀ ਜਰੂਰਤ ਹੈ ਤੇ ਇਹ ਗਲ ਗੰਭੀਰਤਾ ਨਾਲ ਵਾਚਣ ਦੀ ਵੀ ਹੈ ਕਿ ਇਸ ਸੰਵਿਧਾਨ ਵਿੱਚ ਸਾਰੇ ਧਰਮਾਂ ਦੇ ਲੋਕਾਂ ਸਮੇਤ ਦਲਿਤਾਂ ਦੇ ਸਭ ਨੂੰ ਬਣਦੀ ਯੋਗ ਪ੍ਰਤੀਨਿਧੱਤਾ ਦੇ ਕੇ ਅਧਿਕਾਰ ਦੇਣੇ ਪੈਣਗੇ ਤਾਂ ਹੀ ਸਾਡਾ ਦੇਸ਼ ''ਸੈਕੂਲਰ''ਬਣ ਸਕਦਾ ਹੈ, ਨਹੀਂ ਤਾਂ ਦੇਰ ਸਵੇਰ ਦੇਸ਼ ਦੇ ਹੋਰ ਵਰਗਾਂ ਵਲੋਂ ਇਸ ਹਿੰਦੂ ਰਾਜ ਵਿਰੁੱਧ ਇਕ ਅਜਾਦੀ ਦੀ ਹੋਰ ਲੜਾਈ ਆਪਣੀ 'ਅਸਲ ਅਜਾਦੀ' ਨੂੰ ਪ੍ਰਾਪਤ ਕਰਨ ਲਈ ਲੜਣੀ ਪਵੇਗੀ। ਜਿਸ ਤਰਾਂ ਦੇ ਹਾਲਾਤ ਭਾਜਪਾ ਦੀ ਮੌਜੂਦਾ ਸਰਕਾਰ ਵਲੋਂ ਬਣਾਏ ਜਾ ਰਹੇ ਹਨ। ਉਸ ਦਾ ਮੈਦਾਨ ਇਸ ਰਾਜ ਕਰ ਰਹੀ ਪਾਰਟੀ ਵਲੋਂ ਘੱਟ ਗਿਣਤੀਆਂ ਤੇ ਦਲਿਤਾਂ ਉਤੇ ਜੁਲਮ ਤੇ ਜੁਲਮ ਢਾਹ ਕੇ ਬੜੀ ਤੇਜੀ ਨਾਲ ਸਿਰਜਿਆ ਵੀ ਜਾ ਰਿਹਾ ਹੈ । ਇਸ ਗੱਲ ਤੋਂ ਵੀ ਇਨਕਾਰਿਆ ਨਹੀਂ ਜਾ ਸਕਦਾ ਕਿ ਕਿਸੇ ਸਮੇਂ ਵੀ ਇਹ ਲਾਵਾ ਫੁੱਟ ਕੇ ਅੰਗਾਰ ਦਾ ਰੂਪ ਧਾਰਨ ਕਰ ਸਕਦਾ ਹੈ। ਚੰਗਾ ਹੋਵੇ ਜੇ ਕਰ ਭਾਰਤ ਦੀ ਰਾਜ ਕਰ ਰਹੀ ਸਰਕਾਰ ਆਪਣੇ ਆਪ ਹੀ ਸਾਰੇ ਵਰਗਾਂ ਦੀ ਇਕ ਕਮੇਟੀ ਬਣਾ ਕੇ ਸੰਵਿਧਾਨ ਦੀ ਸਮੀਖਿਆ ਕਰਾਵੇ ਤੇ ਇਸ ਸਮੇਂ ਜੋ ਸੰਵਿਧਾਨ ਵਿੱਚ ਕਮੀਆਂ ਪੇਸ਼ੀਆਂ ਰਹਿ ਗਈਆਂ ਹਨ ਉਹਨਾਂ ਨੂੰ ਦੂਰ ਕਰਕੇ ਦੇਸ਼ ਦੇ ਸਾਰੇ ਵਰਗਾਂ ਨੂੰ ਬਣਦੇ ਅਧਿਕਾਰ ਦੇ ਕੇ ਉਨਾਂ ਨੂੰ ਯੋਗ ਇਨਸਾਫ ਦੇ ਦੇਵੇ ਨਹੀਂ ਤਾਂ ਤੰਗ ਆਏ ਲੋਕ ਦੇਰ ਸਵੇਰ ਅਧਿਕਾਰ ਪ੍ਰਾਪਤ ਕਰਨਾ ਵੀ ਜਾਣਦੇ ਹਨ। ਸਰਕਾਰ ਵਾਸਤੇ ਸਿਖਰਾਂ ਦੀ ਅੱਤ ਚੁਕੱਣੀ ਜਿਥੇ ਮਾੜ੍ਹੀ ਹੁੰਦੀ ਹੈ, ਉਥੇ ਗੰਭੀਰ ਵੀ। ਆਸ ਹੈ ਦੇਸ਼ ਦੀ ਕਟੱੜ੍ਹ ਬ੍ਰਾਹਮਣਵਾਦੀ ਸਰਕਾਰ ਆਪਣੀ ਪੀੜ੍ਹੀ ਹੇਠ ਸੋਟਾ ਫੇਰ ਕੇ ਕਿਸਾਨ ਵਿਰੋਧੀ ਬਿੱਲ ਵਾਪਿਸ ਲੈ ਕੇ ਇਸ ਮੱਚ ਰਹੇ ਭਾਂਬੜ੍ਹ ਨੂੰ ਸ਼ਾਤ ਕਰਨ ਦਾ ਯਤਨ ਕਰੇਗੀ।ਇਸ ਵਿੱਚ ਉਸ ਦੀ ਭਲਾਈ ਲੁੱਕੀ ਹੋਈ ਹੈ।



# ਮਨ ਵਿੱਚ ਜਗਤ ਰਚਨੇ ਦੀ ਸ਼ਕਤੀ



ਰਵਿੰਦਰ ਕੁਮਾਰ
raviaarvee@gmail.com

ਭਗਵਾਨ ਵਾਲਮੀਕ ਜੀ ਦੇ ਮੌਕਸਪਾਏ ਯੋਗਵਸ਼ਿਸਟ ਵਿੱਚ ਜਿੰਨਾ ਵਰਣਨ ਮਨ ਅਤੇ ਉਸਦੀਆਂ ਸ਼ਕਤੀਆਂ ਦਾ ਕੀਤਾ ਗਿਆ ਹੈ ਉਨਾ ਹੋਰ ਕਿਸੀ ਵਸਤੂ ਦਾ ਨਹੀਂ ਕੀਤਾ ਗਿਆ। ਵਿਅਕਤ ਜਗਤ ਵਿੱਚ ਮਨ ਤੋਂ ਵੱਧਕੇ ਸ਼ਕਤੀਸ਼ਾਲੀ ਕੋਈ ਪਦਾਰਥ ਨਹੀਂ ਹੈ। ਮਨ ਹੀ ਜਗਤ ਦੀ ਸ੍ਰਿਸ਼ਟੀ ਕਰਦਾ ਹੈ, ਮਨ ਹੀ ਸਾਰੇ ਪ੍ਰਕਾਰ ਦੇ ਦੁੱਖ-ਸੁੱਖਾਂ ਦਾ ਉਤਪਾਦਕ ਹੈ। ਮਨ ਦੇ ਹੱਥ ਵਿੱਚ ਹੀ ਬੰਧ ਅਤੇ ਮੋਕਸ਼ ਹੈ। ਮਨ ਹੀ ਜਗਤ ਹੋ ਜਾਂਦਾ ਹੈ- ਮਨ ਹੀ ਵਾਸਨਾ ਰਹਿਤ ਹੋਣ ਤੇ ਬ੍ਰਹਮ ਹੋ ਜਾਂਦਾ ਹੈ। ਭਗਵਾਨ ਵਾਲਮੀਕ ਜੀ ਦੇ ਮੌਕਸਪਾਏ ਯੋਗਵਸ਼ਿਸਟ ਦਾ ਸਾਰਾ ਗਿਆਨ ਕੇਵਲ ਮਨੋਵਿਗਿਆਨ ਹੀ ਹੈ। ਇੱਥੇ ਅਸੀਂ ਇਸਦਾ ਕੁੱਝ ਵਰਣਨ ਕਰਦੇ ਹਾਂ :-

**ਮਨ ਦਾ ਸਵਰੂਪ**

ਸੰਕਲਪ ਕਰਨ ਦਾ ਨਾਮ ਮਨ ਹੈ, ਮਨ ਸੰਕਲਪ ਤੋਂ ਭਿੰਨ ਕੁੱਝ ਨਹੀਂ ਹੈ - ਜਿਵੇਂ ਜਲ ਦ੍ਰਵਤਵ (ਪਤਲੇਪਨ) ਨਾਲ ਹੈ ਅਤੇ ਵਾਯੂ ਸਪੰਨਦਨ ਤੋਂ ਭਿੰਨ ਕੋਈ ਦੂਜਾ ਪਦਾਰਥ ਨਹੀਂ ਹੈ। ਜਿੱਥੇ ਸੰਕਲਪ ਹੈ ਉਥੇ ਮਨ ਹੈ। ਮਨ ਸੰਕਲਪ ਤੋਂ ਭਿੰਨ ਕਦੇ ਕਿਸੀ ਪ੍ਰਕਾਰ ਨਹੀਂ ਹੈ। ਵਿਸ਼ਿਆਂ ਦਾ ਚਿਤ (ਆਤਮਾ) ਨਾਲ ਉਦੈ ਹੋਣਾ ਹੀ ਮਨ ਹੈ। ਪਰਮ ਪੁਰਸ਼ (ਆਤਮਾ) ਦੇ ਸੰਕਲਪਮਯ ਹੋਣ ਦਾ ਨਾਮ ਹੀ ਚਿੱਤ (ਮਨ) ਹੈ। ਅਨੰਤ, ਸਾਰੀਆ ਸ਼ਕਤੀਆ ਨਾਲ ਭਰਿਆ ਹੋਇਆ, ਮਹਾਨ ਆਤਮਾ ਦੀ ਸੰਕਲਪ ਸ਼ਕਤੀ ਦੁਆਰਾ ਰਚੇ ਹੋਏ ਰੂਪ ਦਾ ਨਾਮ ਮਨ ਹੈ। ਬ੍ਰਹਮ ਦੀ ਇਹ ਸੰਕਲਪਨਾ ਅਨੁਸਾਰ ਕੰਮ ਕਰਨ ਵਾਲੀ ਕਲਪਨਾ ਨਾਮਵਾਲੀ ਸ਼ਕਤੀ ਅਵਚਛੇਦ ਯੁਕਤ (ਪਰਿਮਿਤ ਰੂਪਵਾਲੀ) ਅਤੇ ਤਿਆਗ ਅਤੇ ਗ੍ਰਹਿਣ ਕਰਨ ਵਾਲੀ ਹੈ। (ਅਰਥਾਤ ਇਸਦਾ ਕੰਮ ਕਿਸੀ ਖਾਸ ਪਦਾਰਥ ਨੂੰ ਪ੍ਰਾਪਤ ਕਰਨਾ ਅਤੇ ਕਿਸੀ ਦਾ ਤਿਆਗ ਕਰਨਾ ਹੈ)। ਉਹ ਮਨ (ਨਾਮਕ ਸ਼ਕਤੀ) ਆਪਣੇ ਆਪ ਹੀ ਸਵੰਤਤਰਤਾ ਪੂਰਵਕ ਨਿਤ ਪ੍ਰਤੀ ਸੰਕਲਪਾਂ ਦੀ ਰਚਨਾ ਕਰਦਾ ਰਹਿੰਦਾ ਹੈ, ਉਸ ਦੇ ਦੁਆਰਾ ਇਹ ਵਿਸਤ੍ਰਿਤ ਮਾਇਆ ਦਾ ਜਾਲ (ਜਗਤ) ਤਨਾ ਜਾਂਦਾ ਹੈ।ਆਤਮਾ ਦਾ ਇਹ ਮਲੀਨ ਅਤੇ ਕਲੰਕ ਵਾਲਾ ਸਪੰ-ਨਦਨ, ਜੋ ਮਨ ਕਹਾਉਂਦਾ ਹੈ, ਨ ਸਵਰਥਾ ਜੜ ਹੀ ਹੈ ਅਤੇ ਨਾ ਚੇਤਨ। ਆਤਮਾ ਦੀ ਇਸ ਵਿਸ਼ੇ ਦੇ ਵੱਲ ਦੌੜਨ ਵਾਲੀ ਕਲਨਾ ਦਾ ਆਤਮਭਾਵ ਤਾਂ ਚੇਤਨ ਹੈ, ਚੈਤਯ ਅੰਸ਼ (ਵਿਸ਼ੇ ਭਾਗ) ਜੜ ਹੈ। ਮਲੀਨ ਚਿਤ (ਆਤਮਾ) ਦਾ ਖੁਦ ਕਲਪਨਾ ਕੀਤਾ ਹੋਇਆ ਜੜ ਅਤੇ ਚੇਤਨ ਦੋਨਾਂ ਸਵਰੂਪ ਵਾਲਾ ਰੂਪ ਮਨ ਕਹਾਉਂਦਾ ਹੈ-ਉਹ ਕਦੇ ਜੜ ਅਤੇ ਕਦੇ ਚੇਤਨ ਹੋ ਜਾਂਦਾ ਹੈ। (ਬ੍ਰਹਮ ਦਾ ਉਹ) ਮਹਾਨ ਸਵਰੂਪ ਜੋਕਿ ਸੰਕਲਪਾਤਮਕ ਹੈ ਬ੍ਰਹਮ ਰੂਪ ਨਾਲ ਚੇਤਨ ਹੈ ਅਤੇ ਦ੍ਰਿਸ਼ ਰੂਪ ਨਾਲ ਜੜ ਹੈ। ਜਦੋਂ ਆਪਣੇ ਖੁਦ ਦੇ ਪ੍ਰਕਾਸ਼ ਆਤਮ ਸਵਰੂਪ ਦਾ ਵਿਸਮਰਣ ਹੋਕੇ ਕਰਤੱਵਯਪਨ ਦਾ ਹੀ ਨਿਸ਼ਚੈ ਰਹਿੰਦਾ ਹੈ ਅਤੇ ਧਿਆਨ ਕੇਵਲ ਇਕ ਵਿਸ਼ੇ ਦੇ ਵੱਲ ਹੀ ਰਹਿੰਦਾ ਹੈ ਉਸ ਸਮੇਂ ਆਤਮਾ ਦਾ ਰੂਪ ਮਨ ਹੁੰਦਾ ਹੈ। ਮਨ ਭਾਵਨਾ ਮਾਤਰ ਹੈ, ਭਾਵਨਾ ਸਪੰਦ ਧਰਮਵਾਲੀ ਹੁੰਦੀ ਹੈ, ਅਤੇ ਕਿਰਿਆ ਦੀ ਕਲਪਨਾ ਕਰਦੀ ਰਹਿੰਦੀ ਹੈ ਜੋਕਿ ਕਿਸੀ ਨਾ ਕਿਸੀ ਫਲ ਦੇ ਰੂਪ ਵਿੱਚ ਪਰਿਣਿਤ ਹੋਣ ਦੇ ਲਈ ਦੌੜਦੀ ਰਹਿੰਦੀ ਹੈ- ਅਰਥਾਤ ਕਿਸੀ ਪਦਾਰਥ ਦੀ ਰਚਨਾ ਕਰਦੀ ਰਹਿੰਦੀ ਹੈ। ਦ੍ਰਿਸ਼ ਦੇ ਇਲਾਵਾ ਮਨ ਦਾ ਹੋਰ ਕੋਈ ਰੂਪ ਨਹੀਂ ਹੈ। ਸਪੰਦਨ ਦੇ ਲਈ ਉਤਸੁਕ ਚਿੱਤ (ਆਤਮਾ) ਭ੍ਰਮਿਤ ਸੀ ਹੋਕੇ ਆਪਦੇ ਆਪ ਨੂੰ ਦ੍ਰਿਸ਼ ਰੂਪ ਨਾਲ ਹੋਰ ਸੀ ਅਨੁਭਵ ਕਰਦੀ ਹੋਈ ਵਿਭਾਜਿਤ ਨਾ ਹੁੰਦੇ ਹੋਏ ਵੀ ਆਪਣੇ ਇਕ ਭਾਗ ਜੈਸੇ ਰੂਪ ਨੂੰ ਧਾਰਣ ਕਰ ਲੈ_ਦੀ ਹੈ। ਆਪਣੇ ਨਿਤ ਇਕ ਸਵਰੂਪ ਨੂੰ ਭੁੱਲਕੇ ਜੋ ਚਿਤਿ (ਚੇਤਨ ਸਵਰੂਪ ਆਤਮਾ) ਦੀ ਸਥਿਤੀ ਹੈ ਉਸਦਾ ਨਾਮ ਚਿਤ (ਮਨ) ਹੈ- ਉਸਤੋਂ ਹੀ ਇਸ ਜਗਤ ਦੀ ਉਤਪਤੀ ਹੋਈ ਹੈ। ਮਨ ਜਦੋ ਬ੍ਰਹਮ ਵਿੱਚ ਇਸ ਪ੍ਰਕਾਰ ਸਥਿਤ ਹੈ ਜਿਵੇਂ ਕਿ ਮਨ ਵਿੱਚ ਕੰਕੜ ਤਾਂ ਵੀ ਉਹ ਦ੍ਰਿਸ਼ ਦੇ ਅਨੁਭਵ ਨੂੰ ਸੱਚ ਸਮਝਣ ਦੇ ਕਾਰਣ ਆਪਣੇ ਸਤ-ਭਾਵ (ਬ੍ਰਹਮਭਾਵ) ਦਾ ਆਨੰਦ ਨਹੀਂ ਲੇ ਸਕਦਾ (ਅਰਥਾਤ ਵਿਸ਼ਿਆਂ ਦੇ ਵੱਲ ਪ੍ਰਵਿਰਤੀ ਰਹਿਣ ਦੇ ਕਾਰਣ ਵਿਸ਼ਿਆਂ ਦੀ ਤਰ੍ਹਾਂ ਹੀ ਆਪਣੇ ਨੂੰ ਕੁੱਝਪਲ ਸਮਝਦਾ ਹੈ, ਨਿੱਤ ਨਹੀਂ ਜਾਣਦਾ)। ਵਾਸਤਵ ਵਿੱਚ ਮਨ ਜੋ ਕਿ ਸਤ-ਰੂਪ ਹੀ ਹੈ (ਅਰਥਾਤ ਆਤਮਾ ਹੀ ਹੈ) ਨਾ ਬਾਹਰ ਹੈ ਅਤੇ ਨਾ ਦਿਲ ਦੇ ਅੰਦਰ ਹੈ। ਉਹ ਤਾਂ ਆਕਾਸ਼ ਦੀ ਤਰ੍ਹਾਂ ਸਰਵਤਰ (ਸਭ ਜਗਾ) ਸਥਿਤ ਹੈ। ਮਨ ਸੂਖਮ ਆਕਾਰ ਵਾਲਾ ਹੈ, ਸਥੂਲ ਭਾਵ ਨੂੰ ਜ਼ਿਆਦਾ ਸਮੇ ਤੱਕ ਭਾਵਨਾ ਕਰਦੇ ਰਹਿਣ ਤੋਂ ਹੀ ਪ੍ਰਾਪਤ ਹੁੰਦਾ ਹੈ।

ਉਪਰ ਦਿਤੇ ਵਰਣਨ ਦਾ ਸਾਰ ਇਹ ਹੈ ਕਿ ਮਨ ਅਨੰਤ ਅਪਾਰ, ਪੂਰਣ, ਸਰਵਸ਼ਕਤੀਮਾਨ ਬ੍ਰਹਮ ਦੀ ਜਗਤ-ਨਿਰਮਾਣ ਕਰਨ ਵਾਲੀ, ਦ੍ਰਿਸ਼ ਦਾ ਅਨੁਭਵ ਪ੍ਰਾਪਤ ਕਰਨ ਨੂੰ ਉਤਸੁਕ, ਸਪੰਨਦ ਸ਼ਕਤੀ ਦਾ, ਉਸ ਸਥਿਤੀ ਵਿੱਚ ਸਥਿਤ ਹੁੰਦੀ ਹੋਈ ਦਾ ਨਾਮ ਹੈ ਜਦੋਂਕਿ ਉਹ ਆਪਣੇ ਆਪ ਦਾ ਵਿਅਕਤ ਰੂਪ ਨਾਲ ਅਨੁਭਵ ਕਰਦੀ ਹੈ ਅਤੇ ਬ੍ਰਹਮ ਵਿੱਚ ਸਥਿਤ ਹੁੰਦੇ ਹੋਏ ਵੀ ਆਪਣੇ ਆਪ ਨੂੰ ਭਿੰਨ ਸਮਝਕੇ ਜਗਤ ਦਾ ਨਿਰਮਾਣ ਕਰਦੀ ਹੈ। ਜਗਤ ਦਾ ਨਿਰਮਾਣ ਉਹ ਕਲਪਨਾ ਦੁਆਰਾ ਕਰਦੀ ਹੈ। ਕਲਪਨਾ ਦੁਆਰਾ ਹੀ ਉਹ ਆਪਣੇ ਆਪ ਨੂੰ ਦ੍ਰਿਸ਼ ਪਦਾਰਥਾਂ ਦਾ ਆਕਾਰ ਵਿੱਚ ਦੇਖਦੀ ਹੈ। ਇਸੀ ਕਾਰਣ ਉਸ ਨੂੰ ਜੜ੍ਹ ਅਤੇ ਚੇਤਨ ਦੋਨੋਂ ਹੀ ਕਿਹਾ ਹੈ।

**ਮਨ ਅਤੇ ਬ੍ਰਹਮ ਦਾ ਭੇਦ**

ਚੇਤਯ (ਦ੍ਰਿਸ਼) ਤੋਂ ਰਹਿਤ ਚਿਤ (ਆਤਮਾ) ਸਨਾਤਮ ਬ੍ਰਹਮ ਹੈ। ਉਹ ਚਿਤ (ਆਤਮਾ) ਚੇਤਯ (ਦ੍ਰਿਸ਼) ਯੁਕਤ ਇਹ ਮਨ ਕਹਾਉਂਦਾ ਹੈ। ਉਹ ਬ੍ਰਹਮ ਹੀ ਦ੍ਰਿਸ਼ ਭਾਵ ਨਾਲ ਕਿੰਚਿਤ ਸਪਰਸ਼ ਹੋ ਜਾਣ ਤੇ ਮਨ ਹੋ ਜਾਂਦਾ ਹੈ। ਮਨ ਦਿਲ ਦੀ ਕਲਪਨਾ ਦੇ ਸਮਾਨ ਸਤ ਅਤੇ ਅਸਤ ਰੂਪ ਹੈ। ਜਿਸ ਪ੍ਰਕਾਰ ਸੋਨੇ ਅਤੇ ਉਸਤੋਂ ਬਣੇ ਹੋਏ ਕੰਕਣਾਦਿ ਗਹਿਣਿਆਂ ਵਿੱਚ ਇੱਕ ਵਿਲੱਖਣ ਭੇਦ ਦਾ ਸੰਬੰਧ ਹੈ ਵੈਸੇ ਹੀ ਆਤਮਾ ਅਤੇ ਉਸਦੇ ਮਨ ਰੂਪੀ ਭਾਵਨਾਤਮਕ ਰੂਪ ਵਿੱਚ ਇਕ ਵਿਲੱਖਣ ਭੇਦ ਦਾ ਸੰਬੰਧ ਹੈ। ਚਿੰਨਮਾਤਰ ਆਤਮਾ ਅਤੇ ਅਹੰਕਾਰ (ਮਨ) ਵਿੱਚ ਇਸ ਪ੍ਰਕਾਰ ਤਨਿਕ ਵੀ ਭੇਦ ਨਹੀਂ ਹੈ ਜਿਵੇਂ ਕਿ ਵਾਯੂ ਵਿੱਚ ਅਤੇ ਉਸਦੇ ਸਪੰਨਦਨ ਵਿੱਚ ਅਤੇ ਆਕਾਸ਼ ਵਿੱਚ ਅਤੇ ਸ਼ੂਨਯਤਵ ਵਿੱਚ ਨਹੀਂ ਹੈ।

**ਮਨ ਦੇ ਅਨੇਕ ਨਾਮ ਅਤੇ ਰੂਪ**

ਜਿਵੇਂ ਇਕ ਹੀ ਨਟ (ਨਾਟਕ ਦਾ ਪਾਤਰ) ਅਨੇਕ ਰੂਪ ਧਾਰਣ ਕਰ ਲੈਂਦਾ ਹੈ ਉਵੇਂ ਹੀ ਭਿੰਨ-ਭਿੰਨ ਕੰਮਾਂ ਨੂੰ ਕਰਦੇ ਸਮੇਂ ਮਨ ਵੀ ਅਨੇਕ ਨਾਮ ਅਤੇ ਰੂਪਾਂ ਨੂੰ ਧਾਰਣ ਕਰ ਲੈਂਦਾ ਹੈ। ਜਿਵੇਂ ਇਕ ਹੀ ਮਨੁੱਖ ਅਨੇਕ ਅਧਿਕਾਰਾਂ (ਪਦਾਂ) ਉਤੇ ਕੰਮ ਕਰਦੇ ਹੋਏ ਅਨੇਕ ਨਾਮ ਅਤੇ ਰੂਪਾਂ ਨੂੰ ਧਾਰਣ ਕਰਦਾ ਹੈ ਵੈਸੇ ਹੀ ਮਨ ਵੀ ਅਨੇਕ ਪ੍ਰਕਾਰ ਦੇ ਕੰਮ ਸੰਪਾਦਨ ਕਰਦੇ ਹੋਏ ਅਨੇਕ ਨਾਮ ਰੂਪ ਵਾਲਾ ਹੁੰਦਾ ਰਹਿੰਦਾ ਹੈ। ਜਿਵੇਂ ਇਕ ਹੀ ਮਨੁੱਖ ਇਸ਼ਨਾਨ, ਦਾਨ, ਗ੍ਰਹਿਣ ਆਦਿ ਅਨੇਕ ਕ੍ਰਿਆਵਾਂ ਨੂੰ ਕਰਦੇ ਸਮੇਂ ਵਿਭਿੰਨ ਪ੍ਰਕਾਰ ਦਾ ਹੋ ਜਾਂਦਾ ਹੈ ਵੈਸੇ ਮਨ ਵੀ ਭਿੰਨ-ਭਿੰਨ ਪ੍ਰਕਾਰ ਦੀਆਂ ਕ੍ਰਿਆਵਾਂ ਨੂੰ ਕਰਦੇ ਸਮੇਂ ਵਿਭਿੰਨਤਾ ਨੂੰ ਪ੍ਰਾਪਤ ਹੁੰਦਾ ਹੈ। ਨਾਨਾ ਪ੍ਰਕਾਰ ਦੀਆਂ ਕ੍ਰਿਆਵਾਂ ਕਰਦੇ ਸਮੇਂ ਮਨ ਦੇ ਅਨੇਕ ਨਾਮ ਹੁੰਦੇ ਹਨ- ਕਦੇ ਇਹ ਜੀਵ ਕਹਾਉਂਦਾ ਹੈ, ਕਦੇ





ਵਾਸਨਾ, ਅਤੇ ਕਦੇ ਕਰਮ ਆਦਿ। ਹੇਠਾਂ ਮਨ ਦੇ ਕੁੱਝ ਨਾਮ ਅਤੇ ਰੂਪਾਂ ਦਾ ਵਰਣਨ ਹੈ :-

**ਮਨ**

ਪਰਮ ਚਿੱਤ (ਸ਼ੁੱਧ ਚੇਤਨ ਆਤਮਾ) ਜਦੋਂ ਸਪੰਨਦਨਯੁਕਤ ਹੋਕੇ ਕਲਪਨਾਤਮਕ ਰੂਪ ਨੂੰ ਧਾਰਣ ਕਰਕੇ ਵਿਸ਼ੇ (ਦ੍ਰਿਸ਼) ਨਾਲ ਗਰਭਿਤ ਹੁੰਦੀ ਹੈ ਤਾਂ ਉਹ ਮਨ ਹੁੰਦੀ ਹੈ।

**ਬੁੱਧੀ**

ਉਹੀ ਪਰਮ ਚਿਤ ਜਦੋਂ ਇਕ ਪਰਿਮਿਤ ਰੂਪ ਨੂੰ ਧਾਰਣ ਕਰਕੇ ਵਿਸ਼ਿਆਂ ਦੀ ਭਾਵਨਾ ਕਰਕੇ ਇਹ ਅਮੁੱਕ ਵਿਸ਼ਾ ਹੈ ਉਹ ਅਮੁਕ- ਇਸ ਨਿਸ਼ਚੈ ਨੂੰ ਧਾਰਣ ਕਰ ਲੈਂਦੀ ਹੈ ਤਾਂ ਬੁੱਧੀ ਕਹਾਉਂਦੀ ਹੈ। ਇਹ ਪਦਾਰਥ ਇਸ ਪ੍ਰਕਾਰ ਦਾ ਹੈ- ਇਸ ਸਪਸ਼ਟ ਗਿਆਨ ਦੇ ਕਾਰਣ ਇਸਦਾ ਨਾਮ ਬੁੱਧੀ ਹੈ।

**ਅਹੰਕਾਰ**

'ਮੈ ਹਾਂ' ਇਸ ਭਾਵਨਾ ਦੇ ਹੋਣ ਤੇ ਉਹ ਅਹੰਕਾਰ ਕਹਾਉਂਦੀ ਹੈ ਜਦੋਂ ਕਿ ਉਹ ਮਿਥਿਆ ਅਭਿਮਾਨ ਦੇ ਕਾਰਣ ਆਪਣੇ ਆਪ ਹੀ ਆਪਣੀ ਸਵਤੰਤਰ ਸੱਤਾ ਬਣਾ ਕੇ ਸੰਸਾਰ ਦੇ ਬੰਧਨ ਵਿੱਚ ਪੈ ਜਾਂਦੀ ਹੈ ਤਾਂ ਉਸਦਾ ਨਾਮ ਅਹੰਕਾਰ ਹੁੰਦਾ ਹੈ।

**ਚਿਤ**

ਜਦੋਂ ਉਹ ਬਾਲਕ ਦੀ ਤਰ੍ਹਾਂ ਚੰਚਲ ਕਲਪਨਾ ਬਿਨ੍ਹਾਂ ਵਿਚਾਰੇ ਹੀ ਇਕ ਵਿਸ਼ੇ ਨੂੰ ਛੱਡ ਕੇ ਦੂਜੇ ਵਿਸ਼ੇ ਦਾ ਚਿੰਤਨ ਕਰਦੀ ਰਹਿੰਦੀ ਹੈ ਤਾਂ ਉਹ ਚਿੱਤ ਕਹਾਉਂਦੀ ਹੈ।

**ਕਰਮ**

ਸਪੰਦਨ (ਕਿਰਿਆ) ਹੀ ਜਿਸਦਾ ਇਕ ਸੁਭਾਅ ਹੈ ਅਜਿਹੀ ਉਹ ਕਲਪਨਾ ਆਪਣੇ ਅੰਦਰ ਸ਼ੂਨਯਤਾ ਦਾ ਅਨੁਭਵ ਕਰਕੇ ਜਦੋਂ ਕਿਰਿਆ ਦੁਆਰਾ ਪ੍ਰਾਪਤ ਹੋਣ ਵਾਲੇ ਕਿਸੀ ਫਲ ਦੇ ਵੱਲ ਦੌੜਦੀ ਹੈ ਤਾਂ ਉਹ ਕਰਮ ਕਹਾਉਂਦੀ ਹੈ।

**ਕਲਪਨਾ**

ਜਦੋਂ ਉਹ ਕਲਨਾ ਅਕਾਰਣ ਹੀ (ਅਰਥਾਤ ਅਕਸਮਾਤ) ਆਪਣੇ ਪੂਰਵ ਪ੍ਰਾਪਤ ਵਿਸ਼ੇ ਦੀ ਉਪੇਕਸ਼ਾ ਕਰਕੇ ਅਪ੍ਰਾਪਤ ਇੱਛਤ ਵਿਸ਼ਿਆਂ ਦੀ ਕਲਪਨਾ ਕਰਨ ਲੱਗਦੀ ਹੈ ਤਾਂ ਉਸਦਾ ਨਾਮ ਕਲਪਨਾ ਹੁੰਦਾ ਹੈ।

**ਸਮਰਿਤੀ**

ਪੂਰਵ ਕਾਲ ਵਿੱਚ ਕਿਸੀ ਵਸਤੂ ਦਾ ਅਨੁਭਵ ਹੋਇਆ ਹੋ ਜਾਂ ਨਾ ਹੋਇਆ ਹੋਵੇ ਕਿੰਤੂ ਉਸਦਾ ਨਿਸ਼ਚੈ ਦੇ ਨਾਲ ਜਦੋਂ ਅਜਿਹਾ ਧਿਆਨ ਆਵੇ ਕਿ ਉਹ ਵਸਤੂ ਪੂਰਵ ਕਾਲ ਵਿੱਚ ਅਨੁਭੂਤ ਹੋ ਚੁੱਕੀ ਹੈ ਤਾਂ ਮਨ ਸਮ੍ਰਿਤੀ ਕਹਾਉਂਦਾ ਹੈ।

**ਵਾਸਨਾ**

ਜਦੋਂ ਕਿਸੀ ਅਜਿਹੇ ਪਦਾਰਥ ਦੀ ਇੱਛਾ, ਜਿਸਦਾ ਭੋਗ ਹਾਲੇ ਤੱਕ ਵਾਸਤਵ ਵਿੱਚ ਨਹੀਂ, ਕੇਵਲ ਮਨ ਵਿੱਚ ਹੀ ਹੋਇਆ ਹੋਵੇ, ਇੰਨੀ ਦ੍ਰਿੜ ਹੋ ਜਾਂਦੀ ਹੈ ਕਿ ਉਸਦੇ ਸਾਹਮਣੇ ਹੋਰ ਕਿਸੀ ਵਸਤੂ ਦੀ ਇੱਛਾ ਨਾ ਰਹੇ, ਤਾਂ ਮਨ ਵਾਸਨਾ ਕਹਿਲਾਉਂਦਾ ਹੈ। ਅੱਗੇ ਪਿੱਛੇ ਦਾ ਵਿਚਾਰ ਛੱਡਕੇ ਜਦੋਂ ਕਿਸੀ ਵਸਤੂ ਨੂੰ ਪ੍ਰਾਪਤ ਕਰਨ ਦੀ ਦ੍ਰਿੜ ਭਾਵਨਾ ਹੁੰਦੀ ਉਸਨੂੰ ਵਾਸਨਾ ਕਹਿੰਦੇ ਹਨ।

**ਅਵਿਦਿਆ**

ਵਾਸਤਵ ਵਿੱਚ ਸ਼ੁੱਧ ਆਤਮਤੱਤਵ ਹੀ ਇਕ ਪਦਾਰਥ ਹੈ। ਜਦੋਂ ਵਸਤੁਤ ਵਿਦਮਾਨ ਨ ਹੁੰਦੇ ਹੋਏ ਵੀ ਆਤਮਾ ਦੇ ਅਤੀਕਿਰਤ ਕਿਸੀ ਦੂਜੇ ਤੱਤਵ ਦਾ ਭਾਨ ਹੋਣ ਲੱਗੇ ਤਾਂ ਇਸਦਾ ਨਾਮ ਅਵਿਦਿਆ ਹੈ। ਇਸਨੂੰ ਅਵਿਦਿਆ ਇਸ ਲਈ ਕਹਿੰਦੇ ਹਨ ਕਿ ਗਿਆਨ ਹੋਣ ਤੇ ਇਹ ਵਿਦਮਾਨ ਨਹੀਂ ਰਹਿੰਦੀ (ਅਰਥਾਤ ਗਿਆਨ ਹੋ ਜਾਣ ਤੇ ਆਤਮਤੱਤਵ ਦੇ ਅਤਿਰਿਕਤ ਹੋਰ ਕਿਸੀ ਵਸਤੂ ਦਾ ਭਾਨ ਨਹੀਂ ਹੁੰਦਾ)। ਇਹ ਅਵਿਦਿਆ ਅਨੰਤ ਪ੍ਰਕਾਰ ਦੀ ਹੈ ਅਤੇ ਨਾਨਾ ਪ੍ਰਕਾਰ ਦੇ ਭ੍ਰਮਾਂ ਦੀ ਉਤਪਾਦਕ ਹੈ।

**ਮਲ**

ਨਾਨਾ ਪ੍ਰਕਾਰ ਦੀ ਮਿਥਿਆ ਕਲਪਨਾਵਾਂ ਦੁਆਰਾ ਪਰਮਪਦ ਨੂੰ ਭੁਲਾਕੇ ਆਤਮਾ ਦੀ ਹਾਨੀ ਕਰਾਉਣ ਦੇ ਕਾਰਣ ਇਸਦਾ ਨਟਾਮ ਮਲ ਹੁੰਦਾ ਹੈ।

**ਪ੍ਰਕਿਰਤੀ**

ਪਰਮਾਤਮਾ ਦਾ ਗਿਆਨ ਨਾ ਹੋਣ ਤੇ, ਇਸ ਦ੍ਰਿਸ਼ ਸੰਸਾਰ ਦੇ ਸਾਰੇ ਭਾਵਾਂ ਦਾ ਕਾਰਣ ਹੋਣ ਦੇ ਕਾਰਣ ਇਹ ਪ੍ਰਕ੍ਰਿਤੀ ਕਹਿਲਾਉਂਦੀ ਹੈ।

**ਬ੍ਰਹਮ**

ਸ੍ਰਿਸ਼ਟੀ ਕਰਨ ਵਿੱਚ ਲੱਗਾ ਹੋਇਆ ਮਨ ਕਦੇ ਬ੍ਰਹਮਾ ਕਹਾਉਂਦਾ ਹੈ, ਕਦੇ ਵਿਰਾਟ, ਕਦੇ ਸਨਾਤਨ, ਕਦੇ ਨਾਰਾਇਣ, ਕਦੇ ਈਸ਼ਵਰ ਅਤੇ ਕਦੇ ਪ੍ਰਜਾਪਤੀ।

**ਜੀਵ**

ਜੀਣ ਅਤੇ ਚੇਤਨ ਹੋਣ ਦੇ ਕਾਰਣ ਵੀ ਇਹ ਜੀਵ ਕਹਿਲਾਉਂਦਾ ਹੈ। ਸੰਸਾਰ ਵਿੱਚ ਚੇਤਨ ਪਦਾਰਥ ਦਾ ਨਾਮ ਜੀਵ ਅਤੇ ਪਸ਼ੂ ਹੈ।

**ਅਤਿਵਾਹਿਕ ਦੇਹ**

ਇਹ ਸਾਦਿ ਅਤੇ ਸ਼ਾਂਤ, ਆਕਾਰ ਰਹਿਤ ਅਤੇ ਅਨਾਮਯ ਕਲਨਾ ਆਤਿਵਾਹਿਕ ਦੇਹ ਕਹਾਉਂਦੀ ਹੈ।

**ਇੰਦਰੀਆਂ**

ਇਸ ਨੂੰ ਇੰਦਰੀਯ ਇਸ ਲਈ ਕਹਿੰਦੇ ਹਨ ਕਿ ਸੁਣਕੇ, ਛੂਕਰ, ਦੇਖ ਕੇ, ਭੋਗਕੇ, ਸੁੰਘ ਕੇ ਅਤੇ ਵਿਚਾਰ ਕਰ ਇਹ ਆਤਮਾ ਨੂੰ, ਜੋਕਿ ਇਸ ਸਰੀਰ ਦਾ ਇੰਦਰ (ਰਾਜਾ) ਹੈ, ਆਨੰਦ ਦਿੰਦਾ ਹੈ।

**ਪੁਰਯਸਟਕ ਸਰੀਰ ਦੇਹ ਪਦਾਰਥ**

ਪੱਕੇ ਸੰਕਲਪਾਂ ਨਾਲ ਭਰਪੂਰ ਹੋਣ ਦੇ ਕਾਰਣ ਇਸਨੂੰ ਪੁਰਯਸ਼ਟਕ ਕਹਿੰਦੇ ਹਨ। ਸਰੀਰ ਦੀ ਭਾਵਨਾ ਹੋਣ ਤੇ ਇਹ ਸਰੀਰ ਬਣ ਜਾਂਦਾ ਹੈ ਅਤੇ ਘਟ ਆਦਿ ਪਦਾਰਥਾਂ ਦੀ ਭਾਵਨਾ ਨਾਲ ਇਹ ਘਟ ਆਦਿ ਪਦਾਰਥ ਹੋ ਜਾਂਦਾ ਹੈ।

ਉਪਰੋਕਤ ਵਰਣਨ ਕੀਤੇ ਹੋਏ ਇਹ ਸਾਰੇ, ਬੁੱਧੀ, ਅਹੰਕਾਰ ਆਦਿ ਸਪੰਨਦ ਯੁਕਤ ਕਲੰਕ ਨੂੰ ਪ੍ਰਾਪਤ, ਦ੍ਰਿਸ਼ ਦੇ ਵੱਲ ਪ੍ਰਵਿਰਤ ਚਿਤਿ (ਆਤਮਾ) ਦੇ ਅਨੇਕ ਨਾਮ ਹਨ। ਇੱਥੇ ਜੋ ਇਹ ਸਾਰੇ ਨਾਨਾ ਪ੍ਰਕਾਰ ਦੀ ਕਲਪਨਾਵਾਂ ਅਹੰਕਾਰ, ਮਨ, ਬੁੱਧੀ ਆਦਿ - ਇਕ ਹੀ ਵਸਤੂ ਦੇ ਅਨੇਕ ਰੂਪ ਭਗਵਾਨ ਵਾਲਮੀਕ ਜੀ ਦੁਆਰਾ ਦੱਸੇ ਗਏ ਹਨ।

**ਮਨ ਦੀ ਅਦਭੁਤ ਸ਼ਕਤੀਆਂ**

ਉਪਰ ਇਹ ਦੱਸਿਆ ਜਾ ਚੁੱਕਿਆ ਹੈ ਕਿ ਮਨ ਸਰਵ ਸ਼ਕਤੀਮਾਨ, ਸਰਵਗਤ ਅਤੇ ਅਨੰਤ ਪਰਮਬ੍ਰਹਮ ਦਾ ਹੀ ਇਕ ਕਲਪਨਾਤਮਕ ਆਕਾਰ ਹੈ। ਮਨ ਦਾ ਬ੍ਰਹਮ ਦੇ ਨਾਲ ਤਾਦਾਤਮਯ ਸੰਬੰਧ ਹੈ, ਮਨ ਅਤੇ ਬ੍ਰਹਮ ਦੋ ਅਲੱਗ-ਅਲੱਗ ਵਸਤੂਆਂ ਨਹੀ_ ਹਨ। ਬ੍ਰਹਮ ਦੀ ਮਨ ਦਾ ਆਕਾਰ ਧਾਰਣ ਕਰਦਾ ਹੈ। ਇਸ ਲਈ ਮਨ ਵਿੱਚ ਵੀ ਬ੍ਰਹਮ ਦੀ ਤਰ੍ਹਾਂ ਅਨੰਤ ਅਤੇ ਅਪਾਰ ਸ਼ਕਤੀਆਂ ਹਨ। ਇੱਥੇ ਯੋਗਵਸਿਸ਼ਠ ਦੇ ਅਨੁਸਾਰ ਮਨ ਦੀ ਅਨੇਕ ਪ੍ਰਕਾਰ ਦੀ ਸ਼ਕਤੀਆਂ ਦਾ ਉਲੇਖ ਕੀਤਾ ਜਾਂਦਾ ਹੈ।

**ਮਨ ਸਰਵ ਸ਼ਕਤੀ ਸੰਪੰਨ ਹੈ**

ਮਨ ਜਗਤ ਦੇ ਰਚਨ ਵਾਲਾ ਹੈ, ਮਨ ਹੀ ਖੁਦ ਪੁਰਸ਼ ਹੈ। ਮਨ ਵਿੱਚ ਸਾਰੇ ਪ੍ਰਕਾਰ ਦੀ ਸ਼ਕਤੀਆਂ ਹਨ, ਅਤੇ ਮਨ ਸਾਰਾ ਕੁੱਝ ਕਰ ਸਕਦਾ ਹੈ। ਮਨ ਜਿਸ ਵਸਤੂ ਨੂੰ ਪ੍ਰਾਪਤ ਕਰਨ ਦਾ ਇਰਾਦਾ ਕਰ ਲੈ_ਦਾ ਹੈ ਉਸਨੂੰ ਜ਼ਰੂਰ ਹੀ ਪ੍ਰਾਪਤ ਕਰ ਲੈ_ਦਾ ਹੈ। ਮਨ ਆਪਣੇ ਅੰਦਰ ਜਿਵੇ_ ਦੀ ਭਾਵਨਾ ਕਰਦਾ ਹੈ ਪਲ ਭਰ ਵਿੱਚ ਵੈਸਾ ਹੀ ਹੋ ਜਾਂਦਾ ਹੈ। ਜੋ ਕਲਪਨਾ ਚਿੱਤ ਦੇ ਅੰਦਰ ਉਦੈ ਹੁੰਦੀ ਹੈ, ਉਹੀ ਬਾਹਰੀ ਜਗਤ ਵਿੱਚ ਸਥਿਰ ਅਤੇ ਫਲਯੁੱਕਤ ਹੋਕੇ ਪ੍ਰਕਟ ਹੁੰਦੀ ਹੈ।

**ਮਨ ਵਿੱਚ ਜਗਤ ਨੂੰ ਰਚਨੇ ਦੀ ਸ਼ਕਤੀ ਹੈ**

ਮਨ ਦਾ ਸੁਭਾਅ ਸੰਕਲਪ ਹੈ। ਜਿਵੇਂ ਜਗਤ ਦੀ ਮਨ ਕਲਪਨਾ ਕਰਦਾ ਹੈ ਸੰਕਲਪ ਦੁਆਰਾ ਵੈਸਾ ਹੀ ਜਗਤ ਨਿਰਮਿਤ ਹੋ ਜਾਂਦਾ ਹੈ। ਅਹੰਭਾਵ (ਮਨ) ਨੂੰ ਹੀ ਜਗਤ ਦਾ ਬੀਜ ਸਮਝਣਾ ਚਾਹੀਦਾ। ਇਸ ਬੀਜ ਤੋਂ ਹੀ ਪਹਾੜ, ਸਮੁੰਦਰ, ਪ੍ਰਿਥਵੀ ਅਤੇ ਨਦੀਆਂ ਵਾਲੇ ਜਗਤ-ਰੂਪੀ ਦਰਖਤ ਦੀ ਉਤਪਤੀ ਹੁੰਦੀ ਹੈ। ਚਿੱਤ ਹੀ ਜਗਤ ਦਾ ਉਤਪਾਦਕ ਹੈ। ਉਹ ਜਿਵੇਂ-ਜਿਵੇਂ ਸੰਕਲਪ ਕਰਦਾ ਹੈ ਉਸੀ ਦੇ ਅਨੁਸਾਰ ਸਤ, ਅਸਤ ਜਾਂ ਸਦਸਤ-ਜਗਤ ਦੀ ਉਤਪਦੀ ਹੁੰਦੀ ਰਹਿੰਦੀ ਹੈ। ਜਾਗ੍ਰਤ, ਸਵਪਨ ਅਤੇ ਭ੍ਰਮ ਆਦਿ ਸਾਰੀਆਂ ਅਵਸਥਾਵਾਂ ਇਸ ਪ੍ਰਕਾਰ ਮਨ ਦੇ ਰੁਪਾਂਤਰ ਹਨ ਜਿਵੇਂ ਕਿ ਪੱਤੇ, ਬੇਲ, ਫੂਲ, ਫਲ ਆਦਿ ਅੰਕੁਰ ਦੇ ਰੁਪਾਂਤਰ ਹੁੰਦੇ ਹਨ। ਦੇਸ਼ ਅਤੇ ਕਾਲ ਦਾ ਵਿਸਤਾਰ ਅਤੇ ਕ੍ਰਮ ਵੀ ਮਨ ਦੇ ਹੀ ਅਧੀਨ ਹੈ। ਮਨ ਹੀ ਕਲਪ ਨੂੰ ਛਣ ਬਣਾ ਦਿੰਦਾ ਹੈ ਅਤੇ ਪਲ ਨੂੰ ਕਲਪ।

**ਮਨ ਜਗਤ ਦੀ ਰਚਨਾ ਵਿੱਚ ਸਵਤੰਤਰ ਹੈ**

ਮਨ ਆਪਣੇ ਆਪ ਹੀ ਸੁਤੰਤਰਤਾ ਪੂਰਵਕ ਸਰੀਰ ਦੀ ਰਚਨਾ ਕਰਦਾ ਹੈ। ਦੇਹ ਭਾਵ ਨੂੰ ਧਾਰਣ ਕਰਕੇ ਉਹ ਜਗਤ ਰੂਪੀ ਇੰਦ੍ਰਜਾਲ ਦੀ ਰਚਨਾ ਕਰਦਾ ਹੈ।

**ਹਰੇਕ ਮਨ ਵਿੱਚ ਇਸ ਪ੍ਰਕਾਰ ਦੀ ਸ਼ਕਤੀ ਹੈ**

ਹਰੇਕ ਚਿੱਤ ਵਿੱਚ ਇਸ ਪ੍ਰਕਾਰ ਦੀ ਜਗਤ ਦੇ ਉਤਪਾਦਨ ਕਰਨ ਦੀ ਸ਼ਕਤੀ ਹੈ। ਹਰੇਕ ਚਿੱਤ ਵਿੱਚ ਜਗਤ ਰੂਪੀ ਭ੍ਰਮ ਦਾ ਉਦੈ ਪ੍ਰਿਥਕ-ਪ੍ਰਿਥਕ ਹੁੰਦਾ ਹੈ।

**ਜੀਵ ਵਿੱਚ ਸਭ ਕੁੱਝ ਪ੍ਰਾਪਤ ਕਰਨ ਦੀ ਅਨੰਤ ਸ਼ਕਤੀ ਹੈ**

ਜੀਵ ਜੋ ਕੁੱਝ ਚਾਹੁੰਦਾ ਹੈ ਉਹ ਸਾਰਾ ਆਪਣੇ ਆਪ ਹੀ ਸੰਪਾਦਨ ਕਰ ਲੈਂਦਾ ਹੈ। ਹਰੇਕ ਜੀਵ ਵਿੱਚ ਚਿਤ-ਸ਼ਕਤੀ (ਆਤਮਾ ਦੀ ਅਨੰਤ ਅਤੇ ਅਪਾਹ ਸ਼ਕਤੀ) ਵਰਤਮਾਨ ਹੈ। ਜੀਵ ਵਿੱਚ ਜਿਸ-ਜਿਸ ਪ੍ਰਕਾਰ ਦੀ ਸ਼ਕਤੀ ਦਾ ਉਦੈ ਹੁੰਦਾ ਹੈ ਉਸੀ-ਉਸੀ ਪ੍ਰਕਾਰ ਫਲ ਉਸਨੂੰ ਪ੍ਰਾਪਤ ਹੁੰਦਾ ਹੈ। ਜੀਵ ਜਿਵੇਂ ਪ੍ਰਯਤਨ ਕਰਦਾ ਹੈ ਯਥਾ ਸਮੇ_ ਉਸਦਾ ਫਲ ਮਿਲਦਾ ਰਹਿੰਦਾ ਹੈ। ਕਦੇ ਤਪ ਦੇ ਰੂਪ ਵਿੱਚ, ਕਦੇ ਦੇਵਤਾ ਦੇ ਰੂਪ ਵਿੱਚ, ਖੁਦ ਆਤਮਾ ਹੀ ਆਤਮ ਦੀਆਂ ਇੱਛਾਵਾਂ ਅਕਸਮਾਤ ਪੂਰੀ ਕਰ ਦਿੰਦਾ ਹੈ। ਆਪਣੇ ਹੀ ਪ੍ਰਯਤਨ ਦੇ ਇਲਾਵਾ ਕਦੇ ਹੋਰ ਕੋਈ ਸਾਨੂੰ ਸਿੱਧੀ ਦੇਣ ਵਾਲਾ ਨਹੀਂ ਹੈ। ਇਸ ਲਈ ਜੋ ਕੁੱਝ ਪ੍ਰਾਪਤ ਕਰਨਾ ਚਾਹੁੰਦੇ ਹੋ ਉਸਦੇ ਲਈ ਪ੍ਰਯਤਨ ਕਰੋ। ਆਪਣੀ ਵਾਸਨਾ ਤੋਂ ਪ੍ਰੇਰਿਤ ਹੋਕੇ ਜੋ ਜਿਵੇਂ ਯਤਨ ਕਰਦਾ ਹੈ, ਵੈਸਾ ਹੀ ਫਲ ਪਾਉਂਦਾ ਹੈ। ਇੱਥੇ ਦੂਸਰਾ ਕੋਈ ਸਾਡੇ ਕਿਸਮਤ ਦਾ ਨਿਰਮਾਣ ਕਰਨ ਵਾਲਾ ਨਹੀ_ ਹੈ। ਸੰਸਾਰ ਵਿੱਚ ਅਜਿਹੀ ਕੋਈ ਵਸਤੂ ਨਹੀਂ ਹੈ ਜੋ ਸਤਕਰਮ ਅਤੇ ਸ਼ੁੱਧ ਪੁਰਸ਼ਾਰਥ ਦੁਆਰਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਹੋਵੇ।

**ਵਿਸ਼ਿਆਂ ਦਾ ਰੂਪ ਸਾਡੇ ਚਿੰਤਨ ਦੇ ਅਧੀਨ ਹੈ**

ਸੰਸਾਰ ਵਿੱਚ ਸਾਰੇ ਪਦਾਰਥਾਂ ਦਾ ਰੂਪ ਸਾਡੇ ਚਿੰਤਨ ਤੇ ਨਿਰਭਰ ਹੈ। ਚਿੰਤਨ ਕਰਦੇ-ਕਰਦੇ ਅਸੱਤ ਪਦਾਰਥ ਵੀ ਸਤ ਪ੍ਰਤੀਤ ਹੋਣ ਲਗ ਜਾਂਦਾ ਹੈ। ਜਿਸ ਵਸਤੂ ਦਾ ਜਿਸ ਭਾਵ ਨਾਲ ਚਿੰਤਨ ਕੀਤਾ ਜਾਂਦਾ ਹੈ ਉਹ ਵਸਤੂ ਉਸੀ ਪ੍ਰਕਾਰ ਨਾਲ ਅਨੁਭਵ ਵਿੱਚ ਆਣ ਲੱਗਦੀ ਹੈ।

ਸਦਾ ਅੰਮ੍ਰਿਤ ਰੂਪ ਵਿੱਚ ਚਿੰਤਨ ਕਰਨ ਨਾਲ ਵਿਸ਼ ਵੀ ਅੰਮ੍ਰਿਤ ਹੋ ਜਾਂਦਾ ਹੈ ਅਤੇ ਸਦਾ ਮਿੱਤਰਭਾਵ ਨਾਲ ਚਿੰਤਨ ਕਰਨ ਨਾਲ ਦੁਸ਼ਮਣ ਵੀ ਮਿੱਤਰ ਹੋ ਜਾਂਦਾ ਹੈ। ਨਿਮੇਸ਼ਮਾਤਰ ਸਮਾਂ ਵੀ ਕਲਪਭਾਵ ਨਾਲ ਚਿੰਤਨ ਕਰਨ ਤੇ ਜ਼ਰੂਰ ਹੀ ਕਲਪ ਦੇ ਸਮਾਨ ਅਨੁਭੂਤ ਹੋਣ ਲੱਗਦਾ ਹੈ। ਇਸੀ ਪ੍ਰਕਾਰਜੇ ਕਲਪ ਦੀ ਨਿਮੇਸ਼ਭਾਵ ਨਾਲ ਚਿੰਤਨਾ ਕੀਤੀ ਜਾਵੇ ਤਾਂ ਜ਼ਰੂਰ ਹੀ ਕਲਪ ਨਿਮੇਸ਼ ਦੇ ਸਮਾਨ ਹੋ ਜਾਂਦਾ ਹੈ। ਆਤਮਾ ਦਾ ਪ੍ਰਭਾਵ ਹੀ ਅਜਿਹਾ ਹੈ। ਕਟੂਭਾਵ ਨਾਲ ਚਿੰਤਨ ਕਰਨ ਤੇ ਮਿੱਠੀ ਵਸਤੂ ਵੀ ਕੜਵੀ ਮਾਲੂਮ ਹੋਣ ਲੱਗਦੀ ਹੈ ਅਤੇ ਮਿਠਾਈ ਦੇ ਚਿੰਤਨ ਨਾਲ ਕੜਵੀ ਵਸਤੂਆਂ ਮਿੱਠੀ ਮਾਲੂਮ ਹੋਣ ਲੱਗਦੀਆਂ ਹਨ। ਮਿੱਤਰ ਬੁੱਧੀ ਨਾਲ ਦੁਸ਼ਮਨ ਮਿੱਤਰ ਹੋ ਜਾਂਦਾ ਹੈ ਅਤੇ ਦੁਸ਼ਮਨ ਬੁੱਧੀ ਨਾਲ ਮਿੱਤਰ ਦੁਸ਼ਮਨ ਬਣ ਜਾਂਦਾ ਹੈ।

ਜਿਵੇਂ ਸਾਡਾ ਵਿਚਾਰ ਵੈਸਾ ਸਾਡਾ ਜਗਤ। ਚਿੰਤਨ ਦੁਆਰਾ ਪੀਲੀ ਵਸਤੂ ਨੀਲੀ ਜਾਂ ਸ਼ਵੇਤ ਮਾਲੂਮ ਹੋਣ ਲੱਗਦੀ ਹੈ ਅਤੇ ਉਤਸਵ ਨੂੰ ਵੀ ਆਪੱਤੀ ਸਮਝਕੇ ਮੂੜ ਮਨੁੱਖ ਸ਼ੋਕ ਕਰਨ ਲੱਗਦਾ ਹੈ। ਸਵਪਨ ਦੀ ਤਰ੍ਹਾਂ ਸ਼ੂਨਯ ਸਥਾਨ ਵੀ ਭਰਿਆ ਹੋਇਆ ਮਾਲੂਮ ਹੋਣ ਲੱਗਦਾ ਹੈ, ਅਤੇ ਮੌਜੂਦ ਨਾ ਹੁੰਦਾ ਹੋਇਆ ਵੀ ਭੂਤ ਮੂਰਖਾਂ ਦੇ ਪ੍ਰਾਣ ਲੇ ਲੈਂਦਾ ਹੈ। ਕੇਵਲ ਚਿੰਤਨ ਦੇ ਦੁਆਰਾ ਹੀ ਸਵਪਨ ਦੀ ਇਸਤਰੀ ਜਾਗ੍ਰਤ ਦੀ ਇਸਤਰੀ ਦੇ ਸਮਾਨ ਰਤੀਸੁੱਖ ਦਿੰਦੀ ਹੈ।

ਜਿਸਦੇ ਮਨ ਵਿੱਚ ਜੈਸੀ ਚਿੰਤਨਾ ਉਦੈ ਹੋ ਜਾਂਦੀ ਹੈ ਉਹ ਵੈਸਾ ਅਨੁਭਵ ਕਰਨ ਲੱਗਦਾ ਹੈ। ਜਿਵੇਂ ਖਿਆਲ ਜਿਸਦੇ ਮਨ ਵਿੱਚ ਦ੍ਰਿੜ ਹੋ ਜਾਂਦਾ ਹੈ ਉਹ ਉਸਨੂੰ ਪ੍ਰਤਕਸ਼ ਰੂਪ ਵਿੱਚ ਵੈਸਾ ਹੀ ਅਨੁਭਵ ਕਰਨ ਲੱਗਦਾ ਹੈ। ਦ੍ਰਿੜ ਨਿਸ਼ਚੈ ਵਾਲਾ ਆਤਮਾ ਜਿਵੇਂ - ਜਿਵੇਂ ਚਿੰਤਨ ਕਰਦਾ ਹੈ ਵੈਸਾ-ਵੈਸਾ ਫਲ ਪ੍ਰਾਪਤ ਕਰਦਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਕੈਲੇਫੋਰਨੀਆ ਦੀ ਨਵੀਂ ਬਿਲਡਿੰਗ ਦੇ ਉਸਾਰੇ ਜਾ ਰਹੇ ਲੰਗਰ ਹਾਲ ਦੀਆਂ ਤਸਵੀਰਾਂ ਦੇ ਨਾਲ ਪ੍ਰਬੰਧਕ ਕਮੇਟੀ ਅਤੇ ਸੰਗਤ



Page Sponsored by- Desh Doaba





We can have only outside Activities and other programs especially on Diwali celebrations if you have any questions please contact us at Tejpal virk (Chairman) 916-912-5678, Raj Kumar (President) (916) 601-3842, Inderjit Padwagga (General Secretary) (916) 276-2538

## ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿਚ ਸ਼੍ਰੀ ਰਾਜ ਬੱਧਣ ਦੇ ਪ੍ਰਧਾਨਗੀ ਕਾਰਜਕਾਲ ਵਿਚ ਵਾਧਾ

ਗੁਰੂਪਿਆਰੀ ਸਾਧਸੰਗਤਿ ਜੀਓ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਅੱਜ ਸਰਬ ਸੰਗਤ ਮੀਟਿੰਗ ਹੋਈ ਜਿਸ ਵਿੱਚ ਸੰਗਤ ਵਲੋਂ ਸਰਬ ਸੰਮਤੀ ਨਾਲ ਹੇਠ ਲਿਖੇ ਫ਼ੈਸਲੇ ਕੀਤੇ ਗਏ:

(1) ਸ਼੍ਰੀ ਰਾਜ ਬੱਧਣ ਜੀ ਦੀ ਪ੍ਰਧਾਨਗੀ ਹੇਠ ਚੱਲ ਰਹੀ ਮੌਜੂਦਾ ਕਮੇਟੀ ਦਾ ਕਾਰਜ਼ ਕਾਲ ਦੋ ਸਾਲ ਹੋਰ ਵਧਾ ਦਿੱਤਾ ਗਿਆ ਹੈ। ਇਹ ਮੌਜੂਦਾ ਕਮੇਟੀ ਹੁਣ ਅਪ੍ਰੈਲ 2022 ਤੱਕ ਗੁਰੂਘਰ ਦਾ ਪ੍ਰਬੰਧ ਦੇਖੇਗੀ।

(2) ਬਿਲਡਿੰਗ ਫੰਡ ਰੇਸਿੰਗ ਕਮੇਟੀ ਬਣਾਈ ਗਈ। ਜਿਸ ਵਿੱਚ ਹੇਠ ਲਿਖੇ ਮੈਂਬਰਾ ਨੇ ਸਵੈ ਇੱਛਾ ਨਾਲ ਆਪਣੇ ਨਾਮ ਦਿੱਤੇ ਗਏ।

ਸ਼੍ਰੀ ਪਰਮਜੀਤ ਭੁੱਟਾ, ਸ਼੍ਰੀ ਗੁਰਮੇਲ ਉਗਾਜਰ

ਸ਼੍ਰੀ ਕੇਵਲ ਬੋਲੀਨਾਂ, ਸ਼੍ਰੀ ਕਰਨੈਲ ਵਿਰਕ

ਸ਼੍ਰੀ ਗਿਆਨ ਚੰਦ ਕਾਜਲਾ, ਸ਼੍ਰੀ ਲਸ਼ਕਰ ਸਿੰਘ ਬੱਧਣ

ਸ਼੍ਰੀ ਹਰਬੰਸ ਸਿੰਘ ਰੱਲ੍ਹ,

ਜੇਕਰ ਤੁਸੀਂ ਵੀ ਇਸ ਕਮੇਟੀ ਦੇ ਮੈਂਬਰ ਵਜੋਂ ਸੇਵਾ ਪ੍ਰਦਾਨ ਕਰਨਾ ਚਾਹੁੰਦੇ ਹੋ ਤਾਂ ਚੇਅਰਮੈਨ ਜਾਂ ਪ੍ਰਧਾਨ ਨਾਲ ਸੰਪਰਕ ਕਰੋ ਜੀ।

**ਸ਼੍ਰੀ ਤੇਜਪਾਲ ਵਿਰਕ (ਚੇਅਰਮੈਨ) 916-912-5678**

**ਸ਼੍ਰੀ ਰਾਜ ਬੱਧਣ (ਪ੍ਰਧਾਨ) 916-601-3842**

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com







ਬੰਦੀ ਛੋੜ ਦਿਵਸ ਸਮਾਗਮ

ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਕੀਰਤਨ ਦੀਵਾਨ

ਸ਼ਨੀਵਾਰ ਨਵੰਬਰ 14, 2020 ਸ਼ਾਮ 4:00 ਵਜੇ ਤੋਂ 8:00 ਵਜੇ ਤੱਕ

ਸੇਵਾ: ਬੀਬੀ ਹਰਭਜਨ ਕੌਰ ਕੌਲ, ਸਵਰਗ ਵਾਸੀ ਸ੍ਰੀ ਅਮਰ ਚੰਦ ਕੌਲ
ਸ੍ਰੀ ਗੁਰਦਿਆਲ ਮੱਲ ਅਤੇ ਬੀਬੀ ਦਵਿੰਦਰ ਕੌਰ ਮੱਲ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ 6221 16th Street, Rio Linda, CA 95673

ਪ੍ਰੋਗਰਾਮ ਦੀ ਬੁਕਿੰਗ ਲਈ ਸੰਪਰਕ: ਸ੍ਰੀ ਵਰਿੰਦਰ ਵਿਰਕ (ਉਪ ਪ੍ਰਧਾਨ) 916-910-5731

ਗੁਰੂਘਰ ਦੀ ਉਸਾਰੀ ਅਧੀਨ ਇਮਾਰਤ ਵਿੱਚ ਯੋਗਦਾਨ ਅਤੇ ਜਾਣਕਾਰੀ ਲਈ ਸੰਪਰਕ:
ਸ੍ਰੀ ਤੇਜਪਾਲ ਵਿਰਕ (ਚੈਅਰਮੈਨ) 916-912-5678 , ਸ੍ਰੀ ਰਾਜ ਬੱਧਣ (ਪ੍ਰਧਾਨ) 916-601-3842, ਸ੍ਰੀ ਇੰਦਰਜੀਤ ਪੜਵੱਗਾ (ਜ. ਸਕੱਤਰ) 916-276-2538

ਨੋਟ- ਕਰੋਨਾ ਵਾਇਰਸ ਬਾਰੇ ਜਾਰੀ ਗੌਰਮਿੰਟ ਦੀਆਂ ਹਦਾਇਤਾਂ (ਫੇਸ ਮਾਸਕ, 66 ਫੁੱਟ ਸਰੀਰਕ ਦੂਰੀ) ਦੀ ਪਾਲਣਾ ਕੀਤੀ ਜਾਵੇਗੀ।

Sponsored by- Desh Doaba


# ਡੌਨਲਡ ਟਰੰਪ ਦੀਆਂ ਕੁਝ ਗਲਤੀਆਂ, ਜੋ ਹਾਰ ਲਈ ਜਿੰਮੇਵਾਰ ਬਣੀਆਂ

**(ਸਫਾ 1 ਦੀ ਬਾਕੀ)**

ਪਹਿਲਾਂ ਕੀ ਕੁਝ ਸਹੀ ਨਹੀਂ ਹੋ ਰਿਹਾ ਸੀ। ਪਰ ਡੌਨਲਡ ਟਰੰਪ ਨੇ 2020 ਵਿੱਚ ਰਾਸ਼ਟਰਪਤੀ ਅਹੁਦਾ ਕਿਸੇ ਹੱਦ ਤੱਕ ਇਸ ਲਈ ਗੁਆ ਦਿੱਤਾ ਕਿਉਂਕਿ ਇੱਕ ਅਜਿਹੇ ਵਿਅਕਤੀ ਵੀ ਸਨ ਜੋ ਅਜਿਹੀਆਂ ਗੱਲਾਂ ਕਹਿ ਦਿੰਦੇ ਸਨ ਜੋ ਪਹਿਲਾਂ ਨਹੀਂ ਕਹੀਆਂ ਜਾਂਦੀਆਂ ਸਨ।

ਜੋਅ ਬਾਇਡਨ ਨੇ 373 ਉਪਨਗਰਾਂ ਦੀਆਂ ਕਾਊਂਟੀਜ਼ ਵਿੱਚ ਹਿਲੇਰੀ ਕਲਿੰਟਨ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਕੀਤਾ। ਉਨ੍ਹਾਂ ਨੇ ਪੈਨਸਿਲਵੇਨੀਆ, ਮਿਸ਼ੀਗਨ ਅਤੇ ਵਿਸਕੌਂਸਿਨ ਦੇ ਰਸਟ ਬੈਲਟ ਸੂਬਿਆਂ ’ਤੇ ਵਾਪਸ ਕਬਜ਼ਾ ਜਮਾਉਣ ਵਿੱਚ ਸਹਾਇਤਾ ਕੀਤੀ ਅਤੇ ਉਨ੍ਹਾਂ ਨੂੰ ਜਾਰਜੀਆ ਅਤੇ ਐਰੀਜ਼ੋਨਾ ਹਾਸਲ ਕਰਨ ਵਿੱਚ ਸਮਰੱਥ ਬਣਾਇਆ। ਡੌਨਲਡ ਟਰੰਪ ਨੂੰ ਉਪਨਗਰ ਦੀਆਂ ਔਰਤਾਂ ਨਾਲ ਖਾਸ ਤੌਰ ’ਤੇ ਸਮੱਸਿਆ ਹੈ।

ਜੋ ਅਸੀਂ 2018 ਦੀਆਂ ਮੱਧਕਾਲੀ ਚੋਣਾਂ ਵਿੱਚ ਦੇਖਿਆ ਸੀ, ਉਹੀ ਅਸੀਂ 2020 ਦੀਆਂ ਚੋਣਾਂ ਵਿੱਚ ਮੁੜ ਤੋਂ ਦੇਖਿਆ-ਜ਼ਿਆਦਾ ਉੱਚ ਸਿੱਖਿਅਤ ਰਿਪਬਲੀਕਨ ਵਿੱਚੋਂ ਜਿਨ੍ਹਾਂ ਵਿੱਚੋਂ ਕੁਝ ਨੇ ਚਾਰ ਸਾਲ ਪਹਿਲਾਂ ਟਰੰਪ ਨੂੰ ਵੋਟਾਂ ਪਾਈਆਂ ਸਨ। ਉਨ੍ਹਾਂ ਦੇ ਵਿਵਹਾਰ ਨੇ ਉਨ੍ਹਾਂ ਨੂੰ ਲੋਕਾਂ ਤੋਂ ਦੂਰ ਕਰ ਦਿੱਤਾ। ਉਨ੍ਹਾਂ ਵੱਲੋਂ ਨਸਲੀ ਤਣਾਅ ਨੂੰ ਉਤਸ਼ਾਹਿਤ ਕਰਨਾ। ਉਨ੍ਹਾਂ ਦੇ ਸਿਆਹਫ਼ਾਮ ਲੋਕਾਂ ਨੂੰ ਬਦਨਾਮ ਕਰਨ ਵਾਲੇ ਟਵੀਟਾਂ ਵਿੱਚ ਨਸਲਵਾਦੀ ਭਾਸ਼ਾ ਦੀ ਵਰਤੋਂ ਕੀਤੀ।

ਗੋਰਿਆਂ ਦੇ ਦਬਦਬੇ ਨੂੰ ਚੁਣੌਤੀ ਦੇਣ ਵਿੱਚ ਵੀ ਉਹ ਅਸਫ਼ਲ ਰਹੇ। ਇਸ ਤੋਂ ਇਲਾਵਾ ਉਨ੍ਹਾਂ ਦੇ ਕਾਰਜਕਾਲ ਦੌਰਾਨ ਅਮਰੀਕਾ ਦੇ ਰਵਾਇਤੀ ਮਿੱਤਰਾਂ ਨਾਲ ਤਲਖ਼ੀ ਵਧੀ ਪਰ ਉਨ੍ਹਾਂ ਨੇ ਵਲਾਦੀਮੀਰ ਪੁਤਿਨ ਵਰਗੀਆਂ ਤਾਨਾਸ਼ਾਹੀਆਂ ਦੀ ਪ੍ਰਸੰਸਾ ਕੀਤੀ। ਉਨ੍ਹਾਂ ਦਾ ਆਪਣੇ ਆਪ ਨੂੰ "ਸ੍ਰੇਸ਼ਠ-ਬੁੱਧ" ਕਹਿਣਾ ਅਤੇ ਕੰਸਪੀਰੇਸੀ ਥਿਊਰੀਆਂ ਨੂੰ ਹਵਾ ਦੇਣਾ ਵੀ ਉਨ੍ਹਾਂ ਦੇ ਵਿਰੋਧ ਵਿੱਚ ਖੜ੍ਹਾ ਹੋਇਆ। ਉਨ੍ਹਾਂ ਨੇ ਆਪਣੇ ਟਵੀਟਾਂ ਵਿੱਚ ਕਈ ਵਾਰ ਅਜਿਹੀ ਭਾਸ਼ਾ ਦੀ ਵਰਤੋਂ ਕੀਤੀ ਜਿਸ ਤੋਂ ਉਹ ਕਿਸੇ ਗਿਰੋਹ ਦੇ ਸਰਗਨਾ ਜਾਪਦੇ ਸਨ। ਉਨ੍ਹਾਂ ਨੇ ਇੱਕ ਵਾਰ ਆਪਣੇ ਸਾਬਕਾ ਵਕੀਲ ਮਾਈਕਲ ਕੋਹੇਨ ਨੂੰ ਕਿਸੇ ਪ੍ਰਸੰਗ ਵਿੱਚ ’ਇੱਕ ਚੂਹਾ’ ਤੱਕ ਕਹਿ ਦਿੱਤਾ ਸੀ। ਫਿਰ ਉਹ ਆਲੋਚਕ ਵੀ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਚੋਣ ਨਤੀਜਿਆਂ ਨੂੰ ਸਵੀਕਾਰ ਨਾ ਕਰਨ ਕਰ ਕੇ ਤਾਨਾਸ਼ਾਹ ਵੀ ਕਿਹਾ। ਇਨ੍ਹਾਂ ਚੋਣਾਂ ਦੌਰਾਨ ਮੇਰੇ ਲਈ ਇੱਕ ਅਹਿਮ ਪਲ ਪਿਟਸਬਰਗ ਵਿੱਚ ਆਇਆ ਜਦੋਂ ਮੈਂ ਚੱਕ ਹਾਓਨਸਟਾਈਨ ਨਾਲ ਉਨ੍ਹਾਂ ਦੇ ਘਰ ਵਿੱਚ ਗੱਲਬਾਤ ਕੀਤੀ।

ਸਾਲ 2016 ਵਿੱਚ ਉਹ ਟਰੰਪ ਦੇ ਹਮਾਇਤੀ ਸਨ ਪਰ ਇਸ ਵਾਰ ਉਨ੍ਹਾਂ ਨੇ ਜੋ ਬਾਇਡਨ ਨੂੰ ਵੋਟ ਦਿੱਤੀ। ਉਨ੍ਹਾਂ ਨੇ ਮੈਨੂੰ ਕਿਹਾ, ’ਲੋਕ ਥੱਕ ਗਏ ਹਨ। ਉਹ ਇਸ ਦੇਸ਼ ਵਿੱਚ ਆਮ ਸਥਿਤੀ ਦੀ ਬਹਾਲੀ ਦੇਖਣਾ ਚਾਹੁੰਦੇ ਹਨ। ਉਹ ਸ਼ਾਲੀਨਤਾ ਦੇਖਣਾ ਚਾਹੁੰਦੇ ਹਨ। ਉਹ ਇਸ ਨਫ਼ਰਤ ਨੂੰ ਰੋਕਣਾ ਚਾਹੁੰਦੇ ਹਨ। ਉਹ ਇਸ ਦੇਸ਼ ਵਿੱਚ ਏਕਤਾ ਨੂੰ ਵੇਖਣਾ ਚਾਹੁੰਦੇ ਹਨ। ਅਤੇ ਇਹ ਸਭ ਮਿਲ ਕੇ ਜੋਅ ਬਾਇਡਨ ਨੂੰ ਰਾਸ਼ਟਰਪਤੀ ਬਣਾਉਣਗੇ।’’ ਟਰੰਪ ਲਈ ਇੱਕ ਸਿਆਸੀ ਸਮੱਸਿਆ ਇਹ ਰਹੀ ਕਿ ਉਹ ਆਪਣਾ ਅਧਾਰ, ਆਪਣੇ ਕੱਟੜ ਹਮਾਇਤੀਆਂ ਤੋਂ ਬਾਹਰ ਨਹੀਂ ਵਧਾ ਸਕੇ। ਨਾ ਹੀ ਉਨ੍ਹਾਂ ਨੇ ਅਜਿਹਾ ਕਰਨ ਦੀ ਕੋਈ ਕੋਸ਼ਿਸ਼ ਹੀ ਕੀਤੀ। 2016 ਵਿੱਚ ਉਨ੍ਹਾਂ ਨੇ 30 ਸੂਬਿਆਂ ਵਿੱਚ ਜਿੱਤ ਹਾਸਲ ਕੀਤੀ ਅਤੇ ਉਨ੍ਹਾਂ ਨੇ ਕਈ ਵਾਰ ਅਜਿਹਾ ਪ੍ਰਭਾਵ ਦਿੱਤਾ ਜਿਵੇਂ ਉਹ ਸਿਰਫ਼ ਕੰਜ਼ਰਵੇਟਿਵਾਂ ਅਤੇ ਲਾਲ ਅਮਰੀਕਾ (ਕੰਜ਼ਰਵੇਟਿਵ ਸੂਬੇ) ਦੇ ਹੀ ਰਾਸ਼ਟਰਪਤੀ ਹੋਣ। ਪਿਛਲੇ 100 ਸਾਲਾਂ ਦੇ ਅਮਰੀਕੀ ਇਤਿਹਾਸ ਵਿੱਚ ਉਹ ਸਭ ਤੋਂ ਵਧੇਰੇ ਗਿਣੇ-ਮਿੱਥੇ ਢੰਗ ਨਾਲ ਫੁੱਟ ਪਾਉਣ ਵਾਲੇ ਰਾਸ਼ਟਰਪਤੀ ਸਨ। ਜਿਨ੍ਹਾਂ ਨੇ ਬਲੂ ਅਮਰੀਕਾ (ਜਿੱਥੇ ਡੈਮੋਕ੍ਰੇਟਸ) ਨੂੰ ਆਪਣੇ ਵੱਲ ਖਿੱਚਣ ਦੀ ਬਹੁਤ ਘੱਟ ਕੋਸ਼ਿਸ਼ ਕੀਤੀ। ਥਕਾ ਦੇਣ ਵਾਲੇ ਚਾਰ ਸਾਲਾਂ ਬਾਅਦ ਬਹੁਤ ਸਾਰੇ ਵੋਟਰ ਚਾਹੁੰਦੇ ਸਨ ਕਿ ਉਨ੍ਹਾਂ ਦਾ ਅਗਲਾ ਰਾਸ਼ਟਰਪਤੀ ਅਜਿਹਾ ਹੋਵੇ ਜੋ ਵਧੇਰੇ ਰਵਾਇਤੀ ਢੰਗ ਨਾਲ ਵਿਵਹਾਰ ਕਰੇਗਾ। ਉਹ ਬੇਹੂਦਾ ਭਾਸ਼ਾ ਅਤੇ ਨਿਰੰਤਰ ਟਕਰਾਅ ਤੋਂ ਅੱਕ ਚੁੱਕੇ ਸਨ।

2020 ਦੀਆਂ ਚੋਣਾਂ ਵਿੱਚ ਸਥਿਤੀ 2016 ਵਾਲੀ ਨਹੀਂ ਸੀ, ਇਸ ਵਾਰ ਉਹ ਮੌਜੂਦਾ ਰਾਸ਼ਟਰਪਤੀ ਸਨ ਨਾ ਕਿ ਵਿਰੋਧੀ ਧਿਰ। ਉਨ੍ਹਾਂ ਨੇ ਆਪਣੇ ਕਾਰਜਕਾਲ ਦਾ ਬਚਾਅ ਕਰਨਾ ਸੀ ਜਿਸ ਵਿੱਚ ਕੋਰੋਨਾਵਾਇਰਸ ਨਾਲ ਨਜਿੱਠਣ ਦਾ ਗਲਤ ਤਰੀਕਾ ਵੀ ਸ਼ਾਮਲ ਸੀ ਜਿਸ ਨੇ ਚੋਣਾਂ ਦੇ ਦਿਨ ਤੱਕ 230,000 ਤੋਂ ਜ਼ਿਆਦਾ ਅਮਰੀਕਨਾਂ ਦੀ ਜਾਨ ਲੈ ਲਈ ਸੀ। ਅੱਜ ਜਦੋਂ ਜ਼ਿਆਦਾਤਰ ਸਿਆਸਤ ਵਿਰੋਧੀਆਂ ਨੂੰ ਨੀਵਾਂ ਦਿਖਾ ਕੇ ਖੇਡੀ ਜਾਂਦੀ ਹੈ ਜੋ ਟਰੰਪ ਲਈ ਬਾਇਡਨ ਲਈ ਅਜਿਹਾ ਕਰਨਾ ਸੌਖਾ ਨਹੀਂ ਸੀ।

ਜੋਅ ਬਾਇਡਨ ਦੀ ਨਿੰਦਾ ਕਰਨੀ ਮੁਸ਼ਕਿਲ ਸੀ, ਇਸ ਕਾਰਨ ਹੀ ਕਿਸੇ ਹੱਦ ਤੱਕ ਡੈਮੋਕਰੇਟਿਕ ਉਨ੍ਹਾਂ ਨੂੰ ਰਾਸ਼ਟਰਪਤੀ ਪਦ ਦੇ ਉਮੀਦਵਾਰ ਬਣਾਉਣ ਲਈ ਉਤਸੁਕ ਸਨ। ਇਸ 77 ਸਾਲਾ ਸਿਆਸਤਦਾਨ ਨੇ ਉਹ ਕੰਮ ਕਰ ਦਿੱਤਾ ਜੋ ਉਨ੍ਹਾਂ ਦੇ ਜ਼ਿੰਮੇ ਲਾਇਆ ਗਿਆ ਸੀ। ਟਰੰਪ ਨੇ ਰਾਸ਼ਟਰਪਤੀ ਪਦ ਕਿਉਂ ਗਵਾਇਆ? ਇਸ ਤੋਂ ਵੀ ਦਿਲਚਸਪ ਅਤੇ ਸਵਾਲ ਹੈ-ਉਨ੍ਹਾਂ ਨੇ ਰਾਸ਼ਟਰਪਤੀ ਪਦ ਕਦੋਂ ਖੋ ਦਿੱਤਾ?

ਕੀ ਇਹ ਉਨ੍ਹਾਂ ਦੀ 2016 ਵਿੱਚ ਜਿੱਤ ਤੋਂ ਤੁਰੰਤ ਬਾਅਦ ਸੀ, ਜਦੋਂ ਉਹ ਲੋਕ ਜਿਨ੍ਹਾਂ ਨੇ ਟਰੰਪ ਤਤਕਾਲੀ ਸੱਤਾ ਵਿਰੋਧੀ ਭਾਵਨਾ ਨਾਲ ਵੋਟ ਪਾਈ ਸੀ, ਉਨ੍ਹਾਂ ਨੂੰ ਸ਼ੱਕ ਹੋਇਆ ਸੀ? ਆਖਿਰਕਾਰ ਉਨ੍ਹਾਂ ਵਿੱਚੋਂ ਬਹੁਤ ਸਾਰੇ ਵੋਟਰਾਂ ਨੇ ਕਦੇ ਵੀ ਟਰੰਪ ਦੀ ਜਿੱਤ ਦੀ ਉਮੀਦ ਨਹੀਂ ਕੀਤੀ ਸੀ। ਕੀ ਇਹ ਉਨ੍ਹਾਂ ਦੇ ਰਾਸ਼ਟਰਪਤੀ ਅਹੁਦੇ ਉੱਪਰ ਆਉਣ ਦੇ ਪਹਿਲੇ 24 ਘੰਟਿਆਂ ਵਿੱਚ ਸੀ, ਜਦੋਂ ਉਨ੍ਹਾਂ ਨੇ ਆਪਣਾ ’ਅਮੈਰਿਕਨ ਕਾਰਨੇਜ’ ਦਾ ਉਦਘਾਟਨੀ ਭਾਸ਼ਣ ਦਿੱਤਾ ਸੀ- ਜਿਸ ਵਿੱਚ ਉਨ੍ਹਾਂ ਨੇ ਅਮਰੀਕਾ ਨੂੰ ਨੂੰ ਬੰਦ ਫੈਕਟਰੀਆਂ, ਪਿੱਛੇ ਰਹਿ ਗਏ ਮਜ਼ਦੂਰਾਂ ਅਤੇ ਮੱਧ ਵਰਗੀਆਂ ਤੋਂ ਖੋਹੇ ਪੈਸੇ ਵਾਲੇ ਦੇਸ਼ ਵਜੋਂ ਪੇਸ਼ ਕੀਤਾ। ਉਨ੍ਹਾਂ ਦੇ ਆਪਣੇ ਰਾਸ਼ਟਰਪਤੀ ਪਦ ਦੇ ਪਹਿਲੇ ਪੂਰੇ ਦਿਨ ਦੇ ਕੰਮਕਾਜ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਡੋਨਲਡ ਟਰੰਪ ਰਾਸ਼ਟਰਪਤੀ ਵਜੋਂ ਖੁਦ ਨੂੰ ਬਦਲਣ ਦੀ ਬਜਾਏ ਰਾਸ਼ਟਰਪਤੀ ਪਦ ਨੂੰ ਜ਼ਿਆਦਾ ਬਦਲਣਾ ਚਾਹੁਣਗੇ। ਕੀ ਇਹ ਬਹੁਤ ਸਾਰੇ ਘੁਟਾਲਿਆਂ ਦਾ ਪ੍ਰਭਾਵ, ਬਹੁਤ ਬਦਨਾਮੀ ਵਰਗੀਆਂ ਗੱਲਾਂ ਕਾਰਨ ਸੀ ਉਨ੍ਹਾਂ ਦੇ ਰਾਸ਼ਟਰਪਤੀ ਪਦ ਨਾਲ ਜੁੜਿਆ ਹੋਇਆ ਸੀ?

ਜਾਂ ਇਹ ਕੋਰੋਨਾਵਾਇਰਸ ਦੇ ਨਤੀਜੇ ਵਜੋਂ ਸੀ, ਸਭ ਤੋਂ ਵੱਡਾ ਸੰਕਟ ਜੋ ਇੱਥੇ ਵਾਇਰਸ ਆਉਣ ਤੋਂ ਪਹਿਲਾਂ ਟਰੰਪ ਦਾ ਰਾਜਨੀਤਕ ਪੱਧਰ ਮਜ਼ਬੂਤ ਸੀ। ਉਹ ਆਪਣੇ ਮਹਾਂਦੋਸ਼ ਟਰਾਇਲ ਤੋਂ ਬਚ ਗਏ ਸਨ। ਉਨ੍ਹਾਂ ਦੀ ਪ੍ਰਵਾਨਗੀ ਰੇਟਿੰਗ ਉੱਚ ਪੱਧਰੀ - 49 ਫੀਸਦੀ ਸੀ। ਉਹ ਮਜ਼ਬੂਤ ਅਰਥਵਿਵਸਥਾ ਅਤੇ ਉਨ੍ਹਾਂ ਤੋਂ ਪਿਛਲੀ ਸਰਕਾਰ ਖ਼ਿਲਾਫ਼ ਸੱਤਾ ਵਿਰੋਧੀ ਭਾਵਾਨਾ ਦਾ ਫਾਇਦਾ ਉਠਾ ਸਕਦੇ ਸਨ। ਅਮਰੀਕੀ ਰਾਸ਼ਟਰਪਤੀ ਦੇਸ਼ ਦੀਆਂ ਅੰਦਰੂਨੀ ਉਥਲ-ਪੁਥਲ ਤੋਂ ਬਾਅਦ ਮਜ਼ਬੂਤ ਹੋ ਕੇ ਉਭਰਦੇ ਹਨ। ਰੂਜ਼ਵੈਲਟ ਨਾਲ ਵੀ ਅਜਿਹਾ ਹੀ ਹੋਇਆ ਸੀ ਜਦੋਂ ਉਨ੍ਹਾਂ ਨੇ ਅਮਰੀਕਾ ਨੂੰ ਮਹਾਂ-ਮੰਦੀ ਤੋਂ ਬਚਾਇਆ ਤਾਂ ਉਹ ਸਿਆਸੀ ਤੌਰ ਤੇ ਵਿਰੋਧੀਆਂ ਦੀ ਪਹੁੰਚ ਤੋਂ ਬਾਹਰ ਹੋ ਗਏ। 11 ਸਤੰਬਰ ਦੇ ਹਮਲੇ ਪ੍ਰਤੀ ਜਾਰਜ ਬੁਸ਼ ਦੀ ਸ਼ੁਰੂਆਤੀ ਪ੍ਰਤੀਕਿਰਿਆ ਨੇ ਵੀ ਉਨ੍ਹਾਂ ਦੀ ਹਰਮਨਪਿਆਰਤਾ ਨੂੰ ਵਧਾਇਆ ਅਤੇ ਉਨ੍ਹਾਂ ਨੂੰ ਦੂਜਾ ਕਾਰਜਕਾਲ ਜਿੱਤਣ ਵਿੱਚ ਮਦਦ ਕੀਤੀ। ਫਿਰ ਵੀ ਇਹ ਯਾਦ ਰੱਖਣ ਯੋਗ ਹੈ ਕਿ ਡੋਨਲਡ ਟਰੰਪ ਅੰਤ ਤੱਕ ਰਾਜਨੀਤਕ ਰੂਪ ਨਾਲ ਵਿਵਹਾਰਕ ਰਹੇ। ਭਾਵੇਂ ਕਿ ਦੇਸ਼ 100 ਸਾਲਾਂ ਤੋਂ ਵੀ ਵੱਧ ਸਮੇਂ ਵਿੱਚ ਸਭ ਤੋਂ ਖ਼ਰਾਬ ਜਨਤਕ ਸਿਹਤ ਸੰਕਟ ਦਾ ਸਾਹਮਣਾ ਕਰ ਰਿਹਾ ਹੈ, 1930ਵਿਆਂ ਦੇ ਦਹਾਕੇ ਤੋਂ ਬਾਅਦ ਇਸ ਦਾ ਸਭ ਤੋਂ ਵੱਡਾ ਵਿੱਤੀ ਸੰਕਟ ਅਤੇ 1960 ਦੇ ਅੰਤ ਵਿੱਚ ਫੈਲੀ ਸਭ ਤੋਂ ਵੱਧ ਨਸਲੀ ਅਸ਼ਾਂਤੀ।

ਉਹ ਬਹੁਤ ਸਾਰੇ ਰੈੱਡ ਅਮੈਰੀਕਾ ਅਤੇ ਇੱਕ ਰੂੜੀਵਾਦੀ ਲਹਿਰ ’ਤੇ ਹਾਵੀ ਹੋ ਗਏ ਸਨ। ਜੋ ਉਨ੍ਹਾਂ ਦੀ ਵਾਪਸੀ ਲਈ ਤਰਸਦੀ ਰਹਿਣਗੇ। ਉਹ ਆਉਣ ਵਾਲੇ ਸਾਲਾਂ ਲਈ ਰੂੜੀਵਾਦੀ ਲਹਿਰ ਵਿੱਚ ਪ੍ਰਮੁੱਖ ਵਿਅਕਤੀ ਬਣੇ ਰਹਿਣਗੇ। ਟਰੰਪਵਾਦ ਅਮਰੀਕੀ ਰੂੜੀਵਾਦ ’ਤੇ ਉਹੀ ਪਰਿਵਰਤਨਕਾਰੀ ਪ੍ਰਭਾਵ ਪਾ ਸਕਦਾ ਹੈ ਜਿੰਨਾ ਰੀਗਨਵਾਦ ਦਾ।

ਅਹੁਦੇ ਤੋਂ ਜਾਣ ਵਾਲੇ ਰਾਸ਼ਟਰਪਤੀ ਇੱਕ ਡੂੰਘਾ ਧਰੁਵੀਕਰਨ ਕਰਨ ਵਾਲੀ ਸ਼ਖ਼ਸੀਅਤ ਰਹਿਣਗੇ ਅਤੇ 2024 ਵਿੱਚ ਮੁੜ ਤੋਂ ਚੋਣ ਲੜ ਸਕਦੇ ਹਨ।

ਇਹ ਅਸੰਤੁਸ਼ਟ ਸੂਬੇ ਅਚਾਨਕ ਫਿਰ ਤੋਂ ਇਕਜੁੱਟ ਨਹੀਂ ਹੋਏ ਹਨ, ਕਿਉਂਕਿ ਸਾਰੇ ਅਮਰੀਕਨ ਸ਼ਰਧਾ ਤੋਂ ਲੈ ਕੇ ਨਫ਼ਰਤ ਤੱਕ ਟਰੰਪ ਬਾਰੇ ਅਜਿਹੀਆਂ ਵੱਖਰੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰਨਗੇ। ਦੇਸ਼ ਨੇ ਨਿਸ਼ਚਤ ਰੂਪ ਨਾਲ ਆਪਣੇ ਇਤਿਹਾਸ ਵਿੱਚ ਇਸ ਤੋਂ ਵੱਧ ਰੂੜੀਵਾਦੀ ਰਾਸ਼ਟਰਪਤੀ ਬਾਰੇ ਨਾ ਸੁਣਿਆ ਹੈ ਅਤੇ ਨਾ ਦੇਖਿਆ ਹੈ।

# ਸੋਸ਼ਲ ਮੀਡੀਆ ਉਨ੍ਹਾਂ ਕੁ ਹੀ ਲੋਕਾਂ ਦਾ ਹੈ, ਜਿੰਨਾ ਕਿ ਲੋਕਤੰਤਰ ਲੋਕਾਂ ਦਾ ਹੈ- ਰਾਜਪਾਲ ਸਿੰਘ

**ਸੋਸ਼ਲ ਮੀਡੀਆ ਵੱਡਾ ਹਥਿਆਰ ਹੈ। ਇਸਦੇ ਪ੍ਰਤੀ ਲੋਕਾਂ ਦੀ ਸੰਤੁਲਤ ਸੋਚ ਬਣਨੀ ਚਾਹੀਦੀ ਹੈ- ਮੰਚ**

**ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਵਲੋਂ ਸੋਸ਼ਲ ਮੀਡੀਆ- ਕਿੰਨਾ ਕੁ ਲੋਕਾਂ ਦਾ? ਕਰਵਾਈ ਵਿਚਾਰ-ਚਰਚਾ**

**ਫਗਵਾੜਾ (ਬੀ ਕੇ ਰੱਤੂ)-** ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਨੇ ਭੱਖਦੇ ਅਤੇ ਲੋਕ ਹਿਤੈਸ਼ੀ ਵਿਸ਼ਿਆਂ ਤੇ ਵਿਚਾਰ ਚਰਚਾ ਦੀ ਲੜੀ ਤਹਿਤ ਸੋਸ਼ਲ ਮੀਡੀਆ- ਕਿੰਨਾ ਕੁ ਲੋਕਾਂ ਦਾ? ਵਿਸ਼ੇ 'ਤੇ ਵੈਬੀਨਾਰ ਕਰਵਾਇਆ । ਇਸ ਵਿੱਚ ਮੁੱਖ ਬੁਲਾਰੇ ਸਮਾਜੀ ਕਾਰਕੁੰਨ ਤੇ ਚਿੰਤਕ ਰਾਜਪਾਲ ਸਿੰਘ ਨੇ ਦੱਸਿਆ ਕਿ ਮੀਡੀਆ ਬਹੁਤ ਥੋੜੇ ਸਮੇਂ ਵਿੱਚ ਛਾ ਗਿਆ ਹੈ। ਇਹ ਜਾਣਕਾਰੀ ਪ੍ਰਾਪਤ ਕਰਨ ਅਤੇ ਇੱਕ ਦੂਸਰੇ ਨਾਲ ਸੰਸਾਰ ਪੱਧਰ 'ਤੇ ਜੋੜਨ ਦਾ ਮੁੱਖ ਸਾਧਨ ਬਣ ਗਿਆ ਹੈ। ਸੰਚਾਰ ਦੇ ਹੋਰ ਸਾਧਨਾਂ ਤੇ ਸਰਕਾਰ ਬੜੀ ਅਸਾਨੀ ਨਾਲ ਕੰਟਰੋਲ ਕਰ ਸਕਦੀ ਹੈ। ਪਰ ਸੋਸ਼ਲ ਮੀਡੀਆ ਤੇ ਕੰਟਰੋਲ ਕਰਨਾ ਇੰਨਾ ਸੌਖਾ ਨਹੀਂ ਹੈ। ਇਸ ਲਈ ਇਸ ਤੇ ਹਰ ਤਰ੍ਹਾਂ ਦੇ ਵਿਚਾਰ ਵਿਅਕਤ ਹੋ ਰਹੇ ਹਨ। ਉਹਨਾ ਇਹ ਤੱਥ ਨੂੰ ਉਘਾੜਿਆ ਕਿ ਸੋਸ਼ਲ ਮੀਡੀਆ ਉਨ੍ਹਾਂ ਕੁ ਹੀ ਲੋਕਾਂ ਦਾ ਹੈ ਜਿੰਨਾ ਕਿ ਲੋਕਤੰਤਰ ਲੋਕਾਂ ਦਾ ਹੈ। ਸੋਸ਼ਲ ਮੀਡੀਆ ਨੂੰ ਰਾਜਨੀਤਿਕ ਜਾਂ ਭਾਰੂ ਧਿਰਾਂ ਆਪਣੇ ਹੱਕ ਵਿੱਚ ਅਗਵਾ ਕਰਕੇ ਭੁਗਤਾ ਰਹੀਆਂ ਹਨ। ਇਸ ਵਿੱਚ ਕੀ ਵਿਚਾਰ ਭਰਨੇ ਹਨ, ਉਹ ਇਸਨੂੰ ਕਿਵੇਂ ਆਪਣੇ ਹੱਕ ਵਿੱਚ ਵਰਤ ਸਕਦੇ ਹਨ, ਇਸਤੇ ਉਹ ਕੰਟਰੋਲ ਰੱਖਦੇ ਹਨ। ਭਾਵੇਂ ਇਹ ਜਾਣਕਾਰੀ ਲਈ ਸਹੀ ਸਾਧਨ ਹੈ ਪਰ ਇਸ ਤੇ ਗਲਤ ਜਾਣਕਾਰੀ ਤੇ ਗੁੰਮਰਾਹਕੁੰਨ ਹੀ ਭਰੀ ਜਾਂਦੀ ਹੀ ਇਸਨੂੰ ਕੰਟਰੋਲ ਕਰਨ ਲਈ ਇਸਦੇ ਮੁਕਬਾਲੇ ਦੇ ਸਾਧਨ ਲਭਣੇ ਪੈਣਗੇ। ਮੀਡੀਆ ਤੇ ਸੰਤੁਲਨ ਗੱਲ ਕਰਨ ਵਾਲੇ ਨੂੰ ਦਬਾਇਆ ਜਾਂਦਾ ਹੈ ਅਤੇ ਕੇਸ ਰਜਿਸਟਰ ਕੀਤੇ ਜਾਂਦੇ ਹਨ। ਉਹਨਾ ਨੇ ਬਹੁਤ ਸਾਰੀਆਂ ਉਦਾਹਰਨਾਂ ਦੇ ਕੇ ਆਪਣੇ ਵਿਚਾਰਾਂ ਨੂੰ ਸਿੱਧ ਕੀਤਾ । ਉਹਨਾ ਬਲਦੇਵ ਸਿੰਘ ਸੜਕਨਾਮਾ ਦੇ ਨਾਵਲ ਬਾਰੇ ਹੋਈ ਚਰਚਾ ਬਾਰੇ ਵੀ ਗੱਲ ਕੀਤੀ ਕਿ ਉਸ ਦੇ ਤੱਥਾਂ ਨੂੰ ਮੀਡੀਆ ਵਿੱਚ ਗਲਤ ਤਰੀਕੇ ਨਾਲ ਉਭਾਰਿਆ ਗਿਆ। ਇਹ ਸਭ ਕੁਝ ਜਾਣਬੁੱਝ ਕੇ ਕੀਤਾ ਜਾਂਦਾ ਹੈ। ਉਹਨਾ ਇਹ ਵੀ ਦਸਿਆ ਕਿ ਫੇਸ ਬੁੱਕ ਦਾ ਹੈਡ ਅਣਖੀਦਾਸ ਵੀ ਇੱਕ ਖ਼ਾਸ ਪਾਰਟੀ ਦਾ ਪੱਖ ਪੂਰਦਾ ਸੀ।



ਵੈਬੀਨਾਰ ਵਿੱਚ ਸ਼ਾਮਲ ਰਾਜਪਾਲ ਸਿੰਘ, ਕੰਵਲਜੀਤ, ਡਾ: ਆਸਾ ਸਿੰਘ ਘੁੰਮਣ, ਡਾ: ਹਰਜਿੰਦਰ ਵਾਲੀਆ, ਗੁਰਚਰਨ ਨੂਰਪੁਰ, ਮਲਵਿੰਦਰ ਸਿੰਘ ਮਾਲੀ, ਜੀ.ਐਸ. ਗੁਰਦਿੱਤ, ਰਵਿੰਦਰ ਸਹਿਰਾਅ, ਗੁਰਮੀਤ ਸਿੰਘ ਪਲਾਹੀ ਅਤੇ ਪਰਵਿੰਦਰਜੀਤ ਸਿੰਘ।

ਪ੍ਰਧਾਨ ਗੁਰਮੀਤ ਸਿੰਘ ਪਲਾਹੀ ਦੀ ਅਗਵਾਈ ਵਿੱਚ ਕਰਵਾਏ ਗਏ ਵੈਬੀਨਾਰ 'ਚ ਇਸੇ ਵਿਚਾਰ ਚਰਚਾ ਨੂੰ ਅੱਗੇ ਤੋਰਦਿਆਂ ਸਿਆਸੀ ਕਾਰਕੁੰਨ ਕੰਵਲਜੀਤ ਦਸਿਆ ਕਿ ਸੋਸ਼ਲ ਮੀਡੀਆ ਸਮਾਜ ਵਿੱਚ ਹੋ ਰਹੀਆਂ ਬਦਲਾਵਾਂ ਨੂੰ ਵਿਅਕਤ ਕਰਦਾ ਹੈ। ਇਸ ਮੀਡੀਆ ਤੇ ਲੋਕ ਇੱਕ ਤਰ੍ਹਾਂ ਨਾਲ ਇੱਕ ਦੂਸਰੇ ਦੀਆਂ ਚੁਗਲੀਆਂ ਕਰਦੇ ਹਨ। ਇਸਦਾ ਇਸਤੇਮਾਲ ਠੀਕ ਤਰੀਕੇ ਨਾਲ ਹੋਣਾ ਚਾਹੀਦਾ ਹੈ ਤਾਂ ਹੀ ਇਹ ਲੋਕ-ਹਿਤੈਸ਼ੀ ਹੋ ਸਕਦਾ ਹੈ। ਜੀ.ਐਸ. ਗੁਰਦਿੱਤ ਨੇ ਕਿਹਾ ਕਿ ਸੋਸ਼ਲ ਮੀਡੀਆ ਤੇ ਚੰਗੇ ਪੜ੍ਹੇ -ਲਿਖੇ ਲੋਕ ਵੀ ਅਨਪੜ੍ਹਾਂ ਵਾਲਾ ਵਰਤਾ ਕਰਦੇ ਦੇਖੇ ਗਏ ਹਨ।

ਜਾਣਕਾਰੀ ਘੱਟ ਹੋਣ ਕਰਕੇ ਜਾਂ ਜਾਣਬੁੱਝ ਕੇ ਉਹ ਇਸ ਦਾ ਗਲਤ ਇਸਤੇਮਾਲ ਕਰਦੇ ਹਨ। ਡਾ: ਹਰਜਿੰਦਰ ਵਾਲੀਆ ਨੇ ਕਿਹਾ ਕਿ ਸਾਰੀ ਤਰ੍ਹਾਂ ਦਾ ਮੀਡੀਆ ਹੁਣ ਇਕੱਠਾ ਹੋ ਗਿਆ ਹੈ। ਇਸ ਉਤੇ ਪੇਡ-ਜਰਨਲਿਜ਼ਮ ਵੀ ਹੁੰਦਾ ਹੈ। ਉਹ ਲੋਕ ਆਪਣੀ ਜਾਂ ਆਪਣੇ ਮਾਲਕ ਦੀ ਗੱਲ ਹੀ ਲੋਕਾਂ ਤੇ ਥੋਪਣਾ ਚਾਹੁੰਦੇ ਹਨ। ਉਹਨਾ ਨੇ ਮੀਡੀਆ ਨੂੰ ਪਿੰਡਾਂ ਦੀ ਸੱਥ ਨਾਲ ਤੁਲਨਾ ਕੀਤੀ। ਇਹ ਕਿਸੇ ਦੇ ਹੱਕ ਵਿੱਚ ਜਾਂ ਵਿਰੋਧ ਵਿੱਚ ਹਵਾ ਬੁਝਾਉਣ ਵਿੱਚ ਵੱਡਾ ਰੋਲ ਅਦਾ ਕਰਦਾ ਹੈ। ਡਾ: ਆਸਾ ਸਿੰਘ ਘੁੰਮਣ ਨੇ ਕਿਹਾ ਕਿ ਸਾਡੇ ਸਮਾਜ ਵਿੱਚ ਸੋਸ਼ਲ ਕੰਟਰੋਲ ਲਾਪਤਾ ਹੋ ਗਿਆ ਹੈ। ਮਾੜੇ ਸ਼ਬਦ ਵਰਤਣ ਵੇਲੇ ਕੋਈ ਸ਼ਰਮ ਮਹਿਸੂਸ ਨਹੀਂ ਕਰਦਾ। ਗੈਰ-ਜ਼ਿੰਮੇਵਾਰ ਤਰੀਕੇ ਨਾਲ ਗਾਲਾਂ ਵੀ ਕੱਢੀਆਂ ਜਾਂਦੀਆਂ ਹਨ। ਮਲਵਿੰਦਰ ਸਿੰਘ ਮਾਲੀ ਨੇ ਕਿਹਾ ਕਿ ਸੋਸ਼ਲ ਮੀਡੀਆ ਵੱਡਾ ਹਥਿਆਰ ਹੈ। ਇਸਦੇ ਪ੍ਰਤੀ ਲੋਕਾਂ ਦੀ ਸੰਤੁਲਤ ਸੋਚ ਬਣਨੀ ਚਾਹੀਦੀ ਹੈ। ਇਸੇ ਤਰ੍ਹਾਂ ਕੇਹਰ ਸ਼ਰੀਫ਼ ਨੇ ਕਿਹਾ ਕਿ ਸਾਨੂੰ ਆਪਣੀ ਭਾਸ਼ਾ ਦੀ ਇਜ਼ਤ ਕਰਨੀ ਚਾਹੀਦੀ ਹੈ ਤੇ ਇਸਦੀ ਸੋਸ਼ਲ ਮੀਡੀਆ ਤੇ ਮਾੜੀ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ। ਪਰਵਿੰਦਰਜੀਤ ਸਿੰਘ ਨੇ ਸਾਈਵਰ ਕਰਾਈਮ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਬਾਰੇ ਕੋਈ ਸਖ਼ਤ ਕਾਨੂੰਨ ਨਹੀਂ ਹਨ। ਸਖ਼ਤ ਕਾਨੂੰਨ ਬਣਨੇ ਚਾਹੀਦੇ ਹਨ। ਰਵਿੰਦਰ ਸਹਿਰਾਅ ਨੇ ਕਿਹਾ ਕਿ ਸੋਸ਼ਲ ਮੀਡੀਆ ਦੀ ਵਪਾਰੀ ਵਰਗ ਜਿਆਦਾ ਵਰਤੋਂ ਕਰਦੇ ਹਨ। ਇਸਤੇ ਜ਼ਾਹਲਸਾਜੀ ਬਹੁਤ ਹੋ ਰਹੀ ਹੈ। ਲੋਕਾਂ ਦੇ ਅਕਾਊਂਟ ਹੈਕ ਕਰਕੇ ਲੋਕ ਆਰਥਿਕ ਨੁਕਸਾਨ ਪਹੁੰਚਾ ਰਹੇ ਹਨ।

ਇਸਨੂੰ ਸਹੀ ਤਰੀਕੇ ਨਾਲ ਹੀ ਵਰਤਣਾ ਚਾਹੀਦਾ ਹੈ। ਦਰਸ਼ਨ ਸਿੰਘ ਰਿਆੜ, ਰਵਿੰਦਰ ਚੋਟ ਅਤੇ ਵਰਿੰਦਰ ਸ਼ਰਮਾ ਨੇ ਕਿਹਾ ਕਿ ਇਸ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਅਤੇ ਇਹ ਸੌਖਾ ਤੇ ਸਸਤਾ ਸਾਧਨ ਹੈ। ਸ਼੍ਰੀ ਰਾਜਪਾਲ ਨੇ ਉਠਾਏ ਗਏ ਸਵਾਲਾਂ ਦੇ ਜਵਾਬ ਦਿੱਤੇ ਅਤੇ ਅੰਤ ਵਿੱਚ ਮੰਚ ਦੇ ਜਨਰਲ ਸਕੱਤਰ ਗੁਰਚਰਨ ਨੂਰਪੁਰ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਵੈਬੀਨਾਰ ਵਿੱਚ ਹੋਰਨਾਂ ਤੋਂ ਬਿਨ੍ਹਾਂ ਗਿਆਨ ਸਿੰਘ ਸਾਬਕਾ ਡੀ.ਪੀ.ਆਰ.ਓ., ਸੁਖਦੇਵ ਸਿੰਘ ਗੰਢਵਾਂ, ਮਨਦੀਪ ਸਿੰਘ, ਮਲਕੀਤ ਸਿੰਘ ਅੱਪਰਾ, ਬੇਅੰਤ ਕੌਰ ਗਿੱਲ, ਐਡਵੋਕੇਟ ਸੰਤੋਖ ਲਾਲ ਵਿਰਦੀ, ਕੇ.ਜਵੰਦਾ ਕੈਨੇਡਾ, ਸੀਤਲ ਰਾਮ ਬੰਗਾ, ਬੰਸੋ ਦੇਵੀ, ਸੰਤੋਸ਼ ਕੁਮਾਰੀ, ਡਾ: ਚਰਨਜੀਤ ਸਿੰਘ ਗੁਮਟਾਲਾ ਅਤੇ ਦੇਵਿੰਦਰਪੁਰੀ ਵੀ ਹਾਜ਼ਰ ਸਨ।

# ਵਿਗਿਆਨੀਆਂ ਨੂੰ ਮਨੁੱਖੀ ਸਰੀਰ 'ਚ ਮਿਲਿਆ ਨਵਾਂ ਅੰਗ

**ਨਵੀਂ ਦਿੱਲੀ –** ਵਿਗਿਆਨੀਆਂ ਨੇ ਮਨੁੱਖੀ ਸਰੀਰ 'ਚ ਗਲੇ ਦੇ ਉੱਪਰਲੇ ਹਿੱਸੇ 'ਚ ਲਾਰ ਗ੍ਰੰਥੀਆਂ ਦਾ ਇਕ ਸੈੱਟ ਖੋਜਿਆ ਹੈ। ਜਰਨਲ ਰੇਡੀਓਥ੍ਰੈਪੀ ਅਤੇ ਓਨਕੋਲੋਜੀ ਦੇ ਹਿਸਾਬ ਨਾਲ ਇਹ ਲਗਪਗ 1.5 ਇੰਚ ਦਾ ਹੈ। ਖੋਜਕਰਤਾਵਾਂ ਨੇ ਇਨ੍ਹਾਂ ਗਲੈਂਡਜ਼ ਦਾ ਨਾਮ 'ਟਯੂਬੇਰੀਅਲ ਗਲੈਂਡਜ਼' ਦੱਸਿਆ ਹੈ। ਇਸ ਦੇ ਬਾਰੇ 'ਚ ਹੁਣ ਤੱਕ ਕੋਈ ਜਾਣਕਾਰੀ ਨਹੀਂ ਸੀ। ਇਸ ਦਾ ਕਾਰਨ ਇਹ ਹੈ ਕਿ ਇਹ ਗਲੈਂਡਜ਼ ਟੋਰਸ ਟਯੂਬੇਰੀਅਸ ਨਾਮ ਦੇ ਕਾਟਿਲੇਜ ਦੇ ਇਕ ਹਿੱਸੇ 'ਤੇ ਸਥਿਤ ਹੈ। ਅਜੇ ਇਸ ਸਬੰਧੀ ਡੂੰਘੀ ਖੋਜ ਚੱਲ ਰਹੀ ਹੈ। ਖੋਜਕਰਤਾ ਵਾਸਤਵ ਪ੍ਰੋਸਟੇਟ ਕੈਂਸਰ ਨੂੰ ਲੈ ਕੇ ਅਧਿਐਨ ਕਰ ਰਹੇ ਸਨ ਅਤੇ ਇਸੇ ਦੌਰਾਨ ਹੀ ਉਨ੍ਹਾਂ ਨੂੰ ਇਨ੍ਹਾਂ ਗਲੈਂਡਜ਼ ਦੇ ਬਾਰੇ 'ਚ ਪਤਾ ਲੱਗਾ। ਸੰਕੇਤ ਮਿਲਣ 'ਤੇ ਇਸ ਦਿਸ਼ਾ 'ਚ ਹੋਰ ਖੋਜ ਕੀਤੀ ਗਈ।

ਖੋਜਕਰਤਾਵਾਂ ਨੇ ਕਿਹਾ ਕਿ ਮਨੁੱਖੀ ਸਰੀਰ 'ਚ ਸਲਾਇਵਰੀ ਗਲੈਂਡਜ਼ ਦੇ ਤਿੰਨ ਵੱਡੇ ਸੈੱਟ ਹਨ। ਖੋਜਕਰਤਾਵਾਂ ਨੇ ਖ਼ੁਦ ਮੰਨਿਆ ਕਿ ਇਨ੍ਹਾਂ ਗਲੈਂਡਜ਼ ਦੇ ਬਾਰੇ 'ਚ ਪਤਾ ਲੱਗਣਾ ਉਨ੍ਹਾਂ ਲਈ ਵੀ ਕਿਸੇ ਹੈਰਾਨੀ ਤੋਂ ਘੱਟ ਨਹੀਂ ਸੀ। ਮੰਨਿਆ ਜਾ ਰਿਹਾ ਹੈ ਕਿ ਪਿਛਲੀਆਂ ਤਿੰਨ ਸਰਦੀਆਂ 'ਚ ਮਨੁੱਖੀ ਸਰੀਰ ਦੀ ਬਣਤਰ ਨਾਲ ਜੁੜੀ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਖੋਜ ਹੈ। ਇਸ ਨਾਲ ਅੱਗੇ ਮੈਡੀਕਲ ਵਿਗਿਆਨ ਅਤੇ ਜੀਵਨ ਨੂੰ ਬਿਹਤਰ ਕਰਨ 'ਚ ਕਾਫ਼ੀ ਮਦਦ ਮਿਲੇਗੀ।



# ਲੱਸੀ

ਜੱਟਾਂ ਦਾ ਘਰ ਗਿਆ ਹੁਣ ਪੱਟਿਆ, ਚਾਹ ਵੇਚ ਕੇ ਤੂੰ ਕੀ ਖੱਟਿਆ
ਸਿਖਰਾਂ ਤੇ ਗੱਲ ਪਹੁੰਚ ਗਈ ਹੁਣ ਕਿਸੇ ਤੋਂ ਕੁਝ ਨਾ ਜਾਣਾ ਵੱਟਿਆ
ਦੁੱਧ ਤਾਂ ਵਿਕਦਾ ਕਿਲੋ ਚਾਲੀ ਤੇਰੀ ਲੱਸੀ ਵਿਕਦੀ ਅੱਸੀ ਵੇ
ਦੁੱਧ ਸਾਡੇ ਤੋਂ ਮਹਿੰਗੀ ਮੋਦੀ ਫਿਰੇ ਵੇਚਦਾ ਲੱਸੀ ਵੇ।

ਕਰੀਏ ਜਦੋਂ ਹਿਸਾਬ ਬਕਾਇਦਾ ਦੁੱਧ ਵੇਚਣ ਦਾ ਦੱਸ ਕੀ ਫਾਇਦਾ
ਪ੍ਰਾਈਵੇਟ ਕਰਨ ਮਨਮਰਜ਼ੀ ਸਰਕਾਰੀ ਕਰਦੇ ਕੰਮ ਅਲਾਇਦਾ
ਕਹਿਣ ਲਾਤੇ ਸਾਰੇ ਮੌਤ ਨੂੰ ਮਾਸੀ ਤਾਹੀਉਂ ਗੱਲ ਤਾਂ ਤੈਨੂੰ ਦੱਸੀ ਵੇ
ਦੁੱਧ ਸਾਡੇ ਤੋਂ ਮਹਿੰਗੀ ਮੋਦੀ ਫਿਰੇ ਵੇਚਦਾ .....

ਖੋਲ੍ਹ ਦਿੱਤੇ ਦਰਵਾਜ਼ੇ ਅੰਬਾਨੀ ਘੱਟ ਨਾ ਕਰਦੇ ਅਡਾਨੀ
ਆਪਣੇ ਘਰ ਅਸੀਂ ਚੰਗੇ ਸੀ ਪੰਜਾਬ ਦੀ ਵੱਧ ਗਈ ਹੋਰ ਪ੍ਰੇਸ਼ਾਨੀ
ਦੂਜੀ ਵਾਰ ਦੇ ਕੇ ਦੇਸ਼ ਦੀ ਚਾਬੀ ਤਾਂ ਹੀ ਨਿਕਲੇ ਸਾਡੀ ਤੂੰ ਕੱਸੀ ਵੇ
ਦੁੱਧ ਸਾਡੇ ਤੋਂ ਮਹਿੰਗੀ ਮੋਦੀ ਫਿਰੇ ਵੇਚਦਾ .....

ਸਿੱਖ ਰਾਜ ਤੇਰੀ ਅੱਖ 'ਚ ਰੜਕੇ ਤਾਹੀਉਂ ਤਾਂ ਜੱਟ ਸਾਰੇ ਭੜਕੇ
ਭੜਕਣ ਵੀ ਫਿਰ ਕਿਉਂ ਨਾ, ਨਾ ਗੱਲ ਸੁਣੇ ਤੂੰ ਕਦੇ ਤਾਂ ਖੜਕੇ
ਸਾਰੇ ਦੇਸ਼ ਅੰਦਾਜ਼ਾ ਲਾ ਲਿਆ ਹੁਣ ਤੂੰ ਫੜਦਾ ਮੂਤ 'ਚੋਂ ਮੱਛੀ ਵੇ
ਦੁੱਧ ਸਾਡੇ ਤੋਂ ਮਹਿੰਗੀ ਮੋਦੀ ਫਿਰੇ ਵੇਚਦਾ .....

ਧੇਲੇ ਦੇ ਹੁਣ ਜੱਟ ਨਾ ਰਹਿਣੇ ਲੈ ਕੇ ਬਹਿ ਗਿਆ ਪੰਜਾਬ ਤਾਂ ਗਹਿਣੇ
ਚੇਤੇ ਰੱਖੀਂ ਭੁੱਲ ਨਾ ਜਾਵੀ ਗਿਣ-ਗਿਣ ਬਦਲੇ ਸਭ ਨੇ ਲੈਣੇ
ਤਾਹੀਉਂ 'ਦੇਵ ਘੋਲੀਆ' ਦੇਵੇ ਦੁਹਾਈਆਂ ਸਾਡੀ ਜਾਨ ਕੁੜਿੱਕੀ ਵਿਚ ਫਸੀ ਵੇ
ਦੁੱਧ ਸਾਡੇ ਤੋਂ ਮਹਿੰਗੀ ਮੋਦੀ ਫਿਰੇ ਵੇਚਦਾ ਲੱਸੀ ਵੇ।



-ਦੇਵ ਘੋਲੀਆ ਖੁਰਦ
559-232-7764

# ਪੈਂਤੀ

ਉਮੀਦ , ਉਧਾਰ , ਉਪਾਧੀ , ਊਰਜਾ , ਲੋੜ ਮੁਤਾਬਿਕ ਚੰਗੇ ਨੇ ।
ਅਦਨ , ਅਖੀਰ , ਅੱਥਰੂ , ਅਰੀਲ , ਹਰਸਾਹ ਵਿੱਚ ਰੰਗੇ ਨੇ ।
ਏਕਤਾ , ਇੱਜਤ , ਇਰਾਦਾ , ਇੰਡੀਕਾ , ਵਿਕਸਿਤ ਕਰਦੇ ਬੰਦੇ ਨੂੰ ।
ਸਿੱਖਿਆ , ਸਮਥ , ਸਲਾਘਾ , ਸੁੱਧਤਾ , ਹੋਰ ਮਹਿਕਾਉਂਦੇ ਧੰਦੇ ਨੂੰ ।
ਹਉਮੈ , ਹੰਕਾਰ , ਹੰਗਾਮਾ , ਹਮਕ , ਨਾਜ਼ੁਕ ਕਰਦੇ ਮੋਹਿਕ ਤੰਦਾਂ ਨੂੰ ।
ਕੂਕਣਾ , ਕਤਲ , ਕੰਗਾਲੀ , ਕੀਰਨੇ , ਚਿੰਨ੍ਹ ਹਨ ਤਕਲੀਫ਼ੀ ਦੇ ।
ਖਰੂਦ , ਖੁਨਾਮੀ , ਖਿੰਝਣਾ , ਖਾਪਟ , ਚਿੰਨ੍ਹ ਨਹੀ ਸ਼ਰੀਫ਼ੀ ਦੇ ।
ਗਲਪ , ਗੁਆਂਢੀ , ਗਵਾਹ , ਗਲੇਡੂ , ਸੱਚੇ ਔਖੇ ਮਿਲਦੇ ਹਨ ।
ਘੜੂਕਾ , ਘੜੂਆ , ਘੋਟਣਾ , ਘੁਰਾੜੇ , ਪਿੰਡਾਂ ਵਿੱਚ ਖਿੜਦੇ ਹਨ ।
ਙਣਤਾ , ਙਿਣਤੀ , ਙਿਆਨ , ਙਿਆਤਾ, ਦਰਜ ਹਨ ਵਿੱਚ 'ਬਾਵਨ' ਦੇ ।
ਚਉਕਿ , ਚਉਕਾ , ਚਿਦਾਰ , ਚਸਿਆ , ਅਲੋਪ ਹਨ ਅਲੋਪ ਹਨ ।
ਛਉੜੀ , ਛਟਾਂਕ , ਛਗਲ , ਛਤਨਾ , ਤੇ ਵੀ ਹੋਏ ਕਰੋਪ ਹਨ ।
ਜਪੁਜੀ , ਜਜ਼ਬਾ , ਜ਼ੀਨਤ , ਜੁਝਾਰੂ , ਮਨੁੱਖਤਾ ਲਈ ਮਨੁੱਖਾਂ ਨੂੰ ।
ਝੂਝਨਾ , ਝੁਕਾਉ , ਝਿਜਕ , ਝਮਕ , ਸਵਾਰਨਾ ਨਿਸ਼ਚੇ ਕੁੱਖਾਂ ਨੂੰ ।
ਞਤਨ, ਞਾਨਹੁ, ਞਿਆਨ, ਞਾਣਤ, ਦਰਜ "ਬਾਵਨ" "ਓਅੰਕਾਰ" ਹਨ ।
ਟਣਾਣਾ , ਟਹਲ , ਟਾਹਲੀ , ਟੋਭੜਾ , ਪੰਆਬ ਦੀਆਂ ਮਿੱਠ ਯਾਦਾਂ ਸੀ ।
ਠੂੰਗਣਾ, ਠੂੰਸਣਾ, ਠੇਲਨਾ, ਠਾਹਣਾ, ਠੇਠ ਉਚਾਰਦੀਆਂ ਔਲਾਦਾਂ ਸੀ ।
ਡੰਗਰ, ਡੀਉਢੀ, ਡੋਲਨੀ, ਡੰਗੋਰੀ, ਘਰ - ਘਰ ਦਾ ਮਾਣ ਸਨ ।
ਢੋਲਕ, ਢੰਡੋਰੀ, ਢੰਡੋਰਾ, ਢੰਢਾਰ, ਸੰਚਾਰਕ ਸਾਧਨ ਵਿਗਿਆਨ ਸਨ ।
ਣਾਮ ਣਿਆਰਾ ਸਦ ਣਮੋਕਾਰ , ਜਾਪ ਬਿਨ ਣਾਪ ਦੇ ।
ਤ੍ਰਿਲੋਕ , ਤ੍ਰਿਮਾਨ , ਤ੍ਰਿਵੇਦੀ , ਤ੍ਰਿਪੁਰ , ਮਨੌਤ ਹਿੰਦ ਉਪਾਸ਼ਕ ਦੀ ।
ਥੀਸਿਸ , ਥੱਥਲਾ, ਥਾਵਰੀ, ਥਧਾਈ, ਦ੍ਰਿਸ਼ਟੀ ਜਾਣ ਜਾਂਦੀ ਜਾਗਸਿ ਦੀ ।
ਦਹੇਜ, ਦਲੀਲ, ਦਾਵਤ, ਦਲਾਲੀ, ਦੇਖ ਕੇ ਆਪਣੀ ਚਾਂਦਰ ਨੂੰ ।
ਧਰਮ , ਧੀਰਜ , ਧਿਆਨ , ਧਉਲਾ , ਵਧਾਉਂਦੇ ਸਾਡੇ ਆਦਰ ਨੂੰ ।
ਨਿੰਦਿਆ, ਨੱਠਣਾ, ਨਿਰਾਸ਼ਾ, ਨੀਚਤਾ, ਨਹੀ ਸੋਭਦਾ ਜਿੰਦਾ ਜਮੀਰਾਂ ਨੂੰ ।
ਪੰਜਾਬ , ਪੰਜਾਬੀ, ਪ੍ਰਸੰਸਾ , ਪ੍ਰਸਿੱਧੀ, ਕਿਸਮਤ ਵਾਲਿਆਂ ਨੂੰ ਰਾਸ ਹਨ ।
ਫਤਹਿ , ਫਜ਼ਲ , ਫਾਂਦਨੇ , ਫਰਜ਼ , ਹਰ ਦਮ ਮਿਲਦੇ ਪਾਸ ਹਨ ।
ਬੇਰੰਗੀ, ਬੰਜਰ, ਬੇਤਾਬੀ, ਬੇਕਾਬੂ, ਜਿੰਦਗੀ ਜਿਊਣਾਂ ਹੀ ਫਿਟਕਾਰ ਹੈ।
ਭ੍ਰਿਸ਼ਟ, ਭੈਰਵੀ, ਭਗੌੜਾ, ਭਿਖਾਰੀ, ਸਮਾਜ ਘੱਟ ਹੀ ਦੇਂਦਾ ਸਤਿਕਾਰ ਹੈ ।
ਮਲ੍ਹਮ, ਮਿਲਾਪ, ਮੁਆਫ਼ੀ, ਮੁਨਾਫਾ , ਮੱਘਦੇ ਹਿਰਦੇ ਠੰਡੇ ਕਰਦੇ ਹਨ ।
ਯੋਜਕ, ਯਾਚਨ, ਯੁਗਾਂਤ, ਯੁਗਾਦਿ, ਗਹਿਰੇ ਹਨ ਅਰਥ ਪੰਜਾਬੀ ਦੇ ।
ਰਸਕ, ਰਜ਼ਕ, ਰਣਕ , ਰਫੀਕ, ਬੇਅੰਤ ਅਮੀਰ ਬੋਲ ਨਵਾਬੀ ਦੇ ।
ਲਾਲਚੀ, ਲੁਟੇਰਾ, ਲੂਤੀਆ, ਲੋਭੀਆ, ਪਾਪ ਕਰਮ ਵੱਲ ਰਹਿੰਦਾ ਧਿਆਨ।
ਵਹਿਮ, ਵੇਸਵਾ, ਵਿਰੋਧੀ , ਵਿਵਾਦ, ਘੱਟ ਹੀ ਲਾਗਾ ਕਰਦੇ ਸੂਝਵਾਨ ।
ੜੁਡੰਗਾ, ੜੁੜਕੀ, ੜੜਤ, ਗੁੜ੍ਹਤੀ, ਮਨੁੱਖੀ ਚਹਿਰੇ ਮੁਸਕਰਾਉਂਦੇ ਹਨ ।
ਤਅਚਲਤ= ਤਿੰਨ ਅੱਖਰੀ ਚਾਰ ਲਫ਼ਜ ਲੋਕ ਤੱਥ

– ਅੰਮ੍ਰਿਤਪਾਲ ਸਿੰਘ ਧੁੰਨ
+91 8847634854

# ਬਾਲ ਗੀਤ (ਯੋਗ)

ਉੱਠੋ ਕਰੋ ਨਿੱਤ ਸੈਰ ਸਵੇਰੇ।
ਦਾਦਾ ਜੀ ਕਹਿੰਦੇ ਨੇ ਮੇਰੇ ।
ਸੂਰਜ ਚੜਨ ਤੋਂ ਪਹਿਲਾਂ ਉੱਠੋ,
ਆਲਸ ਬੱਚਿਓ ਦੂਰ ਭਜਾਓ।
ਰੋਗਮੁਕਤ ਹੋ ਜਾਊ ਸਰੀਰ,
ਯੋਗ ਨੂੰ ਜ਼ਿੰਦਗੀ ਵਿੱਚ ਅਪਣਾਓ ।

ਖਾਓ ਸਿਉ ,ਸੰਤਰਾ, ਅਨਾਰ ਮਸੱਮੀ।
ਗਰਮੀ ਦੇ ਵਿੱਚ ਪੀਓ ਬ੍ਰਹਮੀ।
ਸਭ ਤੋਂ ਬੇਹਤਰ ਨਿੰਬੂ ਪਾਣੀ ,
ਪੀ ਕੇ ਠੰਡ ਕਾਲਜੇ ਪਾਓ।
ਰੋਗਮੁਕਤ ਹੋ ਜਾਊ ਸਰੀਰ ,
ਯੋਗ ਨੂੰ ਜ਼ਿੰਦਗੀ ਵਿੱਚ ਅਪਣਾਓ ।

ਭਿਉ ਕੇ ਕੱਚੇ ਛੋਲੇ ਖਾਓ ।
ਫਾਸਟਫੂਡ ਨੂੰ ਮੂੰਹ ਨਾ ਲਾਓ।
ਹੈ ਚਾਹ ਕੌਫੀ ਵੀ ਹਾਨੀਕਾਰਕ,
ਦੁੱਧ ਪੀਣ ਦੀ ਆਦਤ ਪਾਓ ।
ਰੋਗਮੁਕਤ ਹੋ ਜਾਊ ਸਰੀਰ ,
ਯੋਗ ਨੂੰ ਜ਼ਿੰਦਗੀ ਵਿੱਚ ਅਪਣਾਓ ।

ਹੋ ਸਮਝਦਾਰ ਉਂਝ ਤੁਸੀਂ ਬਥੇਰੇ ।
ਕੁਦਰਤ ਦੇ ਵਿੱਚ ਗੁਣ ਨੇ ਜਿਹੜੇ ।
ਆਕਸੀਜਨ ਸਾਨੂੰ ਮੁੱਲ ਨਹੀਂ ਮਿਲਣੀ ,
"ਵੀਰਪਾਲ" ਘਰਾਂ ਵਿੱਚ ਰੁੱਖ ਲਗਾਓ ।
ਰੋਗਮੁਕਤ ਹੋ ਜਾਓ ਸਰੀਰ ,
ਯੋਗ ਨੂੰ ਜ਼ਿੰਦਗੀ ਵਿੱਚ ਅਪਣਾਓ ।



– ਵੀਰਪਾਲ ਕੌਰ
ਭੱਠਲ
91- 97810-13953

# ਗ਼ਜ਼ਲ

ਵਿਹਾਰ ਪਰਾਇਆ ਵਰਗਾ ਅੱਜਕਲ
ਆਪਣਿਆਂ ਸੰਗ ਕਰਦੇ ਲੋਕ।
ਅਜਨਬੀਆਂ ਸੰਗ ਦੋਸਤੀਆਂ ਪਰ
ਘਰਦਿਆਂ ਕੋਲੋਂ ਡਰਦੇ ਲੋਕ।

ਸੱਸ, ਬਹੂ ਤੇ ਮੁੰਡੇ , ਕੁੜੀਆਂ
ਸਾਰੇ ਮਸਤ ਮੁਬਾਈਲਾਂ ਤੇ,
ਏਧਰ ਓਧਰ ਚੈਟਿੰਗ ਵੈਟਿੰਗ
ਕਰਦੇ, ਭੁੱਲਕੇ ਘਰ ਦੇ ਲੋਕ।

ਮੋਹ ,ਮੁਹੱਬਤ, ਰਿਸ਼ਤੇ- ਨਾਤੇ,
ਹੋ ਗਏ ਜਿਵੇਂ ਅਲੋਪ ਕਿਤੇ,
ਵੇਖਾ -ਵੇਖੀ ਉਤੋਂ- ਉਤੋਂ
ਬੜਾ ਸੁਆਗਤ ਕਰਦੇ ਲੋਕ।

'ਜੀਅ ਆਇਆਂ ਨੂੰ' ਬੂਹੇ ਉੱਤੇ
ਲਿਖਿਆ ਭਾਵੇਂ ਬਹੁਰੰਗਾ,
ਨਕਲੀ ਹਾਸਾ, ਮਿੱਠੀ ਬੋਲੀ,
ਬੰਦ ਰੱਖਦੇ ਭਿੱਤ ਦਰ ਦੇ ਲੋਕ ।

ਮਰਨੋਂ ਡਰ ਕੇ ਅੱਖਾਂ, ਕੰਨ,
ਜ਼ਬਾਨਾਂ ਰੱਖਦੇ ਬੰਦ ਬੜੇ
ਉਂਝ ਬਥੇਰੇ ਮਾਰ ਜ਼ਮੀਰਾਂ
ਆਥਣ ਉਂਗਣ ਮਰਦੇ ਲੋਕ।

ਨੱਕ ਰਗੜਦੇ ਪੱਥਰਾਂ ਅੱਗੇ,
ਅਗਲਾ ਜਨਮ ਸੁਆਰਨ ਨੂੰ
ਏਸ ਜਨਮ ਵਿਚ 'ਲਾਲ' ਵਿਚਾਰੇ
ਵੇਖੇ ਦੋਜਖ ਭਰਦੇ ਲੋਕ।

– ਲਾਲ ਸਿੰਘ ਸੁਲਹਾਣੀ
91-98721-55120

# ਗ਼ਜ਼ਲ

ਭੁੱਲਦੇ ਨਹੀਂਓ ਬੀਤੇ ਬਚਪਨ ਦੇ ਦਿਨ ਚਾਰ।
ਫ਼ਿਕਰ ਨਾ ਫ਼ਾਕਾ ਮਾਂ, ਪਿਓ ਗੋਦੀ ਵਿਚਕਾਰ।

ਮਾਂ, ਪਿਓ ਤੋਂ ਉਚਾ-ਸੁੱਚਾ ਨਹੀਂ ਕੋਈ ਰਿਸ਼ਤਾ,
ਜਿੰਦ ਜਾਨ ਕਰਦੇ ਉਹ ਬੱਚਿਆਂ ਤੋਂ ਨਿਉਸ਼ਾਰ।

ਬਹੁਤੇ ਰਿਸ਼ਤੇ ਨਾਤੇ ਬਣ ਜਾਂਦੇ ਨੇ ਜਨਮ ਤੋਂ ,
ਹੋਰ ਜੋ ਵੀ ਆ ਜੁੜਦੇ ਨਿਭਦੇ ਨਾਲ ਇਕਰਾਰ।

ਮਤਲਬ ਦਾ ਮੋਹ, ਪਿਆਰ ਟੁੱਟ-ਫੁੱਟ ਜਾਂਦਾ,
ਪੈ ਜਾਂਦੀ ਫਿਰ ਚੰਗੇ ਰਿਸ਼ਤਿਆਂ ਵਿੱਚ ਦਰਾਰ ।

ਹਰ ਪੜਾਅ ਤੇ ਮਿਲ ਜਾਂਦੇ ਕੁਝ ਨਾ ਕੁਝ ਲੋਕ,
ਸਾਂਝਾਂ ਵਿੱਚੋਂ ਹੀ ਨਿਕਲਦੇ ਨੇ ਕੱਚੇ-ਪੱਕੇ ਯਾਰ ।

ਸੁੱਖ, ਦੁੱਖ ਵਿੱਚ ਤੇ ਹਰ ਵਕਤ ਜੋ ਦਿੰਦੇ ਸਾਥ,
ਹੋ ਜਾਂਦੀ ਪਹਿਚਾਣ ਤੇ ਪਰਖ ਨਾਲ ਵਿਵਹਾਰ।

ਨਾਜ਼ਕ ਤੇ ਕੱਚੀ ਜਿਹੀ ਤੰਦ ਹੈ ਰਿਸ਼ਤਿਆਂ ਦੀ,
ਇਹਦਾ ਸੂਤ ਕੱਤ ਹੁੰਦਾ ਰੱਖ ਕੇ ਕੋਈ ਮਿਆਰ ।

# ਮਾਰ ਹੰਭਲਾ

ਮਾਰ ਹੰਭਲਾ ਤੇ ਕਰ ਦਿਓ ਕਮਾਲ ਕਿਰਤੀਓ ।
ਲੁੱਟ ੨ ਲੀਡਰਾਂ ਕੀਤਾ ਦੇਸ਼ ਕੰਗਾਲ ਕਿਰਤੀਓ ।
ਬਿਨ ਹੰਭਲੇ ਤੋਂ ਨਾ ਹੋਣਾ ਹੈ ਸੰਭਾਲ਼ ਕਿਰਤੀਓ ।
ਮਾਰ ਹੰਭਲਾ ਤੇ ਕਰ ਦਿਓ ਕਮਾਲ ਕਿਰਤੀਓ ।

ਅਜ਼ਾਦੀ ਵੇਲੇ ਹੰਭਲਾ ਸੂਰ-ਬੀਰਾਂ ਨੇ ਮਾਰਿਆ,
ਹੱਸ ੨ ਚੁੰਮੇ ਫੰਦੇ ਤੇ ਦਿਲ ਫਾਂਸੀ ਦਾ ਠਾਰਿਆ ।
ਤੁਰੀ ਵਿਦੇਸ਼ ਤੋਂ ਸੀ ਗ਼ਦਰ ਮਸ਼ਾਲ ਕਿਰਤੀਓ ,
ਮਾਰ ਹੰਭਲਾ ਤੇ ਕਰ ਦਿਓ ਕਮਾਲ ਕਿਰਤੀਓ ।

ਭੁੱਖਮਰੀ ਆਉਣ ਤੇ ਕਿਸਾਨ ਹੰਭਲਾ ਮਾਰਿਆ,
ਪੈਦਾ ਕਰ ਅਨਾਜ ਢਿੱਡ ਦੇਸ਼ ਦਾ ਸੀ ਪਾਲਿਆ ।
ਲੰਗਰ ਲਾ ਕੇ ਇਹ ਹੁੰਦਾ ਦੇ ਦਿਆਲ ਕਿਰਤੀਓ,
ਮਾਰ ਹੰਭਲਾ ਤੇ ਕਰ ਦਿਓ ਕਮਾਲ ਕਿਰਤੀਓ ।

ਆਫ਼ਤ ਵੇਲੇ ਪੁੱਤਰ ਤੇਰੇ ਬਾਰਡਰਾਂ ਤੇ ਖੜਦੇ,
ਉਹ ਲੈਂਦੇ ਲੋਹਾ ਵੈਰੀ ਨਾਲ ਤੇ ਰੱਖਿਆ ਕਰਦੇ ।
ਬਰਫ਼ੀਲੇ ਪਰਬਤਾਂ ਤੇ ਹੋਣ ਬੇਹਾਲ ਕਿਰਤੀਓ,
ਮਾਰ ਹੰਭਲਾ ਤੇ ਕਰ ਦਿਓ ਕਮਾਲ ਕਿਰਤੀਓ ।

ਈਸਟ ਇੰਡੀਆ ਕੰ: ਲੈ ਕੇ ਗੋਰਾ ਆਇਆ ਸੀ,
ਵਪਾਰ ਬਹਾਨੇ ਉਹਨੇ ਦੇਸ਼ ਹਥਿਆਇਆ ਸੀ ।
ਗੁਲਾਮ ਰੱਖ ਕੀਤਾ ਸੀ ਬੁਰਾ ਹਾਲ ਕਿਰਤੀਓ,
ਮਾਰ ਹੰਭਲਾ ਤੇ ਕਰ ਦਿਓ ਕਮਾਲ ਕਿਰਤੀਓ ।

ਕਾਰਪੋਰੇਟਾਂ ਕਰਾ ਲੈਣੀ ਦੇਸ਼ ਸੰਪਤੀ ਨਾਮ ਹੈ,
ਇਹ ਨੇ ਵਪਾਰੀ ਕਰਨਾ ਵੇਚ ਦੇਸ਼ ਗੁਲਾਮ ਹੈ ।
ਹੁਣ ਹੋ ਸਾਰੇ ਇਕਠੇ ਕਰੋ ਖਿਆਲ ਕਿਰਤੀਓ,
ਮਾਰ ਹੰਭਲਾ ਤੇ ਕਰ ਦਿਓ ਕਮਾਲ ਕਿਰਤੀਓ ।

ਰਬਿੰਦਰ ਸ਼ਰਮਾ
91-98146-67682



# ਗ਼ਜ਼ਲ

ਨਾ ਜ਼ੁਲਫਾਂ , ਰੁਖਸਾਰਾਂ ਦੀ ਕਰ।
ਗੱਲ ਤੀਰਾਂ, ਤਲਵਾਰਾਂ ਦੀ ਕਰ।

ਸੱਸੀ ਸੋਹਣੀ ਹੀਰਾਂ ਦੀ ਛੱਡ,
ਗੱਲ ਚੰਡੀ ਦੀਆਂ ਵਾਰਾਂ ਦੀ ਕਰ।

ਜਵਾਂ ਮਰਦ ਮਰਦਾਨੇ ਦੀ ਕਰ
ਗੱਲ ਬੁੱਧੂ ਘੁਮਿਆਰਾਂ ਦੀ ਕਰ।

ਸਾਕਾ ਛੇੜ ਅਨੰਦਗੜ੍ਹੀ ਦਾ,
ਗੱਲ ਸਰਹਿੰਦ ਦੀਵਾਰਾਂ ਦੀ ਕਰ।

ਸੀਸ ਗੰਜ ਨੂੰ ਭੁਲ ਨਾ ਜਾਵੀਂ
ਜੈਤੇ ਦੇ ਉਪਕਾਰਾਂ ਦੀ ਕਰ।

ਲੜਦੇ ਭੁੱਖਣ -ਭਾਣੇ ਅਣਖੀ,
ਚਾਲੀ ਸ਼ਾਹ ਅਸਵਾਰਾਂ ਦੀ ਕਰ।

ਕੁਰਬਾਨ ਹੋਏ ਚਹੁੰ ਪੁੱਤਾਂ ਦੀ ,
ਗੱਲ ਜੀਵਤ ਕਈ ਹਜ਼ਾਰਾਂ ਦੀ ਕਰ।

ਕਿੱਸਾ ਛੋਹ ਕੋਈ ਬੀਰ ਸਿੰਘ ਦਾ
ਗੱਲ ਨਲੂਏ ਸਰਦਾਰਾਂ ਦੀ ਕਰ।

ਚਰਖੜੀਆਂ, ਆਰੇ ਤੇ ਰੰਬੀਆਂ
ਨੇਜੇ ,ਤੇਜ਼ ਕਟਾਰਾਂ ਦੀ ਕਰ।

ਖੂਨ ਪੀਣੀਆਂ ਜੋਕਾਂ ਦੀ, ਗੱਲ,
ਦੋਗਲਿਆਂ ਕਿਰਦਾਰਾਂ ਦੀ ਕਰ।

ਠੰਡੇ ਹੋਏ ਚੁੱਲਿਆਂ ਦੀ ਜਾਂ
ਗੱਲ ਉੱਜੜੇ ਪਰਵਾਰਾਂ ਦੀ ਕਰ।

ਹੱਕ ਮੰਗਦੇ ਕਿਰਸਾਨਾਂ ਦੀ ਗੱਲ
ਨਿਤ ਪੈਂਦੀਆਂ ਮਾਰਾਂ ਦੀ ਕਰ

ਕਰ 'ਲਾਲ' ਮਜ਼ਲੂਮਾਂ ਦੀ ਗੱਲ
ਜਾਂ ਲੋਟੂ ਸਰਕਾਰਾਂ ਦੀ ਕਰ।

# ਤੋਹਫੇ ਦਿਤੇ

ਤੋਹਫੇ ਦਿਤੇ ਜੱਗ 'ਤੇ ਤਮਾਮ ਮੇਰੇ ਮਾਲਕਾ ।
ਤੈਨੂੰ ਸਾਡਾ ਸਿੱਜਦਾ ਸਲਾਮ ਮੇਰੇ ਮਾਲਕਾ ।

ਬਖਸ਼ੀਆਂ ਸਾਨੂੰ ਬੇਸ਼ਕੀਮਤੀ ਅਮਾਨਤਾਂ।
ਦੂਰ ਰੱਖੀਂ ਦਾਤਾ ਸੱਭ ਭੈੜੀਆਂ ਅਲਾਮਤਾਂ ।
ਹੋਣ ਸੱਤੇ ਖੈਰਾਂ ਸੁਬਾਹ ਸ਼ਾਮ ਮੇਰੇ ਮਾਲਕਾ ।
ਤੈਨੂੰ ਸਾਡਾ ਸਿੱਜਦਾ ਸਲਾਮ ਮੇਰੇ ਮਾਲਕਾ ।

ਪਿਆਰ ਦੀ ਸੌਗਾਤ ਹਰ ਵੇਲੇ ਸੱਭ ਥਾਈਂ ਮਿਲੇ।
ਸ਼ੁਧ ਹਵਾ, ਪਾਣੀ ਤੇ ਖੁਰਾਕ ਸੱਭ ਤਾਈਂ ਮਿਲੇ।
ਹੋਵੇ ਨਾ ਕੋਈ ਦਾਸ ਤੇ ਗੁਲਾਮ ਮੇਰੇ ਮਾਲਕਾ ।
ਤੈਨੂੰ ਸਾਡਾ ਸਿੱਜਦਾ ਸਲਾਮ ਮੇਰੇ ਮਾਲਕਾ ।

ਡਰ, ਦੁੱਖ , ਚਿੰਤਾ ਨਾ ਹੋਵੇ ਸੰਸਾਰ ਤੇ।
ਝਪਟੇ ਨਾ ਬਾਜ ਕੋਈ, ਘੁੱਗੀਆਂ ਦੀ ਡਾਰ ਤੇ।
ਮਿਲੇ ਸਦਾ ਪਿਆਰ ਦਾ ਪੈਗਾਮ ਮੇਰੇ ਮਾਲਕਾ ।
ਤੈਨੂੰ ਸਾਡਾ ਸਿੱਜਦਾ ਸਲਾਮ ਮੇਰੇ ਮਾਲਕਾ ।

'ਲਾਲ ਸੁਲਹਾਣੀ' ਐਸਾ ਉੱਤਮ ਸਮਾਜ ਹੋਵੇ।
ਮਿੱਠਤ ਹਲੇਮੀ ਵਾਲਾ ਦੁਨੀਆਂ ਤੇ ਰਾਜ ਹੋਵੇ।
ਹੋਵੇ ਐਸਾ ਜੱਗ ਤੇ ਨਿਜ਼ਾਮ ਮੇਰੇ ਮਾਲਕਾ ।
ਤੈਨੂੰ ਸਾਡਾ ਸਿੱਜਦਾ ਸਲਾਮ ਮੇਰੇ ਮਾਲਕਾ ।



ਲਾਲ ਸਿੰਘ ਸੁਲਹਾਣੀ
91-98721-55120


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop